Watch
PUNJAB MAIL USA
TV Channel
On IP box, App, Website
For Advertisment
916-320-9444

A Voice of NRI's
ਸੈਕਰਾਮੈਂਟੋ ਤੋਂ ਪ੍ਰਕਾਸ਼ਤ ਹੋਣ ਵਾਲਾ ਪਹਿਲਾ ਪੰਜਾਬੀ ਅਖ਼ਬਾਰ
ਯੂ. ਐੱਸ. ਏ.

# ਪੰਜਾਬ ਮੇਲ

Chief Editor: Gurjatinder Singh Randhawa
Punjab Mail USA

REALTYONEGROUP

FOR SALE & PURCHASE OF ANY KIND OF PROPERTY
ਕੈਲੀਫੋਰਨੀਆ ਵਿਚ ਘਰ ਖਰੀਦਣ ਲਈ ਸੰਪਰਕ ਕਰੋ।
Gurjatinder S. Randhawa
REALTOR
916-320-9444

Vol. 17, Issue- 749, 11 to 17 May, 2023, Ph: 916-320-9444, E-mail: punjabmailusa@yahoo.com, Web: punjabmailusa.com

## ਜਲੰਧਰ ਜ਼ਿਮਨੀ ਚੋਣ: ਉਮੀਦਵਾਰਾਂ ਦੀ ਕਿਸਮਤ ਵੋਟਿੰਗ ਮਸ਼ੀਨਾਂ 'ਚ ਬੰਦ

ਜਲੰਧਰ, (ਪੰਜਾਬ ਮੇਲ)- ਲੋਕ ਸਭਾ ਹਲਕਾ ਜਲੰਧਰ ਦੀ ਜ਼ਿਮਨੀ ਚੋਣ ਲਈ ਵੋਟਾਂ ਦਾ ਪੈਣ ਦਾ ਕੰਮ ਸਖਤ ਸੁਰੱਖਿਆ ਹੇਠ ਮੁਕੰਮਲ ਕਰ ਲਿਆ ਗਿਆ ਹੈ। ਪ੍ਰਸ਼ਾਸਨ ਨੇ ਚੋਣ ਪ੍ਰਕਿਰਿਆ ਸ਼ਾਂਤਮਈ ਢੰਗ ਨਾਲ ਸਿਰੇ ਚੜ੍ਹਾਉਣ ਲਈ ਪੋਲਿੰਗ ਬੂਥਾਂ 'ਤੇ 8 ਹਜ਼ਾਰ ਦੇ ਕਰੀਬ ਪੁਲਿਸ ਮੁਲਾਜ਼ਮ ਅਤੇ ਅਧਿਕਾਰੀ ਤਾਇਨਾਤ ਕੀਤੇ ਸਨ। ਇਸ ਲੋਕ ਸਭਾ ਹਲਕੇ ਅਧੀਨ 9 ਵਿਧਾਨ ਸਭਾ ਹਲਕੇ ਹਨ, ਜਿਨ੍ਹਾਂ ਵਿਚ ਜਲੰਧਰ ਨਾਰਥ, ਵੈਸਟ, ਸੈਂਟਰਲ, ਕੈਂਟ, ਆਦਮਪੁਰ, ਕਰਤਾਰਪੁਰ, ਫਿਲੌਰ, ਨਕੋਦਰ ਅਤੇ ਸ਼ਾਹਕੋਟ ਸ਼ਾਮਲ ਹਨ। ਮੁੱਖ ਚੋਣ ਅਧਿਕਾਰੀ ਮੁਤਾਬਕ 19 ਉਮੀਦਵਾਰਾਂ ਵਿਚੋਂ 3 ਕੌਮੀ ਪਾਰਟੀਆਂ ਦੇ, 1 ਸੂਬਾਈ ਪਾਰਟੀ ਤੋਂ, 7 ਗੈਰ ਮਾਨਤਾ ਪ੍ਰਾਪਤ ਪਾਰਟੀਆਂ ਤੋਂ, ਜਦਕਿ 8 ਆਜ਼ਾਦ ਉਮੀਦਵਾਰ ਹਨ। ਉਨ੍ਹਾਂ ਕਿਹਾ ਕਿ ਚੋਣ ਲੜ ਰਹੇ ਪੰਜ ਉਮੀਦਵਾਰ

**■ ਨਤੀਜੇ 13 ਮਈ ਨੂੰ ■ ਚੋਣ 'ਚ 19 ਉਮੀਦਵਾਰ ਅਜ਼ਮਾ ਰਹੇ ਨੇ ਕਿਸਮਤ**


ਕਰਮਜੀਤ ਕੌਰ ਚੌਧਰੀ (ਕਾਂਗਰਸ)


ਸੁਸ਼ੀਲ ਕੁਮਾਰ ਰਿੰਕੂ (ਆਪ)


ਡਾ. ਸੁਖਵਿੰਦਰ ਕੁਮਾਰ ਸੁੱਖੀ (ਅਕਾਲੀ ਦਲ-ਬਸਪਾ)


ਇੰਦਰ ਇਕਬਾਲ ਸਿੰਘ ਅਟਵਾਲ (ਬੀਜੇਪੀ)


ਅਪਰਾਧਿਕ ਪਿਛੋਕੜ ਵਾਲੇ ਹਨ। ਹਲਕੇ ਵਿਚ 16,21,800 ਵੋਟਰ ਹਨ ਅਤੇ ਇਸ ਹਲਕੇ ਤੋਂ ਚੋਣ ਮੈਦਾਨ ਵਿਚ ਕੁੱਲ 19 ਉਮੀਦਵਾਰ ਆਪਣੀ ਕਿਸਮਤ ਅਜ਼ਮਾਉਣ ਲਈ ਚੋਣ ਮੈਦਾਨ ਵਿਚ ਨਿੱਤਰੇ ਸਨ। 1972 ਪੋਲਿੰਗ ਬੂਥਾਂ 'ਤੇ ਵੋਟਾਂ ਪੈਣ ਦਾ ਕੰਮ ਹੋਇਆ। 3600 ਤੋਂ ਅਰਧ ਸੈਨਿਕ ਬਲ, ਆਰਮਡ ਫੋਰਸ ਅਤੇ ਪੰਜਾਬ ਪੁਲਿਸ ਦੇ ਮੁਲਾਜ਼ਮ ਵੱਖ-ਵੱਖ ਖੇਤਰਾਂ 'ਚ ਅਮਨ-ਕਾਨੂੰਨ ਦੀ ਵਿਵਸਥਾ ਬਣਾਈ ਰੱਖਣ ਲਈ ਤਾਇਨਾਤ ਕੀਤੇ ਗਏ ਸਨ। ਸਵੇਰੇ 8 ਵਜੇ ਸ਼ੁਰੂ ਹੋਈਆਂ ਵੋਟਾਂ ਸ਼ਾਮ 6 ਵਜੇ ਤੱਕ ਨਿਰੰਤਰ ਚੱਲਦੀਆਂ ਰਹੀਆਂ। ਕਿਸੇ ਬੂਥ ਤੇ ਘੱਟ ਅਤੇ ਕਿਸੇ ਬੂਥ 'ਤੇ ਵੱਧ ਵੋਟਰ ਦੇਖਣ ਨੂੰ ਮਿਲੇ। ਕੁੱਝ ਹਲਕਿਆਂ ਵਿਚ ਸਵੇਰੇ ਵੋਟ ਪਾਉਣ

■ ਬਾਕੀ ਖਬਰ ਸਫਾ 14 'ਤੇ

## ਇਮਰਾਨ ਖਾਨ ਦੀ ਗ੍ਰਿਫ਼ਤਾਰੀ ਮਗਰੋਂ ਵੱਖ-ਵੱਖ ਥਾਵਾਂ 'ਤੇ ਹਿੰਸਕ ਪ੍ਰਦਰਸ਼ਨ

ਇਸਲਾਮਾਬਾਦ/ਲਾਹੌਰ, (ਪੰਜਾਬ ਮੇਲ)- ਇਮਰਾਨ ਖ਼ਾਨ ਦੀ ਗ੍ਰਿਫ਼ਤਾਰੀ ਮਗਰੋਂ ਉਨ੍ਹਾਂ ਦੇ ਹਮਾਇਤੀ ਵੱਖ-ਵੱਖ ਸ਼ਹਿਰਾਂ ਵਿਚ ਸੜਕਾਂ 'ਤੇ ਉੱਤਰ ਆਏ ਤੇ ਇਨ੍ਹਾਂ ਪ੍ਰਦਰਸ਼ਨਾਂ ਨੇ ਹੌਲੀ-ਹੌਲੀ ਹਿੰਸਕ ਰੂਪ ਧਾਰ ਲਿਆ। ਇਸ ਦੌਰਾਨ ਕਈ ਪ੍ਰਦਰਸ਼ਨਕਾਰੀਆਂ ਦੀ ਪੁਲਿਸ ਦੀ ਗੋਲੀ ਨਾਲ ਮੌਤ ਹੋਣ ਤੇ ਜ਼ਖ਼ਮੀ ਹੋਣ ਦੀਆਂ ਰਿਪੋਰਟਾਂ ਹਨ। ਪਾਰਟੀ ਵਰਕਰ ਕਰਾਚੀ, ਪਿਸ਼ਾਵਰ ਤੇ ਲਾਹੌਰ ਸਥਿਤ ਪਾਕਿਸਤਾਨ ਤਹਿਰੀਕ-ਏ-ਇਨਸਾਫ਼ ਦੇ ਮੁੱਖ ਦਫ਼ਤਰਾਂ 'ਇਨਸਾਫ਼ ਹਾਊਸ' ਵਿਚ ਇਕੱਤਰ ਹੋ ਗਏ। ਰਾਵਲਪਿੰਡੀ ਤੇ ਇਸਲਾਮਾਬਾਦ ਵਿਚ ਵੀ ਲੋਕ ਸੜਕਾਂ 'ਤੇ ਨਿਕਲ ਆਏ। ਖ਼ਾਨ ਦੇ ਸਮਰਥਕ ਰਾਵਲਪਿੰਡੀ ਸਥਿਤ ਪਾਕਿਸਤਾਨ ਫੌਜ ਦੇ ਹੈੱਡਕੁਆਰਟਰ ਤੇ ਲਾਹੌਰ ਵਿਚ ਕੋਰ ਕਮਾਂਡਰਾਂ ਦੀ ਰਿਹਾਇਸ਼ ਵਿਚ ਦਾਖ਼ਲ ਹੋ ਗਏ।

**■ ਪੈਰਾਮਿਲਟਰੀ ਰੇਂਜਰਜ਼ ਵੱਲੋਂ ਇਸਲਾਮਾਬਾਦ ਹਾਈ ਕੋਰਟ ਦੇ ਬਾਹਰੋਂ ਕੀਤਾ ਗਿਆ ਸੀ ਗ੍ਰਿਫ਼ਤਾਰ**




ਇਮਰਾਨ ਖਾਨ ਨੂੰ ਗ੍ਰਿਫ਼ਤਾਰ ਕਰਕੇ ਲਿਜਾਂਦੇ ਹੋਏ ਪਾਕਿਸਤਾਨੀ ਰੇਂਜਰਜ਼। (ਸੱਜੇ) ਭੜਕੇ ਲੋਕਾਂ ਵੱਲੋਂ ਲਗਾਈ ਗਈ ਅੱਗ ਤੇ ਉਠਦਾ ਧੂੰਆਂ।

ਹੈੱਡਕੁਆਰਟਰ 'ਤੇ ਬੋਲੇ ਧਾਵੇ ਦੌਰਾਨ ਉਥੇ ਮੌਜੂਦਾ ਸਲਾਮਤੀ ਦਸਤਿਆਂ ਨੇ ਜ਼ਾਬਤੇ ਨਾਲ ਕੰਮ ਲਿਆ। ਪ੍ਰਦਰਸ਼ਨਕਾਰੀਆਂ ਨੇ ਸ਼ਾਹਬਾਜ਼ ਸਰਕਾਰ ਖਿਲਾਫ਼ ਨਾਅਰੇਬਾਜ਼ੀ ਕੀਤੀ। ਉਧਰ ਕੋਰ ਕਮਾਂਡਰ ਲਾਹੌਰ ਦੀ ਰਿਹਾਇਸ਼ ਵਿਚ ਵੜੇ ਪੀ.ਟੀ.ਆਈ. ਵਰਕਰਾਂ ਨੇ ਭੰਨ-ਤੋੜ ਕੀਤੀ। ਡਿਊਟੀ 'ਤੇ ਮੌਜੂਦ ਫੌਜ ਦੇ ਅਮਲੇ ਨੇ ਪ੍ਰਦਰਸ਼ਨਕਾਰੀਆਂ ਨੂੰ ਰੋਕਣ

■ ਬਾਕੀ ਖਬਰ ਸਫਾ 14 'ਤੇ

## ਗੈਰਕਾਨੂੰਨੀ ਪ੍ਰਵਾਸੀਆਂ ਨੂੰ ਰੋਕਣ ਲਈ ਅਮਰੀਕਾ ਵੱਲੋਂ ਮੈਕਸੀਕੋ ਸਰਹੱਦ 'ਤੇ ਫੌਜ ਤਾਇਨਾਤ

ਵਾਸ਼ਿੰਗਟਨ, (ਪੰਜਾਬ ਮੇਲ)- ਗੈਰਕਾਨੂੰਨੀ ਪ੍ਰਵਾਸੀਆਂ ਦੀ ਅੰਨ੍ਹੇਵਾਹ ਆਮਦ ਨੂੰ ਵੇਖਦਿਆਂ ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡਨ ਵੱਲੋਂ ਮੈਕਸੀਕੋ ਦੀ ਸਰਹੱਦ 'ਤੇ ਫੌਜ ਤਾਇਨਾਤ ਕਰਨ ਦੇ ਹੁਕਮ ਦਿੱਤੇ ਗਏ ਹਨ। ਅਮਰੀਕਾ ਵਿਚ 11 ਮਈ ਤੋਂ ਕੋਰੋਨਾ ਮਹਾਂਮਾਰੀ ਨਾਲ ਸਬੰਧਤ ਸਾਰੀਆਂ ਬੰਦਿਸ਼ਾਂ ਖ਼ਤਮ ਹੋ ਰਹੀਆਂ ਹਨ, ਜਿਸ ਮਗਰੋਂ ਮੁਲਕ ਦੀ ਦੱਖਣੀ ਸਰਹੱਦ ਤੋਂ ਗੈਰਕਾਨੂੰਨੀ ਪ੍ਰਵਾਸ ਵਿਚ ਤੇਜ਼ ਵਾਧਾ ਹੋ ਸਕਦਾ ਹੈ। ਰਾਸ਼ਟਰਪਤੀ ਦੇ ਤਾਜ਼ਾ ਹੁਕਮਾਂ ਤਹਿਤ 90 ਦਿਨ ਦੇ ਸਮੇਂ ਵਾਸਤੇ




ਡੇਢ ਹਜ਼ਾਰ ਫੌਜੀ ਮੈਕਸੀਕੋ ਦੀ ਸਰਹੱਦ 'ਤੇ ਤਾਇਨਾਤ ਕੀਤੇ ਜਾਣਗੇ, ਜਿਨ੍ਹਾਂ ਨੂੰ ਲਾਅ ਇਨਫੋਰਸਮੈਂਟ ਦੀ ਜ਼ਿੰਮੇਵਾਰੀ ਤੋਂ ਦੂਰ ਰੱਖਿਆ ਗਿਆ ਹੈ।

## ਭਾਈ ਪਰਮਜੀਤ ਸਿੰਘ ਪੰਜਵੜ ਦੇ ਸ਼ਰਧਾਂਜਲੀ ਸਮਾਗਮਾਂ ਮੌਕੇ ਪਹੁੰਚਣ ਦੀ ਅਪੀਲ

ਫਰੀਮਾਂਟ, (ਪੰਜਾਬ ਮੇਲ)- ਖਾਲਿਸਤਾਨ ਕਮਾਂਡੋ ਫੋਰਸ ਦੇ ਮੁਖੀ ਭਾਈ ਪਰਮਜੀਤ ਸਿੰਘ ਪੰਜਵੜ ਨੂੰ ਪਿਛਲੇ ਦਿਨੀਂ ਪਾਕਿਸਤਾਨ ਦੇ ਲਾਹੌਰ ਸ਼ਹਿਰ ਵਿਚ ਕੁੱਝ ਅਣਪਛਾਤੇ ਵਿਅਕਤੀਆਂ ਵੱਲੋਂ ਗੋਲੀਆਂ ਮਾਰ ਕੇ ਸ਼ਹੀਦ ਕਰ ਦਿੱਤਾ ਗਿਆ ਸੀ, ਜਿਸ ਦੇ ਲਈ ਉਨ੍ਹਾਂ ਦੀ ਆਤਮਿਕ ਸ਼ਾਂਤੀ ਲਈ ਅਤੇ ਸ਼ਰਧਾਂਜਲੀਆਂ ਦੇਣ ਲਈ ਵੱਖ-ਵੱਖ ਅਸਥਾਨਾਂ 'ਤੇ ਸਮਾਗਮ ਕੀਤੇ ਜਾ ਰਹੇ ਹਨ। ਇਸ ਬਾਰੇ ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕੋਆਰਡੀਨੇਟਰ ਡਾ. ਪ੍ਰਿਤਪਾਲ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਵਿਖੇ 12 ਮਈ, ਦਿਨ ਸ਼ੁਕਰਵਾਰ ਨੂੰ ਸ੍ਰੀ ਅਖੰਡ ਪਾਠ

**■ 14 ਮਈ, ਦਿਨ ਐਤਵਾਰ ਨੂੰ ਗੁਰਦੁਆਰਾ ਸਾਹਿਬ ਫਰੀਮਾਂਟ, ਕੈਲੀਫੋਰਨੀਆ ਵਿਖੇ ਪਾਏ ਜਾਣਗੇ ਸਹਿਜ ਪਾਠ ਦੇ ਭੋਗ**



ਸਾਹਿਬ ਦੇ ਭੋਗ ਪਾਏ ਜਾਣਗੇ। ਉਪਰੰਤ ਕੀਰਤਨ ਦਰਬਾਰ ਹੋਵੇਗਾ ਅਤੇ ਸ਼ਰਧਾਂਜਲੀਆਂ ਭੇਂਟ ਕੀਤੀਆਂ ਜਾਣਗੀਆਂ।

14 ਮਈ, ਦਿਨ ਐਤਵਾਰ ਨੂੰ ਗੁਰਦੁਆਰਾ ਸਾਹਿਬ ਫਰੀਮਾਂਟ, ਕੈਲੀਫੋਰਨੀਆ ਵਿਖੇ ਸਹਿਜ ਪਾਠ ਦੇ ਭੋਗ ਪਾਏ ਜਾਣਗੇ। ਉਪਰੰਤ ਕੀਰਤਨ ਦਰਬਾਰ ਹੋਵੇਗਾ। ਕੈਲੀਫੋਰਨੀਆ ਦੇ ਵੱਖ-ਵੱਖ ਗੁਰੂਘਰਾਂ ਦੀਆਂ ਕਮੇਟੀਆਂ ਅਤੇ ਪੰਥਕ ਆਗੂਆਂ ਵੱਲੋਂ ਭਾਈ ਪਰਮਜੀਤ ਸਿੰਘ ਪੰਜਵੜ ਨੂੰ ਸ਼ਰਧਾਂਜਲੀਆਂ ਭੇਂਟ ਕੀਤੀਆਂ ਜਾਣਗੀਆਂ। 15 ਮਈ, ਦਿਨ ਸੋਮਵਾਰ ਨੂੰ ਭਾਈ ਸਾਹਿਬ ਦੇ ਪਿੰਡ ਪੰਜਵੜ, ਜ਼ਿਲ੍ਹਾ ਤਰਨ ਤਾਰਨ ਸਾਹਿਬ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਜਾਣਗੇ। ਉਪਰੰਤ ਸ਼ਰਧਾਂਜਲੀ ਸਮਾਰੋਹ ਹੋਵੇਗਾ। ਡਾ. ਪ੍ਰਿਤਪਾਲ ਸਿੰਘ ਨੇ ਦੱਸਿਆ ਕਿ ਭਾਈ ਪਰਮਜੀਤ ਸਿੰਘ ਪੰਜਵੜ ਨੂੰ ਪੰਥ ਦੇ ਦੁਸ਼ਮਣਾਂ ਨੇ ਗੋਲੀਆਂ ਮਰਵਾ ਕੇ ਸ਼ਹੀਦ ਕਰਵਾ ਦਿੱਤਾ। ਭਾਈ ਪਰਮਜੀਤ ਸਿੰਘ ਪੰਜਵੜ ਕੌਮ ਦੀ ਆਜ਼ਾਦੀ ਦੇ ਮਿਸ਼ਨ ਲਈ ਆਪਣਾ ਜੀਵਨ ਲੇਖੇ ਲਾ ਕੇ ਸ਼ਹੀਦੀ ਦਾ ਜਾਮ ਪੀ ਗਏ ਹਨ। ਡਾ. ਪ੍ਰਿਤਪਾਲ ਸਿੰਘ ਨੇ ਸਮੁੱਚੀ ਸਿੱਖ ਸਭਾਵਾਂ ਅਤੇ ਗੁਰੂਘਰਾਂ ਦੀਆਂ ਕਮੇਟੀਆਂ ਨੂੰ ਭਾਈ ਪਰਮਜੀਤ ਸਿੰਘ ਪੰਜਵੜ ਦੇ ਸ਼ਹੀਦੀ ਸਮਾਗਮਾਂ ਮੌਕੇ ਵੱਧ ਤੋਂ ਵੱਧ ਗਿਣਤੀ ਵਿਚ ਆਪਣੀਆਂ ਹਾਜ਼ਰੀਆਂ ਭਰਨ ਦੀ ਅਪੀਲ ਕੀਤੀ ਹੈ।


ਜ਼ਿਕਰਯੋਗ ਹੈ ਕਿ ਲਾਹੌਰ ਦੇ ਨਵਾਬ ਟਾਊਨ ਇਲਾਕੇ 'ਚ 6 ਮਈ ਨੂੰ ਅਣਪਛਾਤੇ ਮੋਟਰਸਾਈਕਲ ਸਵਾਰ ਹਮਲਾਵਰਾਂ ਵੱਲੋਂ ਕੀਤੀ ਗੋਲੀਬਾਰੀ ਵਿਚ ਭਾਈ ਪਰਮਜੀਤ ਸਿੰਘ ਪੰਜਵੜ ਮਾਰੇ ਗਏ ਸਨ। ਉਨ੍ਹਾਂ ਦੇ ਸਿਰ 'ਤੇ ਗੋਲੀ ਲੱਗੀ ਸੀ। ਇਸ ਹਮਲੇ ਦੌਰਾਨ ਇਕ ਗੰਨਮੈਨ ਮਾਰਿਆ ਗਿਆ ਸੀ ਅਤੇ ਇਕ ਜ਼ਖ਼ਮੀ ਹੋ ਗਿਆ ਸੀ। ਇਸ ਹਮਲੇ ਦੀ ਪਾਕਿਸਤਾਨ ਵਿਚ ਕਿਸੇ ਨੇ ਵੀ ਜ਼ਿੰਮੇਵਾਰੀ ਨਹੀਂ ਲਈ ਹੈ।

## ਮੈਨਹਟਨ ਜਿਊਰੀ ਨੇ ਟਰੰਪ ਨੂੰ ਜਿਨਸੀ ਸ਼ੋਸ਼ਣ ਲਈ ਠਹਿਰਾਇਆ ਜ਼ਿੰਮੇਵਾਰ

ਨਿਊਯਾਰਕ, (ਪੰਜਾਬ ਮੇਲ)- ਮੈਨਹਟਨ ਦੀ ਇਕ ਜਿਊਰੀ ਨੇ ਸਾਬਕਾ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ 1990 ਦੇ ਦਹਾਕੇ ਵਿਚ ਨਿਊਯਾਰਕ ਦੇ ਇਕ ਡਿਪਾਰਟਮੈਂਟ ਸਟੋਰ ਵਿਚ ਮੈਗਜ਼ੀਨ ਦੇ ਕਾਲਮਨਵੀਸ ਈ. ਜੀਨ ਕੈਰੋਲ ਦਾ ਜਿਨਸੀ ਸ਼ੋਸ਼ਣ ਕਰਨ ਤੇ ਉਸ ਨੂੰ ਬਦਨਾਮ ਕਰਨ ਲਈ ਜ਼ਿੰਮੇਵਾਰ ਠਹਿਰਾਇਆ ਹੈ। ਹਾਲਾਂਕਿ ਸਾਬਕਾ ਰਾਸ਼ਟਰਪਤੀ ਵਿਰੁੱਧ ਕੈਰੋਲ ਵੱਲੋਂ ਲਗਾਏ ਗਏ ਬਲਾਤਕਾਰ ਦੇ ਦੋਸ਼ਾਂ ਨੂੰ ਨਕਾਰ ਦਿੱਤਾ ਗਿਆ ਹੈ।

ਛੇ ਪੁਰਸ਼ਾਂ ਅਤੇ ਤਿੰਨ ਔਰਤਾਂ ਦੀ ਜਿਊਰੀ ਨੇ ਮੰਗਲਵਾਰ ਨੂੰ

**■ ਟਰੰਪ ਨੂੰ ਕੈਰੋਲ ਨੂੰ 5 ਮਿਲੀਅਨ ਡਾਲਰ ਦਾ ਹਰਜਾਨਾ ਦੇਣ ਦਾ ਹੁਕਮ**





ਤਕਰੀਬਨ ਤਿੰਨ ਘੰਟੇ ਦੇ ਵਿਚਾਰ-ਵਟਾਂਦਰੇ ਤੋਂ ਬਾਅਦ ਟਰੰਪ ਨੂੰ ਕੈਰੋਲ ਨੂੰ 5 ਮਿਲੀਅਨ ਡਾਲਰ ਦਾ ਹਰਜਾਨਾ ਦੇਣ ਦਾ ਹੁਕਮ ਦਿੱਤਾ। ਬੀ.ਬੀ.ਸੀ. ਦੀ ਰਿਪੋਰਟ ਮੁਤਾਬਕ, ਸਾਬਕਾ ਰਾਸ਼ਟਰਪਤੀ ਨੂੰ ਜਿਨਸੀ ਅਪਰਾਧੀ ਵਜੋਂ ਰਜਿਸਟਰ ਕਰਨ ਦੀ ਲੋੜ ਨਹੀਂ ਹੋਵੇਗੀ, ਕਿਉਂਕਿ ਮੁਕੱਦਮਾ ਅਪਰਾਧਿਕ ਦੀ ਬਜਾਏ ਸਿਵਲ ਅਦਾਲਤ ਵਿਚ ਸੀ।

ਉੱਧਰ, ਡੋਨਾਲਡ ਟਰੰਪ ਨੇ ਦੋਸ਼ਾਂ ਨੂੰ ਨਕਾਰ ਦਿੱਤਾ ਸੀ ਤੇ ਮੈਨਹਟਨ ਸੰਘੀ ਅਦਾਲਤ ਵਿਚ ਦੋ ਹਫ਼ਤਿਆਂ ਦੇ ਸਿਵਲ ਮੁਕੱਦਮੇ ਵਿਚ ਸ਼ਾਮਲ ਨਹੀਂ ਸੀ ਹੋਏ। ਫ਼ੈਸਲੇ ਤੋਂ ਬਾਅਦ, ਟਰੰਪ ਨੇ ਆਪਣੇ ਸੋਸ਼ਲ ਮੀਡੀਆ ਪਲੇਟਫਾਰਮ ਟਰੂਥ ਸੋਸ਼ਲ 'ਤੇ ਲਿਖਿਆ: "ਮੈਨੂੰ ਬਿਲਕੁਲ ਨਹੀਂ ਪਤਾ ਕਿ ਇਹ ਔਰਤ ਕੌਣ ਹੈ... ਇਹ ਫੈਸਲਾ ਸ਼ਰਮਨਾਕ ਹੈ।"

## ਟਰੇਸੀ 'ਚ ਪੰਜਾਬੀ ਵੱਲੋਂ 2 ਔਰਤਾਂ ਦਾ ਕਤਲ

ਟਰੇਸੀ, (ਪੰਜਾਬ ਮੇਲ)- ਟਰੇਸੀ ਦੇ ਰਹਿਣ ਵਾਲੇ ਸਤਨਾਮ ਸੁਮਲ ਨੇ ਕਥਿਤ ਤੌਰ 'ਤੇ ਆਪਣੀ ਪਤਨੀ ਅਤੇ ਇਕ ਹੋਰ ਔਰਤ ਦਾ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਅਤੇ ਖੁਦ ਹੀ ਪੁਲਿਸ ਸਾਹਮਣੇ ਪੇਸ਼ ਹੋ ਗਿਆ। ਟਰੇਸੀ ਪੁਲਿਸ ਵਿਭਾਗ ਨੇ ਸ਼ੱਕੀ ਕਾਤਲ ਦੀ ਪਛਾਣ ਸਤਨਾਮ ਸਮੁਲ (55) ਵਜੋਂ ਕੀਤੀ ਹੈ ਅਤੇ ਮਰਨ ਵਾਲੀ 2 ਔਰਤਾਂ ਵਿਚ 39 ਸਾਲਾ ਟਰੇਸੀ ਨਿਵਾਸੀ ਸਤਬਿੰਦਰ ਸਿੰਘ ਅਤੇ 37 ਸਾਲਾ ਵਲੇਹੋ ਨਿਵਾਸੀ ਨਦਜੀਬਾ ਬੇਲਾਦੀ ਸ਼ਾਮਲ ਹਨ। ਅਧਿਕਾਰੀ ਜਦੋਂ ਉਨ੍ਹਾਂ ਦੇ ਘਰ ਪਹੁੰਚੇ, ਤਾਂ ਟਰੇਸੀ ਦੇ ਸਨਫਲਾਵਰ ਲੇਨ ਵਿਖੇ ਸਥਿਤ ਰਿਹਾਇਸ਼ ਵਿਚ

**■ ਮਰਨ ਵਾਲੀ 2 ਔਰਤਾਂ ਵਿਚ 39 ਸਾਲਾ ਟਰੇਸੀ ਨਿਵਾਸੀ ਸਤਬਿੰਦਰ ਸਿੰਘ ਅਤੇ 37 ਸਾਲਾ ਵਲੇਹੋ ਨਿਵਾਸੀ ਨਦਜੀਬਾ ਬੇਲਾਦੀ ਸ਼ਾਮਲ**
**■ ਕਾਤਲ ਖੁਦ ਹੀ ਪੁਲਿਸ ਸਾਹਮਣੇ ਹੋਇਆ ਪੇਸ਼**
**■ ਪੁਲਿਸ ਅਨੁਸਾਰ ਇਹ ਇਕ ਪੇਚੀਦਾ ਕੇਸ**


ਸ਼ੱਕੀ ਕਾਤਲ

ਇਨ੍ਹਾਂ ਔਰਤਾਂ ਨੂੰ ਮ੍ਰਿਤਕ ਪਾਇਆ ਗਿਆ। ਪੁਲਿਸ ਅਨੁਸਾਰ ਇਹ ਇਕ ਪੇਚੀਦਾ ਕੇਸ ਹੈ। ਇਸ ਬਾਰੇ ਤਫਤੀਸ਼ ਹਾਲੇ ਜਾਰੀ ਹੈ। ਗੁਆਂਢ ਵਿਚ ਰਹਿੰਦੇ ਲੋਕਾਂ ਨੂੰ ਵੀ ਇਸ ਬਾਰੇ ਬਹੁਤੀ ਜਾਣਕਾਰੀ ਨਹੀਂ ਸੀ ਅਤੇ ਉਹ ਬੜੇ ਹੈਰਾਨ ਸਨ। ਗੁਆਂਢੀਆਂ ਅਨੁਸਾਰ ਇਸ ਘਰ ਵਿਚ 10 ਸਾਲ ਤੋਂ ਘੱਟ ਉਮਰ ਦੇ 2 ਬੱਚੇ ਵੀ ਰਹਿੰਦੇ ਸਨ। ਹਾਲਾਂਕਿ ਗੋਲੀ ਚੱਲਣ ਮੌਕੇ ਉਹ ਘਰ ਵਿਚ ਨਹੀਂ ਸਨ। ਸਤਨਾਮ ਸੁਮਲ ਨੂੰ ਸੈਨਵਾਕਿਨ ਕਾਊਂਟੀ ਜੇਲ੍ਹ ਵਿਚ ਭੇਜ ਦਿੱਤਾ ਗਿਆ ਹੈ। ਉਸ ਨੂੰ ਕਤਲ ਦੇ 2 ਮਾਮਲਿਆਂ ਦਾ ਸਾਹਮਣਾ ਕਰਨਾ ਪਵੇਗਾ। ਸਤਨਾਮ ਨੂੰ ਬਿਨਾਂ ਬੇਲ ਤੋਂ ਜੇਲ੍ਹ ਵਿਚ ਰੱਖਿਆ ਗਿਆ ਹੈ ਅਤੇ ਬੁੱਧਵਾਰ ਨੂੰ ਉਸ ਦੀ ਪੇਸ਼ੀ ਹੈ।


UNITED SPORTS CLUB CALIFORNIA, AMERICA
16TH WORLD KABADDI CUP
17 SEPTEMBER 2023, SUNDAY
(Timing 09:00am - 06pm)
(James Logan High School 1800 H Street, Union City, California 94587)
ਸੰਗਤਾਂ ਨੂੰ ਹੁੰਮ-ਹੁਮਾ ਕੇ ਪਹੁੰਚਣ ਦਾ ਖੁੱਲ੍ਹਾ ਸੱਦਾ
Open Invitation to All Kabaddi Lovers
Amolak Singh Gakhal
Chief Patron, United Sports Club
Sponsor of 1st Prize
Diamond Trucking Stockton's
Gurwinder Gakhal, Neki Atwal & Pinki Atwal
Sponsor of 2nd Prize
Jugraj Singh Sahota & Narinder Singh Sahota of Sahota Family
Sponsor of 3rd Prize
Diamond Sponsor
Inder Dosanjh
Dosanjh Family
Diamond Sponsor
In the loving Memory of Late S. Mehnga Singh Sarai
By: Sarai Family
Diamond Sponsor
Jagjit Singh Rakkar
Ocean Transport
Kuljit Singh Nijjar
White Hawk
OPENING
ਸੈਨੀ ਗਰੇਵਾਲ
ਗੈਰੀ ਸਿੰਘ
ਸੁਰਜੀਤ ਸਿੰਘ ਟੁੱਟ
ਸੇਵਾ ਸਿੰਘ ਰੰਧਾਵਾ
ਜਸਪ੍ਰੀਤ ਸਿੰਘ ਅਟਾਰਨੀ
GAKHAL GROUP
ਇੰਦਰ ਦੁਸਾਂਝ
ਸੁਰਿੰਦਰ ਸਿੰਘ ਅਟਵਾਲ
ਤਰਲੋਚਨ ਸਿੰਘ ਲੱਛਰ
ਜੌਹਨ ਸਿੰਘ ਗਿੱਲ
ਮਾਈਕ ਬੋਪਾਰਾਏ
ਪੌਲ ਸਹੋਤਾ
Club Management
Makhan Singh Bains Chairman
Iqbal Singh Gakhal Vice Chairman
Jugraj Singh Sahota President
Palwinder Singh Gakhal Advisor
S. Ashok Bhaura Gen. Sec & Media Incharge
Narinder Singh Sahota Treasurer
Sadhu Singh Khlaur Advisor
Balvir Singh Bhatia Director
Natha Singh Gakhal Advisor
Makhan Singh Dhaliwal
Debi Sohal Sidhwan Dona Advisor
Inderjit Singh Thind Advisor
Bakhtawar Singh Gakhal Advisor
Gurpreet Singh Gakhal Advisor
Giani Ravinder Singh Advisor
Baljinder Singh Gakhal Advisor
Harjinder Ladhar Advisor
Dalwinder Padda Advisor
Arundeep Singh Advisor
Baljinder Singh Advisor
Kirandeep Singh (Advisor)
Dhanna Coach Advisor
Gurnam Singh Wraich Advisor
GUEST OF HONOUR
ਵਿਸ਼ਵ ਕੱਪ ਵਿਚ ਭਾਗ ਲੈਣ ਵਾਲੀਆਂ ਟੀਮਾਂ
1. Sandeep Nangal Ambian Bay Area/ Metro New York Sports Club Newyork
2. Charda Punjab Sports Club, 3. Baba Sang Ji Kabaddi Club 4. United Sports Club
ਸਾਰਾ ਦਿਨ ਰਾਜਾ ਸਵੀਟਸ ਵਲੋਂ ਗੁਰੂ ਕਾ ਲੰਗਰ ਲਗਾਇਆ ਜਾਵੇਗਾ
All Kabaddi Lovers are openly Invited
Media in charge
World Kabaddi Cup
S. Ashok Bhaura
Phone: 510 415 3315,
Email: ashokbhaura@gmail.com
PUNJAB MAIL USA TV Channel
Spectator Have to reach at James Logan High School, International Law of Kabddi will apply, United Sports Club has reserve the right for last decisions.

ਸੋ ਸੂਰਾ ਤਿਸ ਹੀ ਹੋਇ ਮਰਣਾ ॥

'ਖ਼ਾਲਿਸਤਾਨੀ ਜਰਨੈਲ ਭਾਈ ਪਰਮਜੀਤ ਸਿੰਘ ਪੰਜਵੜ ਨਮਿਤ

# ਸ਼ਰਧਾਂਜਲੀ ਸਮਾਗਮ

ਪ੍ਰੋਗਰਾਮ :

**12 ਮਈ** ਭੋਗ ਅਖੰਡ ਪਾਠ ਸਾਹਿਬ, ਉਪਰੰਤ ਕੀਰਤਨ ਅਤੇ ਸ਼ਰਧਾਂਜਲੀ

ਦਰਬਾਰ ਸਾਹਿਬ (ਅੰਮ੍ਰਿਤਸਰ)

ਸਮਾਂ : **7.30** ਵਜੇ ਸਵੇਰੇ



ਭਾਈ ਪਰਮਜੀਤ ਸਿੰਘ ਪੰਜਵੜ

**6** ਮਈ ਨੂੰ ਖ਼ਾਲਿਸਤਾਨ ਕਮਾਂਡੋ ਫੋਰਸ ਦੇ ਮੁਖੀ ਜੁਝਾਰੂ ਜਰਨੈਲ ਭਾਈ ਪਰਮਜੀਤ ਸਿੰਘ ਪੰਜਵੜ ਨੂੰ ਪੰਥ ਦੇ ਦੁਸ਼ਮਣਾਂ ਨੇ ਗੋਲੀਆਂ ਮਰਵਾ ਕੇ ਸ਼ਹੀਦ ਕਰ ਦਿੱਤਾ ਹੈ। ਕੌਮ ਦੀ ਆਜ਼ਾਦੀ ਦੇ ਮਿਸ਼ਨ ਲਈ ਉਹ ਆਪਣਾ ਜੀਵਨ ਲੇਖੇ ਲਾ ਗਏ ਹਨ। ਉਹਨਾਂ ਨੂੰ ਨਿੱਘੀ ਸ਼ਰਧਾਂਜਲੀ ਦੇਣ ਅਤੇ ਅਕਾਲ ਪੁਰਖ ਅੱਗੇ ਉਹਨਾਂ ਦੀ ਸੇਵਾ, ਘਾਲਣਾ ਅਤੇ ਕੁਰਬਾਨੀ ਨੂੰ ਸੱਚੀ ਦਰਗਾਹ ਵਿੱਚ ਪ੍ਰਵਾਨ ਕਰਵਾਉਣ ਲਈ ਸ਼੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਅਰਦਾਸ ਸਮਾਗਮ ਹੋਣਗੇ।

## ਭੋਗ ਸਹਿਜ ਪਾਠ ਸਾਹਿਬ : 14 ਮਈ, ਐਤਵਾਰ, 10.30 ਵਜੇ ਸਵੇਰੇ

**ਗੁਰਦੁਆਰਾ ਸਾਹਿਬ ਫਰੀਮੌਂਟ, ਕੈਲੀਫੋਰਨੀਆ, ਅਮਰੀਕਾ**

ਇਸ ਮੌਕੇ ਕੈਲੀਫੋਰਨੀਆ ਦੀਆਂ ਗੁਰਦੁਆਰਾ ਅਤੇ ਪੰਥਕ ਕਮੇਟੀਆਂ ਇਥੇ ਪਹੁੰਚ ਕੇ ਆਪਣੇ ਵਿਚਾਰ ਪੇਸ਼ ਕਰਨਗੀਆਂ।

## ਭੋਗ ਅਖੰਡ ਪਾਠ ਸਾਹਿਬ : 15 ਮਈ, ਸੋਮਵਾਰ

**ਪਿੰਡ ਪੰਜਵੜ ਨੇੜੇ ਝਬਾਲ, ਤਰਨ ਤਾਰਨ**

ਵੱਲੋਂ : ਸਮੂਹ ਪੰਜਵੜ ਪਰਿਵਾਰ

ਬੇਨਤੀ ਕਰਤਾ : ਸਮੂਹ ਆਜ਼ਾਦੀ-ਪਸੰਦ ਜਥੇਬੰਦੀਆਂ ਅਤੇ ਅਮਰੀਕਨ ਸਿੱਖ ਗੁਰਦੁਆਰਾ ਪ੍ਰ: ਕਮੇਟੀ

ਜਾਰੀ ਕਰਤਾ : ਦਲਜੀਤ ਸਿੰਘ, ਕੰਵਰਪਾਲ ਸਿੰਘ, ਹਰਪਾਲ ਸਿੰਘ ਚੀਮਾ, ਐਡਵੋਕੇਟ ਭਗਵੰਤ ਸਿੰਘ ਸਿਆਲਕਾ, ਨਰੈਣ ਸਿੰਘ

# ਐੱਨ.ਆਰ.ਆਈ. ਰੇਸ਼ਮ ਸਿੰਘ ਸਿੱਧੂ ਨੂੰ ਪੰਜਾਬ 'ਚ ਅਗਵਾ ਕਰਨ ਦੀ ਕੀਤੀ ਕੋਸ਼ਿਸ਼



ਰੇਸ਼ਮ ਸਿੰਘ ਜਾਣਕਾਰੀ ਦਿੰਦੇ ਹੋਏ।

**ਸੈਕਰਾਮੈਂਟੋ, (ਪੰਜਾਬ ਮੇਲ)-** ਸੈਕਰਾਮੈਂਟੋ ਨਿਵਾਸੀ ਰੇਸ਼ਮ ਸਿੰਘ ਨੂੰ ਪੰਜਾਬ ਫੇਰੀ ਦੌਰਾਨ ਅਗਵਾ ਕਰਨ ਦੀ ਕੋਸ਼ਿਸ਼ ਕਰਨ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਪੰਜਾਬ ਮੇਲ ਨਾਲ ਗੱਲਬਾਤ ਕਰਦਿਆਂ ਰੇਸ਼ਮ ਸਿੰਘ ਸਿੱਧੂ ਨੇ ਦੱਸਿਆ ਕਿ ਪਿਛਲੇ ਦਿਨੀਂ ਉਹ ਪੰਜਾਬ ਗਏ ਸੀ, ਜਿੱਥੇ ਕੁੱਝ ਵਿਅਕਤੀਆਂ ਵੱਲੋਂ ਉਨ੍ਹਾਂ ਨੂੰ ਅਗਵਾ ਕਰਨ ਦੀ ਕੋਸ਼ਿਸ਼ ਕੀਤੀ ਗਈ। ਉਨ੍ਹਾਂ ਨੇ ਦੱਸਿਆ ਕਿ ਉਨ੍ਹਾਂ ਦੇ ਕਿਸੇ ਨਜ਼ਦੀਕੀ ਰਿਸ਼ਤੇਦਾਰ ਦੀ ਮੌਤ ਹੋ ਗਈ ਸੀ, ਜਿਸ ਕਰਕੇ ਉਹ ਉਥੇ ਗਏ ਸਨ। ਇਸ ਦੌਰਾਨ ਉਥੇ 4 ਗੁੰਡੇ ਆਏ ਤੇ ਮੈਨੂੰ ਅਗਵਾ ਕਰਕੇ ਲੈ ਗਏ। ਰਸਤੇ ਵਿਚ ਮੈਂ ਉਨ੍ਹਾਂ ਤੋਂ ਭੱਜਣ ਦੀ ਕਾਫੀ ਕੋਸ਼ਿਸ਼ ਕਰਦਾ ਰਿਹਾ ਪਰ ਕਾਮਯਾਬ ਨਹੀਂ ਹੋਇਆ। ਆਖਿਰ ਗੁੰਡਿਆਂ ਨੇ ਦੱਸਿਆ ਕਿ ਤੈਨੂੰ ਮਾਰਨ ਦੀ ਸਾਨੂੰ ਮੋਟੀ ਰਕਮ ਮਿਲਣੀ ਹੈ। ਇਸ 'ਤੇ ਮੈਂ ਉਨ੍ਹਾਂ ਨੂੰ ਕਿਹਾ ਕਿ ਜੇ ਇਹ ਰਕਮ ਮੈਂ ਤੁਹਾਨੂੰ ਦੇ ਦੇਵਾਂ, ਤਾਂ ਕੀ ਤੁਸੀਂ ਮੇਰੀ ਜਾਨ ਬਖਸ਼ ਦਿਓਗੇ। ਪਰ ਮੈਂ ਇਹ ਰਕਮ ਅਮਰੀਕਾ ਪਹੁੰਚ ਕੇ ਹੀ ਤੁਹਾਨੂੰ ਦੇ ਸਕਦਾਂ ਹਾਂ। ਇਸ 'ਤੇ ਉਹ ਮੰਨ ਗਏ ਤੇ ਉਨ੍ਹਾਂ ਨੇ ਮੈਨੂੰ ਛੱਡ ਦਿੱਤਾ। ਅਮਰੀਕਾ ਪਹੁੰਚ ਕੇ ਮੈਂ ਰਜਿਸਟਰਡ ਮੇਲ ਰਾਹੀਂ ਪੰਜਾਬ ਪੁਲਿਸ ਅਤੇ ਹੋਰ ਸੰਬੰਧਤ ਮਹਿਕਮਿਆਂ ਨੂੰ ਇਸ ਸੰਬੰਧੀ ਰਿਪੋਰਟ ਲਿਖਾ ਦਿੱਤੀ ਹੈ। ਰੇਸ਼ਮ ਸਿੰਘ ਸਿੱਧੂ ਨੇ ਪੰਜਾਬ ਮੇਲ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਉਨ੍ਹਾਂ ਦੀ ਜਾਨ ਨੂੰ ਖਤਰਾ ਹੈ ਅਤੇ ਉਨ੍ਹਾਂ ਦੀ ਜਾਨ ਦੀ ਰੱਖਿਆ ਕੀਤੀ ਜਾਵੇ।

# ਅਮਰੀਕਾ ਵੱਲੋਂ ਅੰਤਰਰਾਸ਼ਟਰੀ ਯਾਤਰੀਆਂ ਲਈ ਕਰੋਨਾ ਵੈਕਸੀਨ ਪਾਬੰਦੀਆਂ ਖ਼ਤਮ ਕਰਨ ਦਾ ਐਲਾਨ



**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ਜਾਣ ਦੇ ਚਾਹਵਾਨਾਂ ਲਈ ਚੰਗੀ ਖ਼ਬਰ ਹੈ। ਵ੍ਹਾਈਟ ਹਾਊਸ ਨੇ ਐਲਾਨ ਕੀਤਾ ਕਿ ਅਮਰੀਕਾ ਸਾਰੇ ਸੰਘੀ ਕਰਮਚਾਰੀਆਂ ਅਤੇ ਠੇਕੇਦਾਰਾਂ ਦੇ ਨਾਲ-ਨਾਲ ਅਮਰੀਕਾ ਜਾਣ ਵਾਲੇ ਅੰਤਰਰਾਸ਼ਟਰੀ ਯਾਤਰੀਆਂ ਲਈ ਨੋਵਲ ਕੋਰੋਨਾ ਵਾਇਰਸ ਵੈਕਸੀਨ ਦੀਆਂ ਜ਼ਰੂਰਤਾਂ ਨੂੰ ਖ਼ਤਮ ਕਰ ਦੇਵੇਗਾ। ਇੱਥੇ ਦੱਸ ਦਈਏ ਕਿ ਅਮਰੀਕਾ ਮੱਧ ਮਈ ਤੋਂ ਵਿਦਿਆਰਥੀ ਵੀਜ਼ਾ ਅਰਜ਼ੀ ਪ੍ਰਕਿਰਿਆ ਵੀ ਸ਼ੁਰੂ ਕਰ ਦੇਵੇਗਾ।

ਵ੍ਹਾਈਟ ਹਾਊਸ ਨੇ ਇੱਕ ਪ੍ਰੈਸ ਰਿਲੀਜ਼ ਵਿਚ ਕਿਹਾ ਕਿ "ਬਾਇਡਨ ਪ੍ਰਸ਼ਾਸਨ 11 ਮਈ ਨੂੰ ਦਿਨ ਦੇ ਅੰਤ ਵਿਚ ਸੰਘੀ ਕਰਮਚਾਰੀਆਂ, ਸੰਘੀ ਠੇਕੇਦਾਰਾਂ ਅਤੇ ਅੰਤਰਰਾਸ਼ਟਰੀ ਹਵਾਈ ਯਾਤਰੀਆਂ ਲਈ ਕੋਵਿਡ-19 ਵੈਕਸੀਨ ਦੀਆਂ ਜ਼ਰੂਰਤਾਂ ਨੂੰ ਖ਼ਤਮ ਕਰ ਦੇਵੇਗਾ, ਉਸੇ ਦਿਨ ਜਿਸ ਦਿਨ ਕੋਵਿਡ-19 ਜਨਤਕ ਸਿਹਤ ਐਮਰਜੈਂਸੀ ਖ਼ਤਮ ਹੋ ਰਹੀ ਹੈ,"। ਰੀਲੀਜ਼ ਵਿਚ ਕਿਹਾ ਗਿਆ ਕਿ ਸਿਹਤ ਅਤੇ ਮਨੁੱਖੀ ਸੇਵਾਵਾਂ ਅਤੇ ਹੋਮਲੈਂਡ ਸੁਰੱਖਿਆ ਵਿਭਾਗ ਹੈੱਡ ਸਟਾਰਟ ਐਜੂਕੇਟਰਾਂ, ਸੀ.ਐੱਮ.ਐੱਸ.-ਪ੍ਰਮਾਣਿਤ ਸਿਹਤ ਸੰਭਾਲ ਸਹੂਲਤਾਂ ਅਤੇ ਅਮਰੀਕੀ ਸਰਹੱਦਾਂ 'ਤੇ ਆਉਣ ਵਾਲੇ ਕੁਝ ਪ੍ਰਵਾਸੀਆਂ ਲਈ ਟੀਕਾਕਰਨ ਦੀਆਂ ਜ਼ਰੂਰਤਾਂ ਨੂੰ ਖ਼ਤਮ ਕਰਨ ਲਈ ਪ੍ਰਕਿਰਿਆ ਸ਼ੁਰੂ ਕਰਨਗੇ।

ਜ਼ਿਕਰਯੋਗ ਹੈ ਕਿ ਅਮਰੀਕਾ ਮੱਧ ਮਈ ਤੋਂ ਉਪਲਬਧ ਮੁਲਾਕਾਤਾਂ ਦੇ ਪਹਿਲੇ ਬੈਚ ਦੇ ਨਾਲ ਪਤਝੜ ਸੈਸ਼ਨ ਲਈ ਵਿਦਿਆਰਥੀ ਵੀਜ਼ਾ ਅਰਜ਼ੀਆਂ ਦੀ ਪ੍ਰਕਿਰਿਆ ਸ਼ੁਰੂ ਕਰੇਗਾ। ਹੈਦਰਾਬਾਦ ਵਿਚ ਅਮਰੀਕੀ ਕੌਂਸਲੇਟ ਜਨਰਲ ਨੇ ਇੱਕ ਟਵੀਟ ਰਾਹੀਂ ਐਲਾਨ ਕੀਤਾ ਕਿ "ਮਈ ਦੇ ਅੱਧ ਵਿਚ ਭਾਰਤ ਵਿਚ ਯੂ.ਐੱਸ. ਮਿਸ਼ਨ ਆਉਣ ਵਾਲੇ ਵਿਦਿਆਰਥੀ ਵੀਜ਼ਾ ਸੀਜ਼ਨ ਲਈ ਮੁਲਾਕਾਤਾਂ ਦਾ ਪਹਿਲਾ ਬੈਚ ਖੋਲ੍ਹੇਗਾ।"

ਸਟੇਟ ਡਿਪਾਰਟਮੈਂਟ ਨੇ ਫਰਵਰੀ ਵਿਚ ਐਲਾਨ ਕੀਤਾ ਸੀ ਕਿ ਵਿਦਿਆਰਥੀ ਵੀਜ਼ੇ ਦੀਆਂ 'ਐੱਫ' ਅਤੇ 'ਐੱਮ' ਸ਼੍ਰੇਣੀਆਂ ਹੁਣ ਇੱਕ ਸਾਲ ਪਹਿਲਾਂ ਤੱਕ ਜਾਰੀ ਕੀਤੀਆਂ ਜਾ ਸਕਦੀਆਂ ਹਨ। ਪਹਿਲਾਂ ਅੰਤਰਰਾਸ਼ਟਰੀ ਵਿਦਿਆਰਥੀ ਆਪਣੇ ਅਧਿਐਨ ਪ੍ਰੋਗਰਾਮ ਦੀ ਸ਼ੁਰੂਆਤ ਤੋਂ ਸਿਰਫ 120 ਦਿਨ ਪਹਿਲਾਂ ਅਰਜ਼ੀ ਦੇ ਸਕਦੇ ਸਨ। ਹੁਣ ਉਹ ਆਪਣੀ ਅਰਜ਼ੀ 365 ਦਿਨ ਪਹਿਲਾਂ ਜਮ੍ਹਾਂ ਕਰਵਾ ਸਕਦੇ ਹਨ।

# ਭਾਰਤੀ-ਅਮਰੀਕੀ ਸਿੱਖ ਵਿਦਿਆਰਥੀ ਨੇ ਮਾਣਹਾਨੀ ਦਾ ਕੇਸ ਜਿੱਤਿਆ



ਰਣਦੀਪ ਸਿੰਘ ਹੋਤੀ।

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)-** ਯੂਨੀਵਰਸਿਟੀ ਆਫ ਮਿਸ਼ੀਗਨ ਦੇ ਵਿਦਿਆਰਥੀ ਇਕ ਸਿੱਖ ਵਿਦਿਆਰਥੀ ਵੱਲੋਂ ਟੈਸਲਾ ਦੇ ਸੀ.ਈ.ਓ. ਐਲਨ ਮਸਕ ਵਿਰੁੱਧ ਦਾਇਰ ਮਾਣਹਾਨੀ ਦਾ ਕੇਸ ਜਿੱਤ ਲੈਣ ਦੀ ਖਬਰ ਹੈ। ਉੱਤਰੀ ਕੈਲੀਫੋਰਨੀਆ ਵਾਸੀ ਰਣਦੀਪ ਸਿੰਘ ਹੋਤੀ ਯੂਨੀਵਰਸਿਟੀ 'ਚ ਏਸ਼ੀਅਨ ਭਾਸ਼ਾਵਾਂ ਤੇ ਸੱਭਿਆਚਾਰ ਵਿਚ ਡਾਕਟਰੇਟ ਕਰ ਰਿਹਾ ਹੈ। ਉਸ ਨੇ ਮਸਕ ਵਿਰੁੱਧ 2020 ਵਿਚ ਮਾਣਹਾਨੀ ਕੇਸ ਦਾਇਰ ਕੀਤਾ ਸੀ, ਜਿਸ ਵਿਚ ਉਸ ਨੇ ਦੋਸ਼ ਲਾਇਆ ਸੀ ਕਿ ਅਰਬਪਤੀ ਮਸਕ ਨੇ ਉਸ ਉਪਰ ਤੰਗ-ਪ੍ਰੇਸ਼ਾਨ ਕਰਨ ਤੇ ਟੈਸਲਾ ਮੁਲਾਜ਼ਮਾਂ ਦੀ ਸੰਭਾਵੀ ਹੱਤਿਆ ਕਰਨ ਦੇ ਝੂਠੇ ਦੋਸ਼ ਲਾਏ ਹਨ। ਲੰਬੀ ਤੇ ਗੁੰਝਲਦਾਰ ਕਾਨੂੰਨੀ ਲੜਾਈ ਤੋਂ ਬਾਅਦ ਆਖਰਕਾਰ ਮਸਕ ਮਾਮਲਾ ਨਿਪਟਾਉਣ ਲਈ ਸਹਿਮਤ ਹੋ ਗਿਆ। ਉਸ ਨੇ ਮਾਮਲਾ ਨਿਪਟਾਉਣ ਲਈ 10000 ਡਾਲਰ ਦੇਣ ਦੀ ਪੇਸ਼ਕਸ਼ ਕੀਤੀ, ਜੋ ਰਣਦੀਪ ਹੋਤੀ ਨੇ ਪ੍ਰਵਾਨ ਕਰ ਲਈ। ਰਣਦੀਪ ਹੋਤੀ ਇਕ ਬਿਆਨ ਵਿਚ ਕਿਹਾ ਹੈ ਕਿ ਇਹ ਮਾਮਲਾ ਪ੍ਰਸਿੱਧੀ ਖੱਟਣ ਜਾਂ ਪੈਸੇ ਲਈ ਨਹੀਂ ਸੀ ਕੀਤਾ ਗਿਆ, ਬਲਕਿ ਆਪਣੇ ਆਪ ਨੂੰ ਸਹੀ ਸਾਬਤ ਕਰਨ ਦੀ ਲੜਾਈ ਸੀ।

# ਕੈਨੇਡਾ 'ਚ ਕਿੱਤਾ ਮਾਹਿਰਾਂ ਲਈ ਡਾਲਰ ਨਾਲ ਲਿਜਾਣ ਦੀ ਸ਼ਰਤ

**ਵੈਨਕੂਵਰ, (ਪੰਜਾਬ ਮੇਲ)-** ਕੈਨੇਡਾ 'ਚ ਪੱਕੇ ਤੌਰ 'ਤੇ ਜਾਣ ਲਈ ਐਕਸਪ੍ਰੈੱਸ ਐਂਟਰੀ ਰਾਹੀਂ ਅਪਲਾਈ ਕਰਨ ਵਾਲੇ ਕਿੱਤਿਆਂ ਦੇ ਮਾਹਿਰਾਂ ਵਾਸਤੇ ਸ਼ੁਰੂਆਤੀ ਦੌਰ 'ਚ ਆਪਣੇ ਖਰਚੇ ਚਲਾਉਣ ਵਾਸਤੇ ਰਕਮ ਦਾ ਹੋਣਾ ਜ਼ਰੂਰੀ ਹੈ। ਬੀਤੇ ਦਿਨੀਂ ਜਾਰੀ ਕੀਤੀ ਗਈ ਨਵੀਂ ਜਾਣਕਾਰੀ ਅਨੁਸਾਰ ਆਪਣੀ ਯੋਗਤਾ (ਕਿੱਤਾ, ਪੜ੍ਹਾਈ, ਬੋਲੀ ਆਦਿ) ਦੇ ਆਧਾਰ 'ਤੇ ਕੈਨੇਡਾ ਦੀ ਪੱਕੀ ਇਮੀਗ੍ਰੇਸ਼ਨ ਦਾ ਵੀਜ਼ਾ ਲੈ ਕੇ ਕੈਨੇਡਾ ਪੁੱਜਣ ਵਾਲੇ ਹਰੇਕ ਵਿਦੇਸ਼ੀ ਕੋਲ 13757 ਡਾਲਰ ਹੋਣਾ ਜ਼ਰੂਰੀ ਹੈ। ਇਹ ਘੱਟ ਤੋਂ ਘੱਟ ਰਕਮ ਦੀ ਸ਼ਰਤ ਹੈ, ਪਰ ਇਸ ਤੋਂ ਵੱਧ ਰਕਮ ਨਾਲ ਲਿਜਾਣ ਦੀ ਕੋਈ ਹੱਦ ਤੈਅ ਨਹੀਂ ਕੀਤੀ ਗਈ, ਪਰ ਕੈਨੇਡਾ ਦੇ ਹਵਾਈ ਅੱਡੇ ਅੰਦਰ ਇਮੀਗ੍ਰੇਸ਼ਨ ਅਫਸਰਾਂ ਨੂੰ ਸਾਰੀ ਰਕਮ ਬਾਰੇ ਦੱਸਣਾ ਜ਼ਰੂਰੀ ਹੈ।

# ਅਮਰੀਕਾ 'ਚ ਸ਼ਰਾਬੀ ਪੰਜਾਬੀ ਟਰੱਕ ਚਾਲਕ ਵੱਲੋਂ ਕਾਰ ਨੂੰ ਟੱਕਰ ਮਾਰਨ ਕਾਰਨ ਦੋ ਲੜਕਿਆਂ ਦੀ ਮੌਤ

**ਨਿਊਯਾਰਕ, (ਪੰਜਾਬ ਮੇਲ)-** ਇਥੇ ਦੇ ਲੌਂਗ ਆਈਲੈਂਡ 'ਚ ਭਾਰਤੀ ਮੂਲ ਦੇ ਕਥਿਤ ਸ਼ਰਾਬੀ ਪਿੱਕ-ਅੱਪ ਟਰੱਕ ਡਰਾਈਵਰ ਨੇ ਕਾਰ ਨੂੰ ਟੱਕਰ ਮਾਰ ਦਿੱਤੀ, ਜਿਸ ਕਾਰਨ 14 ਸਾਲਾ ਦੇ ਦੋ ਲੜਕਿਆਂ ਦੀ ਮੌਕੇ 'ਤੇ ਹੀ ਮੌਤ ਹੋ ਗਈ ਅਤੇ ਦੋ ਹੋਰ ਜ਼ਖ਼ਮੀ ਹੋ ਗਏ।

ਪੁਲਿਸ ਨੇ ਕਿਹਾ ਕਿ ਮੁਲਜ਼ਮ ਦੀ ਪਛਾਣ 34 ਸਾਲਾ ਅਮਨਦੀਪ ਸਿੰਘ ਵਜੋਂ ਹੋਈ ਹੈ। ਮਰਨ ਵਾਲਿਆਂ ਦੀ ਪਛਾਣ ਡਰਿਊ ਹੈਸਨਬੇਨ ਅਤੇ ਏਥਨ ਫਾਲਕੋਵਿਟਜ਼ ਵਜੋਂ ਕੀਤੀ ਗਈ ਹੈ, ਜਦੋਂਕਿ 16 ਅਤੇ 17 ਸਾਲ ਦੀ ਉਮਰ ਦੇ ਦੂਜੇ ਦੋ ਕਾਰ ਸਵਾਰਾਂ ਨੂੰ ਇਲਾਜ ਲਈ ਸਥਾਨਕ ਹਸਪਤਾਲ ਲਿਜਾਇਆ ਗਿਆ। ਪੁਲਿਸ ਨੇ ਦੱਸਿਆ ਕਿ ਰੋਜ਼ਲਿਨ ਦਾ ਰਹਿਣ ਵਾਲਾ ਅਮਨਦੀਪ ਸਿੰਘ ਟੱਕਰ ਤੋਂ ਬਾਅਦ ਮੌਕੇ ਤੋਂ ਭੱਜ ਗਿਆ। ਪੁਲਿਸ ਨੇ ਉਸ ਨੂੰ ਉਸੇ ਦਿਨ ਗ੍ਰਿਫਤਾਰ ਕੀਤਾ ਗਿਆ ਸੀ ਅਤੇ ਮਾਮੂਲੀ ਸੱਟਾਂ ਕਾਰਨ ਸਥਾਨਕ ਹਸਪਤਾਲ ਲਿਜਾਇਆ ਗਿਆ ਸੀ। ਉਸ ਨੂੰ ਜ਼ਿਲ੍ਹਾ ਅਦਾਲਤ ਵਿਚ ਪੇਸ਼ ਕੀਤਾ ਗਿਆ।




# ਅਮਰੀਕਾ ਦੀ ਯੂਨੀਵਰਸਿਟੀ ਵਿਚ ਮਨਾਈ ਗਈ ਵਿਸਾਖੀ; ਸਜਾਈਆਂ ਗਈਆਂ ਦਸਤਾਰਾਂ

**■ ਯੂਨੀਵਰਸਿਟੀ ਵਿਖੇ "ਬਰਥ ਆਫ ਖਾਲਸਾ ਐਂਡ ਹਾਰਵੈਸਟ ਫੈਸਟੀਵਲ, ਵਿਸਾਖੀ" ਪ੍ਰੋਗਰਾਮ ਦਾ ਆਯੋਜਨ**



**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)-** ਖਾਲਸਾ ਸਾਜਨਾ ਦਿਵਸ ਅਤੇ ਵਾਢੀ ਦੇ ਤਿਉਹਾਰ (ਹਾਰਵੈਸਟ ਫੈਸਟੀਵਲ) ਨੂੰ ਸਮਰਪਿਤ ਵਿਸਾਖੀ ਅਮਰੀਕਾ ਦੇ ਓਹਾਈਓ ਸੂਬੇ ਦੇ ਸ਼ਹਿਰ ਡੇਟਨ ਸਥਿਤ ਰਾਈਟ ਸਟੇਟ ਯੂਨੀਵਰਸਟੀ ਵਿਖੇ ਮਨਾਈ ਗਈ। ਇਹ ਪ੍ਰੋਗਰਾਮ ਯੂਨੀਵਰਸਿਟੀ ਦੇ ਮੌਜੂਦਾ ਅਤੇ ਸਾਬਕਾ ਸਿੱਖ ਵਿਦਿਆਰਥੀਆਂ, ਏਸ਼ੀਅਨ ਸਟੂਡੈਂਟ ਐਸੋਸੀਏਸ਼ਨ (ਏ.ਐੱਸ.ਏ.), ਯੂਨੀਵਰਸਿਟੀ ਸੈਂਟਰ ਆਫ ਇੰਟਰਨੈਸ਼ਨਲ ਐਜੂਕੇਸ਼ਨ (ਯੂ.ਸੀ.ਆਈ.ਈ.) ਅਤੇ ਸਿੱਖ ਸੋਸਾਇਟੀ ਆਫ ਡੇਟਨ ਦੇ ਸਹਿਯੋਗ ਨਾਲ ਕਰਵਾਇਆ ਗਿਆ ਸੀ। ਇਸ ਮੌਕੇ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ, ਸਿੱਖ ਇਤਿਹਾਸ, ਸਿੱਖ ਸਮਾਜ ਵਿਚ ਔਰਤ ਦਾ ਸਥਾਨ, ਸੇਵਾ ਦਾ ਸੰਕਲਪ, ਵਿਆਹ ਸ਼ਾਦੀ ਤੇ ਤਿਉਹਾਰਾਂ ਨੂੰ ਦਰਸਾਉਂਦੀ ਹੋਈ ਇਕ ਪ੍ਰਦਰਸ਼ਨੀ ਲਗਾਈ ਗਈ। ਇਸ ਵਿਚ ਤਸਵੀਰਾਂ ਤੇ ਪੋਸਟਰਾਂ ਤੋਂ ਇਲਾਵਾ ਸਿੱਖ ਇਤਿਹਾਸ ਅਤੇ ਵਿਰਸੇ ਨਾਲ ਸੰਬੰਧਤ ਪੁਸਤਕਾਂ, ਕੜੇ, ਹਰਮੋਨੀਅਮ, ਰਬਾਬ ਆਦਿ ਦੀ ਵੀ ਨੁਮਾਇਸ਼ ਕੀਤੀ ਗਈ। ਦਰਸ਼ਕਾਂ ਨੇ ਭਾਈ ਘਨੱਈਆ, ਸਿੱਖ ਯੋਧਿਆਂ ਅਤੇ ਪਗੜੀਆਂ ਦੇ ਵਿਭਿੰਨ ਸਰੂਪਾਂ ਦੀਆਂ ਤਸਵੀਰਾਂ ਨੂੰ ਸਭ ਤੋਂ ਜ਼ਿਆਦਾ ਪਸੰਦ ਕੀਤਾ।

ਸਮਾਗਮ ਦਾ ਇੱਕ ਹੋਰ ਮੁੱਖ ਆਕਰਸ਼ਨ ਮਹਿਮਾਨਾਂ ਲਈ ਦਸਤਾਰ ਸਜਾਉਣ ਦਾ ਸੈਸ਼ਨ ਸੀ। ਵੱਡੀ ਗਿਣਤੀ ਵਿਚ ਮਹਿਮਾਨਾਂ ਨੇ ਦਸਤਾਰ ਬੰਨਣ ਦਾ ਅਨੁਭਵ ਕੀਤਾ। ਉਨ੍ਹਾਂ ਨੂੰ ਸਿੱਖ ਵਿਦਿਆਰਥੀਆਂ ਅਤੇ ਡੇਟਨ ਦੇ ਸਿੱਖ ਭਾਈਚਾਰੇ ਦੇ ਮੈਂਬਰਾਂ ਨਾਲ ਗੱਲਬਾਤ ਕਰਨ ਦਾ ਮੌਕਾ ਵੀ ਮਿਲਿਆ। ਦਸਤਾਰ ਸਜਾਉਣ ਤੋਂ ਬਾਅਦ ਵਿਦਿਆਰਥੀ ਬਹੁਤ ਹੀ ਮਾਨ ਮਹਿਸੂਸ ਕਰ ਰਹੇ ਸਨ ਅਤੇ ਯੂਨੀਵਰਸਿਟੀ ਵਿਚ ਦਸਤਾਰ ਸਜਾ ਕੇ ਘੁੰਮਦੇ ਰਹੇ। ਉਨ੍ਹਾਂ ਇਸ ਦੀ ਮਹੱਤਤਾ, ਵੱਖ-ਵੱਖ ਰੰਗਾਂ ਅਤੇ ਦਸਤਾਰ ਬੰਨਣ ਦੇ ਵੱਖ-ਵੱਖ ਸਟਾਈਲ ਆਦਿ ਬਾਰੇ ਕਈ ਦਿਲਚਸਪ ਸਵਾਲ ਵੀ ਪੁੱਛੇ।

ਸਮਾਗਮ ਦੇ ਮੁੱਖ ਬੁਲਾਰੇ ਅਸੀਸ ਕੌਰ ਨੇ ਸਿੱਖ ਧਰਮ, ਵਿਸਾਖੀ ਦੀ ਮਹੱਤਤਾ ਅਤੇ ਖਾਲਸੇ ਦੇ ਸਾਜਨਾ ਸੰਬੰਧੀ ਸੰਖੇਪ ਵਿਚ ਆਏ ਹੋਏ ਮਹਿਮਾਨਾਂ ਨਾਲ ਜਾਣਕਾਰੀ ਸਾਂਝੀ ਕੀਤੀ। ਯੂਨੀਵਰਸਿਟੀ ਦੇ ਸਾਬਕਾ ਵਿਦਿਆਰਥੀ, ਕਮਿਊਨਿਟੀ ਕਾਰਕੂਨ, ਸਮੀਪ ਸਿੰਘ ਗੁਮਟਾਲਾ ਨੇ ਦੱਸਿਆ ਕਿ ਇਸ ਸਮਾਗਮ ਦਾ ਉਦੇਸ਼ ਵਿਦਿਆਰਥੀਆਂ, ਅਧਿਆਪਕਾਂ ਅਤੇ ਹੋਰਨਾਂ ਆਏ ਹੋਏ ਮਹਿਮਾਨਾਂ ਨੂੰ ਸਿੱਖਾਂ ਬਾਰੇ ਜਾਣਕਾਰੀ ਅਤੇ ਸਿੱਖ ਸੱਭਿਆਚਾਰ ਦੇ ਗੌਰਵਮਈ ਵਿਰਸੇ ਤੋਂ ਜਾਣੂ ਕਰਾਉਣਾ ਸੀ।

ਏ.ਐੱਸ.ਏ. ਦੇ ਪ੍ਰਧਾਨ ਰਿਆਨ ਡਿਆਜ਼ ਅਤੇ ਯੂ.ਸੀ.ਆਈ.ਈ. ਦੇ ਪ੍ਰੋਗਰਾਮ ਕੋਆਰਡੀਨੇਟਰ ਜੇਸੀ ਮਾਕੋਵਸਕੀ, ਨੇ ਇਸ ਸਮਾਗਮ ਦੇ ਆਯੋਜਨ 'ਤੇ ਪ੍ਰਸ਼ੰਸਾ ਪ੍ਰਗਟ ਕਰਦਿਆਂ ਕਿਹਾ ਕਿ ਇਸ ਸਮਾਗਮ ਨੇ ਯੂਨੀਵਰਸਿਟੀ ਦੇ ਭਾਈਚਾਰੇ ਨੂੰ ਸਿੱਖ ਧਰਮ ਬਾਰੇ ਡੂੰਘੀ ਸਮਝ ਪ੍ਰਾਪਤ ਕਰਨ ਅਤੇ ਸਾਡੇ ਅਮਰੀਕਾ ਦੇ ਵੱਖ-ਵੱਖ ਭਾਈਚਾਰਿਆਂ ਦੀ ਸੱਭਿਆਚਾਰਕ ਅਮੀਰੀ ਨੂੰ ਯਾਦ ਕਰਨ ਦਾ ਮੌਕਾ ਪ੍ਰਦਾਨ ਕੀਤਾ। ਇਸ ਪ੍ਰੋਗਰਾਮ ਨੂੰ ਆਯੋਜਿਤ ਕਰਨ ਵਿਚ ਮੁੱਖ ਭੂਮਿਕਾ ਨਿਭਾਉਣ ਵਾਲੇ ਵਿਦਿਆਰਥੀ ਹਰਸ਼ਦੀਪ ਸਿੰਘ ਅਤੇ ਹਰਰੂਪ ਸਿੰਘ ਨੇ ਆਏ ਹੋਏ ਮਹਿਮਾਨਾਂ ਨੂੰ ਜੀ ਆਇਆਂ

# ਕਬੱਡੀ ਖਿਡਾਰੀ ਸੰਦੀਪ ਅੰਬੀਆਂ ਦੇ ਕਤਲ ਦਾ ਦੋਸ਼ੀ ਸੁਰਜਨਜੀਤ ਚੱਠਾ ਜਲੰਧਰ ਪੁਲਿਸ ਵੱਲੋਂ ਗ੍ਰਿਫ਼ਤਾਰ



**ਜਲੰਧਰ, (ਪੰਜਾਬ ਮੇਲ)-**ਕਬੱਡੀ ਖਿਡਾਰੀ ਸੰਦੀਪ ਨੰਗਲ ਅੰਬੀਆਂ ਦੇ ਕੇਸ ਵਿਚ ਜਲੰਧਰ ਪੁਲਿਸ ਨੂੰ ਵੱਡੀ ਸਫ਼ਲਤਾ ਹਾਸਲ ਹੋਈ ਹੈ। ਦਰਅਸਲ ਅੰਤਰਰਾਸ਼ਟਰੀ ਕਬੱਡੀ ਖਿਡਾਰੀ ਸੰਦੀਪ ਨੰਗਲ ਅੰਬੀਆਂ ਦੀ ਪਤਨੀ ਰੁਪਿੰਦਰ ਕੌਰ ਦੀ ਅਪੀਲ 'ਤੇ ਕਾਰਵਾਈ ਕਰਦਿਆਂ ਪੁਲਿਸ ਨੇ ਕਤਲ ਕੇਸ ਦੇ ਮੁਲਜ਼ਮ ਸੁਰਜਨਜੀਤ ਸਿੰਘ ਚੱਠਾ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਰੁਪਿੰਦਰ ਕੌਰ ਨੇ ਕਰੀਬ 6 ਮਹੀਨੇ ਪਹਿਲਾਂ ਸੋਸ਼ਲ ਮੀਡੀਆ 'ਤੇ ਲਾਈਵ ਹੋ ਕੇ ਅਪੀਲ ਕੀਤੀ ਸੀ ਕਿ ਚੱਠਾ ਜਲੰਧਰ ਦੇ ਕਰਤਾਰ ਪੈਲੇਸ ਵਿਚ ਹੈ ਅਤੇ ਪੁਲਿਸ ਉਸ ਨੂੰ ਤੁਰੰਤ ਗ੍ਰਿਫ਼ਤਾਰ ਕਰੇ।

ਉਸ ਸਮੇਂ ਪੁਲਿਸ ਚੱਠਾ ਨੂੰ ਗ੍ਰਿਫ਼ਤਾਰ ਨਹੀਂ ਕਰ ਸਕੀ ਸੀ ਪਰ ਪੁਲਿਸ ਨੇ ਬੀਤੀ ਦਿਨੀਂ ਰਾਤ ਨੂੰ ਸੁਰਜਨਜੀਤ ਸਿੰਘ ਚੱਠਾ ਨੂੰ ਗ੍ਰਿਫ਼ਤਾਰ ਕਰ ਲਿਆ। ਹਾਲਾਂਕਿ ਅਜੇ ਤੱਕ ਕਿਸੇ ਵੀ ਪੁਲਿਸ ਅਧਿਕਾਰੀ ਨੇ ਚੱਠਾ ਦੀ ਗ੍ਰਿਫ਼ਤਾਰੀ ਦੀ ਪੁਸ਼ਟੀ ਨਹੀਂ ਕੀਤੀ ਹੈ ਪਰ ਉਸ ਦੀ ਗ੍ਰਿਫ਼ਤਾਰੀ ਨੂੰ ਲੈ ਕੇ ਕੀਤੀ ਗਈ ਪੁਲਿਸ ਕਾਰਵਾਈ ਦੀ ਇਕ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੀ ਹੈ। ਇਸ 'ਚ ਪੁਲਿਸ ਉਸ ਨੂੰ ਗ੍ਰਿਫ਼ਤਾਰ ਕਰਕੇ ਲੈ ਜਾ ਰਹੀ ਦਿੱਸ ਰਹੀ ਹੈ।

ਇਥੇ ਦੱਸਣਯੋਗ ਹੈ ਕਿ ਨੰਗਲ ਅੰਬੀਆਂ ਦੀ ਪਤਨੀ ਰੁਪਿੰਦਰ ਕੌਰ ਸੋਸ਼ਲ ਮੀਡੀਆ 'ਤੇ ਲਾਈਵ ਹੋਈ ਸੀ। ਉਨ੍ਹਾਂ ਪੁਲਿਸ 'ਤੇ ਕਾਰਵਾਈ ਨਾ ਕਰਨ ਦਾ ਦੋਸ਼ ਲਾਇਆ ਸੀ। ਰੁਪਿੰਦਰ ਨੇ ਕਿਹਾ ਸੀ ਕਿ ਉਸ ਨੇ ਐੱਸ.ਐੱਸ.ਪੀ. ਨੂੰ ਦੱਸਿਆ ਸੀ ਕਿ ਸੰਦੀਪ ਨੰਗਲ ਦੇ ਕਤਲ ਦਾ ਮੁਲਜ਼ਮ ਜਲੰਧਰ ਦੇ ਕਰਤਾਰ ਪੈਲੇਸ ਵਿਚ ਬੈਠਾ ਹੈ। ਨੰਗਲ ਅੰਬੀਆ ਕੇਸ ਵਿਚ ਚੱਠਾ ਦੋਸ਼ੀ ਹੈ, ਤਾਂ ਉਸ ਨੂੰ ਗ੍ਰਿਫ਼ਤਾਰ ਕਰ ਸਕਦੇ ਹਾਂ। ਰੁਪਿੰਦਰ ਨੇ ਲਾਈਵ ਹੋ ਕੇ ਕਿਹਾ ਸੀ ਕਿ ਉਸ ਨੇ ਐੱਸ.ਐੱਸ.ਪੀ. ਨੂੰ ਵੁਆਇਸ ਮੈਸੇਜ ਵੀ ਭੇਜਿਆ ਸੀ ਅਤੇ ਫ਼ੋਨ ਵੀ ਕੀਤਾ ਸੀ। ਰੁਪਿੰਦਰ ਅਨੁਸਾਰ ਪਹਿਲਾਂ ਜਦੋਂ ਵੀ ਉਸ ਨੇ ਆਪਣੇ ਪਰਿਵਾਰ ਨੂੰ ਮਾਮਲੇ ਬਾਰੇ ਪੁੱਛਿਆ ਤਾਂ ਉਹ ਕਹਿੰਦੇ ਸਨ ਕਿ ਪੁਲਿਸ ਸੁਰਜਨਜੀਤ ਸਿੰਘ ਚੱਠਾ ਦੀ ਭਾਲ ਕਰ ਰਹੀ ਹੈ।

ਰੁਪਿੰਦਰ ਕੌਰ ਦਾ ਕਹਿਣਾ ਸੀ ਕਿ ਐੱਸ.ਐੱਸ.ਪੀ. ਨੂੰ ਫ਼ੋਨ ਕਰਕੇ ਦੱਸਿਆ ਸੀ ਕਿ ਮੁਲਜ਼ਮ ਨੂੰ ਤਿੰਨ ਤੋਂ ਚਾਰ ਮਿੰਟ ਤੱਕ ਡਰਾਈਵ ਕਰਕੇ ਫੜਿਆ ਜਾ ਸਕਦਾ ਹੈ। ਐੱਸ.ਐੱਸ.ਪੀ. ਨੇ ਮੁਲਜ਼ਮ ਨੂੰ ਗ੍ਰਿਫ਼ਤਾਰ ਕਰਨ ਦੀ ਬਜਾਏ ਕਿਹਾ ਸੀ ਕਿ ਸਾਨੂੰ ਸਬੂਤ ਦਿਓ। ਰੁਪਿੰਦਰ ਨੇ ਕਿਹਾ ਸੀ ਕਿ ਸਬੂਤ ਵੇਖਣਾ ਅਦਾਲਤ ਦਾ ਕੰਮ ਹੈ। ਬਾਕੀ ਪੁਲਿਸ ਨੇ ਜੇਕਰ ਇਸ ਮਾਮਲੇ 'ਚ ਸੁਰਜਨਜੀਤ ਸਿੰਘ ਨੂੰ ਨਾਮਜ਼ਦ ਕੀਤਾ ਹੈ, ਤਾਂ ਉਹ ਕਿਸੇ ਨਾ ਕਿਸੇ ਆਧਾਰ ਜਾਂ ਸਬੂਤ ਨੂੰ ਵੇਖ ਕੇ ਹੀ ਕੀਤਾ ਹੈ। ਜੇਕਰ ਬਿਨਾਂ ਸਬੂਤ ਦੇ ਨਾਮਜ਼ਦ ਕੀਤਾ ਹੈ, ਤਾਂ ਇਹ ਸਿਰਫ਼ ਵਾਹ-ਵਾਹੀ ਬਟੋਰਨ ਵਾਲਾ ਕੰਮ ਹੈ।

# ਅਮਰੀਕਾ 'ਚ ਦੋ ਵਿਅਕਤੀਆਂ ਦੀ ਕਤਲ ਦੇ ਦੋਸ਼ 'ਚ ਪੰਜਾਬੀ ਨੌਜਵਾਨ ਗ੍ਰਿਫ਼ਤਾਰ

**ਨਿਊਯਾਰਕ, (ਪੰਜਾਬ ਮੇਲ)-** ਅਮਰੀਕਾ ਦੇ ਓਰੇਗਨ ਸੂਬੇ ਵਿਚ ਮਾਲ ਦੀ ਪਾਰਕਿੰਗ ਵਿਚ ਦੋ ਵਿਅਕਤੀਆਂ ਨੂੰ ਗੋਲੀ ਮਾਰਨ ਦੇ ਦੋਸ਼ ਵਿਚ ਭਾਰਤੀ ਮੂਲ ਦੇ 21 ਸਾਲਾ ਨੌਜਵਾਨ ਖ਼ਿਲਾਫ਼ ਦੋਹਰੀ ਹੱਤਿਆ ਦੇ ਮਾਮਲੇ ਵਿਚ ਕੇਸ ਦਰਜ ਕਰਨ ਬਾਅਦ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਪੋਰਟਲੈਂਡ ਪੁਲਿਸ ਬਿਊਰੋ ਨੇ ਦੱਸਿਆ ਕਿ ਮੁਲਜ਼ਮ ਦੀ ਪਛਾਣ ਜੋਬਨਪ੍ਰੀਤ ਸਿੰਘ (21) ਵਜੋਂ ਹੋਈ ਹੈ। ਪੁਲਿਸ ਨੇ ਮਰਨ ਵਾਲੇ ਦੋ ਵਿਅਕਤੀਆਂ ਦੀ ਜਨਤਕ ਤੌਰ 'ਤੇ ਪਛਾਣ ਨਹੀਂ ਕੀਤੀ ਪਰ ਕਿਹਾ ਜਾ ਰਿਹਾ ਹੈ ਕਿ ਇਹ ਦੋਵੇਂ ਭਰਾ ਸਨ ਤੇ ਪੰਜਾਬੀ ਸਨ।




# ਡਾ. ਐੱਸ.ਪੀ. ਸਿੰਘ ਓਬਰਾਏ ਦਾ ਇੱਕ ਹੋਰ ਵੱਡਾ ਪਰਉਪਕਾਰ

■ ਬਜ਼ੁਰਗ ਮਾਪਿਆਂ ਦੇ ਲਾਡਲੇ ਗੁਰਦੀਪ ਦਾ ਮ੍ਰਿਤਕ ਸਰੀਰ ਭਾਰਤ ਭੇਜਿਆ ■ ਬੀਤੀ 22 ਅਪ੍ਰੈਲ ਨੂੰ ਦੁਬਈ ਵਿਚ ਹੋਈ ਸੀ ਮੌਤ




ਮ੍ਰਿਤਕ ਗੁਰਦੀਪ ਸਿੰਘ ਦੀ ਫਾਈਲ ਫੋਟੋ। (ਸੱਜੇ) ਹਵਾਈ ਅੱਡੇ 'ਤੇ ਗੁਰਦੀਪ ਸਿੰਘ ਦੀ ਮ੍ਰਿਤਕ ਦੇਹ ਪੀੜਤ ਪਰਿਵਾਰ ਨੂੰ ਸੌਂਪਣ ਮੌਕੇ ਟਰੱਸਟ ਦੇ ਅਹੁਦੇਦਾਰ।

ਅੰਮ੍ਰਿਤਸਰ, (ਪੰਜਾਬ ਮੇਲ)- ਲੋੜਵੰਦਾਂ ਦੇ ਮਸੀਹਾ ਵਜੋਂ ਜਾਣੇ ਜਾਂਦੇ ਦੁਬਈ ਦੇ ਉੱਘੇ ਕਾਰੋਬਾਰੀ ਅਤੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਸਰਪ੍ਰਸਤ ਡਾ. ਐੱਸ.ਪੀ. ਸਿੰਘ ਓਬਰਾਏ ਦੇ ਯਤਨਾਂ ਸਦਕਾ ਮੋਗਾ ਦੇ ਪਿੰਡ ਜੋਗੇਵਾਲਾ ਨਾਲ ਸਬੰਧਿਤ 27 ਸਾਲਾ ਗੁਰਦੀਪ ਸਿੰਘ ਪੁੱਤਰ ਬਲਵਿੰਦਰ ਸਿੰਘ ਦਾ ਮ੍ਰਿਤਕ ਸਰੀਰ ਦੁਬਈ ਤੋਂ ਸ੍ਰੀ ਗੁਰੂ ਰਾਮਦਾਸ ਅੰਤਰਰਾਸ਼ਟਰੀ ਹਵਾਈ ਅੱਡਾ ਅੰਮ੍ਰਿਤਸਰ ਵਿਖੇ ਪਹੁੰਚਿਆ।

ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਡਾ. ਐੱਸ.ਪੀ. ਸਿੰਘ ਓਬਰਾਏ ਨੇ ਦੱਸਿਆ ਕਿ ਗੁਰਦੀਪ ਸਿੰਘ ਵੀ ਹੋਰਨਾਂ ਨੌਜਵਾਨਾਂ ਵਾਂਗ ਆਪਣੇ ਪਰਿਵਾਰ ਦੇ ਆਰਥਿਕ ਹਾਲਾਤ ਸੁਧਾਰਨ ਲਈ ਕਰੀਬ ਸਾਲ ਪਹਿਲਾਂ ਹੀ ਦੁਬਈ ਆਇਆ ਸੀ ਕਿ



ਡਾ. ਐੱਸ.ਪੀ. ਸਿੰਘ ਓਬਰਾਏ।

ਬੀਤੀ 22 ਅਪ੍ਰੈਲ ਨੂੰ ਅਚਾਨਕ ਦਿਲ ਦਾ ਦੌਰਾ ਪੈ ਜਾਣ ਕਾਰਨ ਉਸਦੀ ਮੌਤ ਹੋ ਗਈ ਸੀ। ਡਾ. ਓਬਰਾਏ ਨੇ ਦੱਸਿਆ ਕਿ ਇਸ ਘਟਨਾ ਸਬੰਧੀ ਮ੍ਰਿਤਕ ਦੇ ਪਰਿਵਾਰਕ ਮੈਂਬਰਾਂ ਨੇ ਉਨ੍ਹਾਂ ਨਾਲ ਸੰਪਰਕ ਕਰ ਕੇ ਦੱਸਿਆ ਕਿ ਮ੍ਰਿਤਕ ਗੁਰਦੀਪ ਸਿੰਘ ਜੋ ਕਿ ਆਪਣੇ ਬਜ਼ੁਰਗ ਮਾਪਿਆਂ ਦਾ ਸਹਾਰਾ ਸੀ, ਉਸਦਾ ਮ੍ਰਿਤਕ ਸਰੀਰ ਭਾਰਤ ਭੇਜਣ ਲਈ ਉਨ੍ਹਾਂ ਦੀ ਮਦਦ ਕੀਤੀ ਜਾਵੇ, ਜਿਸ ਉਪਰੰਤ ਉਨ੍ਹਾਂ ਭਾਰਤੀ ਦੂਤਾਵਾਸ ਦੇ ਮਾਇਕ ਸਹਿਯੋਗ ਅਤੇ ਆਪਣੇ ਨਿੱਜੀ ਸਕੱਤਰ ਬਲਦੀਪ ਸਿੰਘ ਚਾਹਲ ਦੀ ਦੇਖ-ਰੇਖ 'ਚ ਤੁਰੰਤ ਸਾਰੀ ਲੋੜੀਂਦੀ ਕਾਗਜ਼ੀ ਕਾਰਵਾਈ ਮੁਕੰਮਲ ਕਰਵਾ ਕੇ ਗੁਰਦੀਪ ਸਿੰਘ ਦਾ ਮ੍ਰਿਤਕ ਸਰੀਰ ਭਾਰਤ ਭੇਜਿਆ ਹੈ। ਉਨ੍ਹਾਂ ਵਿਸ਼ੇਸ਼ ਤੌਰ 'ਤੇ ਜ਼ਿਕਰ ਕਰਦਿਆਂ ਦੱਸਿਆ ਕਿ ਗੁਰਦੀਪ ਸਿੰਘ ਦਾ ਮ੍ਰਿਤਕ ਸਰੀਰ ਭਾਰਤ ਭੇਜਣ ਲਈ ਆਇਆ ਖਰਚ ਦੁਬਈ ਸਥਿਤ ਭਾਰਤੀ ਕੌਂਸਲੇਟ ਨੇ ਕੀਤਾ ਹੈ।

ਪੀੜਤ ਪਰਿਵਾਰ ਨਾਲ ਹਵਾਈ ਅੱਡੇ 'ਤੇ ਦੁੱਖ ਸਾਂਝਾ ਕਰਨ ਪਹੁੰਚੀ ਟਰੱਸਟ ਦੀ ਅੰਮ੍ਰਿਤਸਰ ਟੀਮ ਵੱਲੋਂ ਪ੍ਰਧਾਨ ਸੁਖਜਿੰਦਰ ਸਿੰਘ ਹੇਰ, ਮਾਝਾ ਜ਼ੋਨ ਦੇ ਸਲਾਹਕਾਰ ਸੁਖਦੀਪ ਸਿੱਧੂ, ਜਨਰਲ ਸਕੱਤਰ ਮਨਪ੍ਰੀਤ ਸੰਧੂ ਚਮਿਆਰੀ ਤੇ ਖਜ਼ਾਨਚੀ ਨਵਜੀਤ ਘਈ ਨੇ ਦੱਸਿਆ ਕਿ ਡਾ. ਓਬਰਾਏ ਦੇ ਯਤਨਾਂ ਸਦਕਾ ਹੁਣ ਤੱਕ 325 ਦੇ ਕਰੀਬ ਬਦਨਸੀਬ ਲੋਕਾਂ ਦੇ ਮ੍ਰਿਤਕ ਸਰੀਰ ਉਨ੍ਹਾਂ ਦੇ ਵਾਰਸਾਂ ਤੱਕ ਪਹੁੰਚਾਏ ਜਾ ਚੁੱਕੇ ਹਨ।

ਇਸ ਦੌਰਾਨ ਹਵਾਈ ਅੱਡੇ 'ਤੇ ਮ੍ਰਿਤਕ ਦੇਹ ਲੈਣ ਪਹੁੰਚੇ, ਗੁਰਦੀਪ ਸਿੰਘ ਦੇ ਪਿਤਾ ਬਲਵਿੰਦਰ ਸਿੰਘ ਅਤੇ ਰਿਸ਼ਤੇਦਾਰਾਂ ਨੇ ਡਾ. ਐੱਸ.ਪੀ. ਸਿੰਘ ਓਬਰਾਏ ਦਾ ਇਸ ਵੱਡੇ ਉਪਰਾਲੇ ਲਈ ਸ਼ੁਕਰਾਨਾ ਕਰਦਿਆਂ ਕਿਹਾ ਕਿ ਉਨ੍ਹਾਂ ਦੀ ਬਦੌਲਤ ਹੀ ਗੁਰਦੀਪ ਦੇ ਬਜ਼ੁਰਗ ਮਾਪਿਆਂ ਤੇ ਹੋਰਨਾਂ ਪਰਿਵਾਰਕ ਮੈਂਬਰਾਂ ਨੂੰ ਉਸ ਦੇ ਅੰਤਿਮ ਦਰਸ਼ਨ ਨਸੀਬ ਹੋ ਸਕੇ ਹਨ।

# ਵਿਦੇਸ਼ ਪੜ੍ਹਾਈ ਦੇ ਸ਼ੌਕੀਨਾਂ ਲਈ ਵੀਜ਼ਾ ਪ੍ਰੋਸੈਸਿੰਗ ਲਈ ਜਾਇਦਾਦ ਦੇ ਨੈੱਟਵਰਥ ਸਰਟੀਫਿਕੇਟ ਦੀ ਹੁੰਦੀ ਹੈ ਵਿਸ਼ੇਸ਼ ਲੋੜ

ਨਵੀਂ ਦਿੱਲੀ, (ਪੰਜਾਬ ਮੇਲ)- ਵਿਦੇਸ਼ ਯੂਨੀਵਰਸਿਟੀ ਵਿਚ ਪੜ੍ਹਾਈ ਦੇ ਸ਼ੌਕੀਨਾਂ ਨੂੰ ਵੀਜ਼ਾ ਪ੍ਰੋਸੈਸਿੰਗ ਲਈ ਆਪਣੀ ਜਾਇਦਾਦ ਦੇ ਨੈੱਟ ਵਰਥ ਸਰਟੀਫਿਕੇਟ ਦੀ ਲੋੜ ਹੁੰਦੀ ਹੈ। ਕਿਸੇ ਪਰਿਵਾਰ ਦੀ ਚੱਲ ਅਤੇ ਅਚੱਲ ਜਾਇਦਾਦ ਵਿਚ ਇਕ ਚਾਰਟਰਡ ਅਕਾਊਂਟੈਂਟ ਦੁਆਰਾ ਨੈੱਟਵਰਥ ਸਰਟੀਫਿਕੇਟ ਦਿੱਤਾ ਜਾਂਦਾ ਹੈ, ਜਦਕਿ ਮੁੱਲ ਦੀ ਜਾਇਦਾਦ ਦੀ ਮਾਰਕੀਟ ਕੀਮਤ ਦੀ ਰਿਪੋਰਟ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਪਰਿਵਾਰ ਵਾਲਿਆਂ ਨੂੰ ਇਸ ਸਰਟੀਫਿਕੇਟ ਵਿਚ ਸ਼ੁਰੂ ਹੋਣ ਵਾਲੇ ਚੱਲ ਅਤੇ ਅਚੱਲ ਜਾਇਦਾਦ ਦੀ ਐਸੇਟ ਦੀ ਕੀ ਜਾਣਕਾਰੀ ਦੇਣੀ ਹੈ, ਇਸ ਨੂੰ ਲੈ ਕੇ ਬਹੁਤ ਜਾਗਰੂਕਤਾ ਹੈ।

ਖ਼ਾਸ ਕਰਕੇ ਇਸ ਭੰਬਲਭੂਸੇ ਵਿਚ ਮੁਲਾਜ਼ਮ ਵਰਗ ਅਤੇ ਕਿਸਾਨ ਪਰੇਸ਼ਾਨ ਹੁੰਦੇ ਹਨ ਕਿ ਇਸ ਵਿਚ ਕਿਹੜੀਆਂ ਅਚੱਲ ਜਾਇਦਾਦਾਂ ਸ਼ਾਮਲ ਹੁੰਦੀਆਂ ਹਨ। ਸ਼ਹਿਰ ਦੇ ਚਾਰਟਰਡ ਅਕਾਊਂਟੈਂਟਾਂ ਨੂੰ ਲੋਕ ਜਾਣਕਾਰੀ ਦੀ ਘਾਟ ਕਾਰਨ ਪੂਰੀ ਜਾਣਕਾਰੀ ਨਹੀਂ ਦਿੰਦੇ। ਜਿਸ ਕਾਰਨ ਉਨ੍ਹਾਂ ਦੀ ਆਰਥਿਕ ਪ੍ਰੋਫਾਈਲ ਵੀ ਸਹੀ ਨਹੀਂ ਬਣ ਪਾਉਂਦੀ। ਸਿਟੀ ਦੇ ਚਾਰਟਰਡ ਅਕਾਊਂਟੈਂਟ ਨੇ ਰਕਮ ਦੀ ਜਾਣਕਾਰੀ ਦਿੱਤੀ ਹੈ। ਵੀਜ਼ਾ ਪ੍ਰਕਿਰਿਆ ਲਈ ਲੋੜੀਂਦਾ ਨੈੱਟ ਵਰਥ ਸਰਟੀਫਿਕੇਟ ਦੀ ਲੋੜ ਚਾਰਟਰਡ ਅਕਾਊਂਟੈਂਟ ਦੁਆਰਾ ਤਿਆਰ ਅਤੇ ਹਸਤਾਖ਼ਰ ਇਕ ਸਰਟੀਫਿਕੇਟ ਹੁੰਦਾ ਹੈ। ਇਸ ਵਿਚ ਕਿਸੇ ਵਿਅਕਤੀ ਦੀ ਚੱਲ ਅਤੇ ਅਚੱਲ ਜਾਇਦਾਦ ਅਤੇ ਦੇਣਦਾਰੀਆਂ ਸ਼ਾਮਲ ਹੁੰਦੀਆਂ ਹਨ।

**ਮਹੱਤਵਪੂਰਨ ਬਿੰਦੂ :** ਨੈੱਟ ਵਰਥ ਸਰਟੀਫ਼ਿਕੇਟ ਲਈ ਆਰਕੀਟੈਕਟ ਅਤੇ ਸਿਵਲ ਇੰਜੀਨੀਅਰਾਂ ਦੁਆਰਾ ਜਾਇਦਾਦ ਦਾ ਮੁਲਾਂਕਣ ਕੀਤਾ ਜਾਂਦਾ ਹੈ, ਜਿਸ ਕਾਰਨ ਜ਼ਮੀਨ ਅਤੇ ਇਮਾਰਤ ਦਾ ਮੁਲਾਂਕਣ ਕੀਤਾ ਜਾਂਦਾ ਹੈ। ਇਹ ਮੁਲਾਂਕਣ ਰਿਪੋਰਟ ਵੱਧ ਤੋਂ ਵੱਧ ਇਕ ਜਾਂ ਦੋ ਮਹੀਨੇ ਪੁਰਾਣਾ ਹੋ ਸਕਦਾ ਹੈ। ਸਟੂਡੈਂਟ ਵੀਜ਼ਾ ਲਈ ਮਾਤਾ, ਪਿਤਾ ਦੇ ਨਾਂ 'ਤੇ ਆਉਣ ਵਾਲੀ ਜਾਇਦਾਦ ਅਤੇ ਬੈਂਕ ਬੈਲੇਂਸ ਨੂੰ ਸ਼ਾਮਲ ਕਰ ਸਕਦੇ ਹੋ।



### ਕਿਹੜੀਆਂ ਚੱਲ ਜਾਇਦਾਦਾਂ ਸ਼ਾਮਲ ਕੀਤੀਆਂ ਜਾ ਸਕਦੀਆਂ ਹਨ

- ਬਚਤ ਖਾਤੇ ਵਿਚ ਬਚੀ ਰਾਸ਼ੀ
- ਐੱਫ਼.ਡੀ.ਆਰ. ਅਕਾਊਂਟ ਵਿਚ ਬਚਤ ਰਾਸ਼ੀ
- ਪੋਸਟ ਆਫ਼ਿਸ, ਆਰ.ਡੀ. ਅਕਾਊਂਟ ਵਿਚ ਬੈਲੰਸ
- ਮਿਊਚਅਲ ਫੰਡ ਵਿਚ ਨਿਵੇਸ਼ ਦਾ ਮੁੱਲ
- ਪੀ.ਪੀ.ਐੱਫ਼. ਦੀ ਨਿਕਾਸੀ ਯੋਗ ਰਕਮ, ਈ.ਪੀ.ਐੱਫ. ਖਾਤਾ
- ਐੱਲ.ਆਈ.ਸੀ. ਅਤੇ ਹੋਰ ਬੀਮਾ ਪਾਲਿਸੀ ਦਾ ਸਹੀ ਮੁੱਲ
- ਕਾਰ ਅਤੇ ਹੋਰ ਵਾਹਨਾਂ ਦਾ ਮੁੱਲ
- ਸੋਨਾ, ਹੀਰਾ, ਹੋਰ ਘਰੇਲੂ ਸਾਮਾਨ, ਨਕਦੀ




# ਸ਼੍ਰੋਮਣੀ ਕਮੇਟੀ ਦੇ ਯਤਨਾਂ ਸਦਕਾ ਹਰੀਕੇ ਕੇਸ 'ਚ ਗ੍ਰਿਫ਼ਤਾਰ 15 ਨੌਜਵਾਨ ਹੋਏ ਰਿਹਾਅ

**■ਪੰਜਾਬ ਸਰਕਾਰ ਨੌਜਵਾਨਾਂ 'ਤੇ ਪਾਏ ਕੇਸ ਵਾਪਸ ਲਵੇ : ਐਡਵੋਕੇਟ ਧਾਮੀ**



**ਅੰਮ੍ਰਿਤਸਰ, (ਪੰਜਾਬ ਮੇਲ)**- ਬੀਤੇ ਦਿਨਾਂ ਅੰਦਰ ਪੰਜਾਬ ਦੇ ਨੌਜਵਾਨਾਂ ਦੀ ਪੁਲਿਸ ਵੱਲੋਂ ਫੜੋ-ਫੜੀ ਦੌਰਾਨ ਹਰੀਕੇ ਪੁੱਲ ਉੱਤੇ ਧਰਨੇ 'ਤੇ ਬੈਠੀਆਂ ਸੰਗਤਾਂ ਖਿਲਾਫ ਦਰਜ ਕੀਤੇ ਗਏ ਕੇਸਾਂ ਅਤੇ ਗ੍ਰਿਫ਼ਤਾਰ ਨੌਜਵਾਨਾਂ ਦੇ ਮਾਮਲਿਆਂ ਦੀ ਪੈਰਵਾਈ ਕਰਦਿਆਂ ਸ਼੍ਰੋਮਣੀ ਕਮੇਟੀ ਨੇ 15 ਨੌਜਵਾਨਾਂ ਦੀ ਰਿਹਾਈ ਕਰਵਾਈ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵੱਲੋਂ ਪੰਥਕ ਜਥੇਬੰਦੀਆਂ ਦੀ ਕੀਤੀ ਗਈ ਇਕੱਤਰਤਾ ਦੌਰਾਨ ਸ਼੍ਰੋਮਣੀ ਕਮੇਟੀ ਨੂੰ ਇਸ ਸਬੰਧ ਵਿਚ ਪੈਰਵਾਈ ਕਰਨ ਲਈ ਕਿਹਾ ਗਿਆ ਸੀ। ਸ਼੍ਰੋਮਣੀ ਕਮੇਟੀ ਦੇ ਯਤਨਾਂ ਨਾਲ ਰਿਹਾਅ ਹੋਏ ਨੌਜਵਾਨ ਇਥੇ ਸ਼੍ਰੋਮਣੀ ਕਮੇਟੀ ਦੇ ਦਫ਼ਤਰ ਵਿਖੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦਾ ਧੰਨਵਾਦ ਕਰਨ ਲਈ ਪੁੱਜੇ, ਜਿਨ੍ਹਾਂ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਐਡਵੋਕੇਟ ਧਾਮੀ ਨੇ ਉਨ੍ਹਾਂ ਨੂੰ ਵਿਸ਼ਵਾਸ ਦਵਾਇਆ ਕਿ ਕਿਸੇ ਨਾਲ ਵੀ ਅਨਿਆਂ ਹੋਣ 'ਤੇ ਸਿੱਖ ਸੰਸਥਾ ਸ਼੍ਰੋਮਣੀ ਕਮੇਟੀ ਸਹਾਇਤਾ ਅਤੇ ਸਹਿਯੋਗ ਲਈ ਵਚਨਬੱਧ ਹੈ ਅਤੇ ਰਹੇਗੀ। ਉਨ੍ਹਾਂ ਕਿਹਾ ਕਿ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਪੰਜਾਬ ਅੰਦਰ ਡਰ ਦਾ ਮਾਹੌਲ ਪੈਦਾ ਕਰਨ ਤੋਂ ਗੁਰੇਜ ਕਰੇ ਅਤੇ ਬੀਤੇ ਸਮੇਂ 'ਚ ਪੰਜਾਬ ਅੰਦਰ ਨੌਜਵਾਨਾਂ 'ਤੇ ਦਰਜ ਕੀਤੇ ਪਰਚਿਆਂ ਨੂੰ ਰੱਦ ਕਰੇ। ਐਡਵੋਕੇਟ ਧਾਮੀ ਨੇ ਇਸ ਦੌਰਾਨ ਦੱਸਿਆ ਕਿ ਸ਼੍ਰੋਮਣੀ ਕਮੇਟੀ ਵੱਲੋਂ ਐਡਵੋਕੇਟ ਭਗਵੰਤ ਸਿੰਘ ਸਿਆਲਕਾ ਦੀ ਅਗਵਾਈ 'ਚ ਕਾਨੂੰਨੀ ਪੈਨਲ ਗਠਤ ਕੀਤਾ ਗਿਆ ਸੀ, ਜਦਕਿ ਇਸ ਦੇ ਨਾਲ ਹੀ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਵੱਲੋਂ ਸਾਬਕਾ ਜਥੇਦਾਰ ਭਾਈ ਜਸਬੀਰ ਸਿੰਘ ਰੋਡੇ ਦੀ ਅਗਵਾਈ 'ਚ ਕਮੇਟੀ ਬਣਾਈ ਗਈ ਸੀ। ਦੋਹਾਂ ਵੱਲੋਂ ਨੌਜੁਆਨਾਂ ਦੇ ਕੇਸਾਂ ਦੀ ਪੈਰਵਾਈ ਸਾਂਝੇ ਤੌਰ 'ਤੇ ਕੀਤੀ ਗਈ ਹੈ, ਜਿਸ ਦੇ ਨਤੀਜੇ ਵਜੋਂ ਹਰੀਕੇ ਕੇਸ ਵਿਚ ਗ੍ਰਿਫ਼ਤਾਰ 15 ਨੌਜਵਾਨ ਰਿਹਾਅ ਕਰਵਾਏ ਗਏ ਹਨ।

ਇਸ ਮੌਕੇ ਸਾਬਕਾ ਜਥੇਦਾਰ ਸਿੰਘ ਸਾਹਿਬ ਭਾਈ ਜਸਬੀਰ ਸਿੰਘ ਰੋਡੇ ਨੇ ਕਿਹਾ ਕਿ ਪੰਜਾਬ ਦੀ ਸਰਕਾਰ ਨੂੰ ਬੀਤੇ ਦਿਨਾਂ ਅੰਦਰ ਹਰ ਨੌਜਵਾਨ 'ਤੇ ਪਾਏ ਕੇਸ ਨੂੰ ਸੰਜੀਦਗੀ ਨਾਲ ਮੁੜ ਵਿਚਾਰਨਾ ਚਾਹੀਦਾ ਹੈ, ਕਿਉਂਕਿ ਸਮਾਂ ਇਹ ਮੰਗ ਕਰਦਾ ਹੈ। ਇਸ ਦੌਰਾਨ ਐਡਵੋਕੇਟ ਭਗਵੰਤ ਸਿੰਘ ਸਿਆਲਕਾ ਨੇ ਦੱਸਿਆ ਕਿ ਹਰੀਕੇ ਪੁੱਲ ਵਾਲੇ ਕੇਸ ਵਿਚ ਪੁਲਿਸ ਨੇ 2 ਵੱਖ-ਵੱਖ ਪਰਚੇ ਦਰਜ ਕੀਤੇ ਸਨ, ਜਿਨ੍ਹਾਂ ਵਿਚ 15 ਨੌਜਵਾਨਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। ਉਨ੍ਹਾਂ ਦੱਸਿਆ ਕਿ ਦਰਜ ਕੀਤੇ ਪਰਚਿਆਂ ਵਿਚ ਆਈ.ਪੀ.ਸੀ. 307, 353, 186, 332, 341, 283, 431, 188, 148, 149, 120ਬੀ, 427, 201 ਅਤੇ ਨੈਸ਼ਨਲ ਹਾਈਵੇ ਐਕਟ ਦੀ 8ਬੀ ਧਾਰਾਵਾਂ ਲਗਾਈਆਂ ਗਈਆਂ ਸਨ। ਉਨ੍ਹਾਂ ਦੱਸਿਆ ਕਿ ਰਿਹਾਅ ਹੋਏ 15 ਵਿਚੋਂ 9 ਨੌਜਵਾਨਾਂ ਉੱਪਰ ਦਰਜ ਕੀਤੇ ਕੇਸ ਖਾਰਜ ਹੋਏ ਹਨ, ਜਦਕਿ 6 ਦੀ ਜ਼ਮਾਨਤ ਕਰਵਾਈ ਗਈ ਹੈ।

ਇਸ ਮੌਕੇ ਸਾਬਕਾ ਜਥੇਦਾਰ ਭਾਈ ਜਸਬੀਰ ਸਿੰਘ ਰੋਡੇ, ਸ਼੍ਰੋਮਣੀ ਕਮੇਟੀ ਦੇ ਅੰਤ੍ਰਿੰਗ ਕਮੇਟੀ ਮੈਂਬਰ ਸ. ਪਰਮਜੀਤ ਸਿੰਘ ਖਾਲਸਾ, ਸ਼੍ਰੋਮਣੀ ਕਮੇਟੀ ਮੈਂਬਰ ਐਡਵੋਕੇਟ ਭਗਵੰਤ ਸਿੰਘ ਸਿਆਲਕਾ, ਬਾਬਾ ਚਰਨਜੀਤ ਸਿੰਘ ਜੱਸੋਵਾਲ, ਸਕੱਤਰ ਸ. ਪ੍ਰਤਾਪ ਸਿੰਘ, ਸ. ਬਲਵਿੰਦਰ ਸਿੰਘ ਕਾਹਲਵਾਂ, ਬਾਬਾ ਸਤਨਾਮ ਸਿੰਘ ਵਲੀਆਂ ਆਦਿ ਮੌਜੂਦ ਸਨ।

# ਸਿਆਟਲ ਵਿਚ ਸ੍ਰੀ ਗੁਰੂ ਅਮਰਦਾਸ ਜੀ ਦਾ ਪ੍ਰਕਾਸ਼ ਪੁਰਬ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ



ਗੁਰਦੁਆਰਾ ਸੱਚਾ ਮਾਰਗ ਦਾ ਕੀਰਤਨੀ ਜੱਥਾ ਭਾਈ ਮੋਹਣ ਸਿੰਘ, ਭਾਈ ਕੁਲਵਿੰਦਰ ਸਿੰਘ ਤੇ ਭਾਈ ਤਾਰਾ ਸਿੰਘ ਕੀਰਤਨ ਕਰਕੇ ਗੁਰੂ ਦੀ ਉਪਮਾ ਕਰਦੇ ਸਮੇਂ ਅਤੇ ਕੁਲਵੰਤ ਸਿੰਘ ਸ਼ਾਹ ਮਠਿਆਈ-ਰਸਗੁੱਲਿਆਂ ਦੀ ਸੇਵਾ ਕਰਦੇ ਸਮੇਂ।

**ਸਿਆਟਲ, (ਗੁਰਚਰਨ ਸਿੰਘ ਢਿੱਲੋਂ/ਪੰਜਾਬ ਮੇਲ)**-ਤੀਸਰੀ ਪਾਤਸ਼ਾਹੀ ਸ੍ਰੀ ਗੁਰੂ ਅਮਰਦਾਸ ਜੀ ਦਾ ਗੁਰਪੁਰਬ ਸਿਆਟਲ ਦੇ ਵੱਖ-ਵੱਖ ਗੁਰੂਘਰਾਂ ਵਿਚ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਇਆ ਗਿਆ। ਗੁਰਦੁਆਰਾ ਸੱਚਾ ਮਾਰਗ ਸ੍ਰੀ ਅਖੰਡ ਪਾਠ ਜੀ ਦੇ ਭੋਗ ਪੈਣ ਉਪਰੰਤ ਹਫਤਾਵਾਰੀ ਧਾਰਮਿਕ ਦੀਵਾਨ ਸਜਾਏ ਗਏ, ਜਿੱਥੇ ਗੁਰੂ ਘਰ ਦੇ ਕੀਰਤਨੀ ਜੱਥੇ ਭਾਈ ਕੁਲਵਿੰਦਰ ਸਿੰਘ ਨੇ ਰਸਭਿੰਨਾ ਕੀਰਤਨ ਰਾਹੀਂ ਸ੍ਰੀ ਗੁਰੂ ਅਮਰਦਾਸ ਜੀ ਦੇ ਜੀਵਨ ਬਾਰੇ ਚਾਨਣਾ ਪਾਇਆ ਅਤੇ ਉਨ੍ਹਾਂ ਮੁਤਾਬਕ ਚੱਲਣ ਲਈ ਪ੍ਰੇਰਿਤ ਕੀਤਾ। ਸਟੇਜ ਤੋਂ ਭਾਈ ਹਰਸ਼ਿੰਦਰ ਸਿੰਘ ਸੰਧੂ ਨੇ ਸੰਗਤ ਨੂੰ ਗੁਰਪੁਰਬ ਦੀਆਂ ਵਧਾਈਆਂ ਦਿੱਤੀਆਂ। ਹਰਪ੍ਰੀਤ ਸਿੰਘ ਮਾਹਲ ਦੇ ਪਰਿਵਾਰ ਨੇ ਲੰਗਰਾਂ ਦੀ ਸੇਵਾ ਬੜੀ ਸ਼ਰਧਾ ਨਾਲ ਗੁਰਦੁਆਰਾ ਸਿੰਘ ਸਭਾ ਰੈਨਟਨ ਵਿਚ ਭਾਈ ਵਰਿਆਮ ਸਿੰਘ ਤੇ ਭਾਈ ਜਰਨੈਲ ਸਿੰਘ ਨੇ ਰਸਭਿੰਨਾ ਕੀਰਤਨ ਕਰਕੇ ਗੁਰੂ ਦੀ ਉਪਮਾ ਕੀਤੀ। ਹੈੱਡ ਗ੍ਰੰਥੀ ਭਾਈ ਦਰਸ਼ਨ ਸਿੰਘ ਨੇ ਕਥਾ ਰਾਹੀਂ ਸ੍ਰੀ ਗੁਰੂ ਅਮਰਦਾਸ ਜੀ ਦੇ ਜੀਵਨ ਬਾਰੇ ਚਾਨਣਾ ਪਾਇਆ। ਇਸ ਮੌਕੇ ਭਾਰੀ ਗਿਣਤੀ 'ਚ ਸੰਗਤਾਂ ਗੁਰਦੁਆਰਾ ਸਾਹਿਬ ਪਹੁੰਚ ਕੇ ਨਤਮਸਤਕ ਹੋਈਆਂ। ਗੁਰੂ ਦਾ ਅਟੁੱਟ ਲੰਗਰ ਵਰਤਾਇਆ ਗਿਆ।

# ਅਜੈ ਬੰਗਾ ਵਿਸ਼ਵ ਬੈਂਕ ਦੇ ਮੁਖੀ ਨਿਯੁਕਤ

**■ਅਹੁਦਾ ਸੰਭਾਲਣ ਵਾਲੇ ਪਹਿਲੇ ਸਿੱਖ ਤੇ ਭਾਰਤੀ-ਅਮਰੀਕੀ**



**ਵਾਸ਼ਿੰਗਟਨ, (ਪੰਜਾਬ ਮੇਲ)**-ਅਜੈ ਬੰਗਾ (63) ਨੂੰ ਵਿਸ਼ਵ ਬੈਂਕ ਦਾ ਅਗਲਾ ਪ੍ਰਧਾਨ ਨਿਯੁਕਤ ਕੀਤਾ ਗਿਆ। ਇਸ ਦੇ ਨਾਲ ਹੀ ਉਹ ਵਿਸ਼ਵ ਵਿੱਤੀ ਸੰਸਥਾ ਦੇ ਮੁਖੀ ਬਣਨ ਵਾਲੇ ਪਹਿਲੇ ਸਿੱਖ ਤੇ ਭਾਰਤੀ-ਅਮਰੀਕੀ ਬਣ ਗਏ ਹਨ। ਅਜੈ ਬੰਗਾ ਨੇ ਕਿਹਾ ਕਿ ਉਹ ਅਜਿਹੇ ਸਮੇਂ ਵਿਚ ਵਿਸ਼ਵ ਬੈਂਕ ਨਾਲ ਕੰਮ ਕਰਨ ਨੂੰ ਲੈ ਕੇ ਉਤਸ਼ਾਹਿਤ ਹਨ, ਜਦੋਂ ਇਹ ਵਿਕਾਸਸ਼ੀਲ ਦੇਸ਼ਾਂ ਨੂੰ ਦਰਪੇਸ਼ ਮੁਸ਼ਕਿਲ ਵਿਕਾਸ ਚੁਣੌਤੀਆਂ ਨਾਲ ਨਜਿੱਠਣ ਦਾ ਸਾਹਮਣਾ ਕਰ ਰਹੀ ਹੈ। ਵਿਸ਼ਵ ਬੈਂਕ ਦੇ ਕਾਰਜਕਾਰੀ ਨਿਰਦੇਸ਼ਕਾਂ ਵੱਲੋਂ ਅਜੈ ਬੰਗਾ ਨੂੰ 2 ਜੂਨ, 2023 ਤੋਂ ਸ਼ੁਰੂ ਹੋਣ ਵਾਲੇ ਪੰਜ ਸਾਲਾਂ ਦੇ ਕਾਰਜਕਾਲ ਲਈ ਵਿਸ਼ਵ ਬੈਂਕ ਦਾ ਪ੍ਰਧਾਨ ਚੁਣਿਆ ਗਿਆ ਹੈ। ਫਰਵਰੀ ਵਿਚ ਰਾਸ਼ਟਰਪਤੀ ਜੋਅ ਬਾਇਡਨ ਨੇ ਐਲਾਨ ਕੀਤਾ ਸੀ ਕਿ ਅਮਰੀਕਾ ਬੰਗਾ ਨੂੰ ਵਿਸ਼ਵ ਬੈਂਕ ਦੀ ਅਗਵਾਈ ਕਰਨ ਲਈ ਨਾਮਜ਼ਦ ਕਰੇਗਾ, ਕਿਉਂਕਿ ਉਹ ਇਤਿਹਾਸ ਦੇ ਇਸ ਨਾਜ਼ੁਕ ਪਲ ਵਿਚ ਵਿਸ਼ਵ ਵਿੱਤੀ ਸੰਸਥਾ ਦੀ ਅਗਵਾਈ ਕਰਨ ਲਈ ਸਭ ਤੋਂ ਯੋਗ ਹਨ। ਬੰਗਾ ਇਸ ਸਮੇਂ ਜਨਰਲ ਐਟਲਾਂਟਿਕ ਵਿਚ ਉਪ ਚੇਅਰਮੈਨ ਵਜੋਂ ਸੇਵਾਵਾਂ ਨਿਭਾਅ ਰਹੇ ਸਨ। ਇਸ ਤੋਂ ਪਹਿਲਾਂ ਉਹ ਲਗਭਗ 24 ਹਜ਼ਾਰ ਕਰਮਚਾਰੀਆਂ ਵਾਲੀ ਵਿਸ਼ਵ ਦੀ ਪ੍ਰਮੁੱਖ ਕੰਪਨੀ 'ਮਾਸਟਰਕਾਰਡ' ਦੇ ਪ੍ਰਧਾਨ ਅਤੇ ਸੀ.ਈ.ਓ. ਸਨ। ਅਹੁਦਾ ਸੰਭਾਲਣ ਵਾਲੇ ਉਹ ਪਹਿਲੇ ਸਿੱਖ ਤੇ ਭਾਰਤੀ-ਅਮਰੀਕੀ ਹੋਣਗੇ।

**ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com**



# ਸਿਆਟਲ ਦੇ ਮੁੱਖ ਗੁਰਦੁਆਰੇ ਸਿੰਘ ਸਭਾ ਰੈਨਟਨ ਦੀ 11 ਮੈਂਬਰੀ ਪ੍ਰਬੰਧਕ ਕਮੇਟੀ ਦਾ ਐਲਾਨ

**■ਕਸ਼ਮੀਰ ਸਿੰਘ ਹੋਠੀ ਪ੍ਰਧਾਨ ਤੇ ਲਖਬੀਰ ਸਿੰਘ ਸੈਕਟਰੀ ਨਿਯੁਕਤੀ**




ਗੁਰਦੁਆਰਾ ਸਿੰਘ ਸਭਾ ਰੈਨਟਨ ਦੀ ਚੁਣੀ ਗਈ 11 ਮੈਂਬਰੀ ਪ੍ਰਬੰਧਕ ਕਮੇਟੀ। (ਸੱਜੇ) ਪੰਜ ਮੈਂਬਰੀ ਚੋਣ ਕਮੇਟੀ ਦਾ ਪੈਨਲ ਨਵੀਂ 2 ਸਾਲ ਲਈ ਮੈਂਬਰੀ ਪ੍ਰਬੰਧਕ ਕਮੇਟੀ ਦਾ ਐਲਾਨ ਕਰਦੇ ਸਮੇਂ।


**ਸਿਆਟਲ, (ਗੁਰਚਰਨ ਸਿੰਘ ਢਿੱਲੋਂ/ਪੰਜਾਬ ਮੇਲ)**- ਸਿਆਟਲ ਦੇ ਮੁੱਖ ਗੁਰਦੁਆਰੇ ਸਿੰਘ ਸਭਾ ਰੈਨਟਨ ਦੀ 11 ਮੈਂਬਰੀ ਪ੍ਰਬੰਧਕ ਕਮੇਟੀ ਦਾ ਸੰਗਤ ਦੀ ਪ੍ਰਵਾਨਗੀ ਤੇ ਜੈਕਾਰਿਆਂ ਦੀ ਆਵਾਜ਼ ਹੇਠ ਐਲਾਨ ਕੀਤਾ ਗਿਆ, ਜਿਸ ਵਿਚ ਕਸ਼ਮੀਰ ਸਿੰਘ ਹੋਠੀ ਨੂੰ ਪ੍ਰਧਾਨ, ਕੈਪਟਨ ਬਲਦੇਵ ਸਿੰਘ ਉਪ ਪ੍ਰਧਾਨ, ਲਖਬੀਰ ਸਿੰਘ ਸੈਕਟਰੀ, ਪਰਮਜੀਤ ਸਿੰਘ ਸਹਾਇਕ ਸੈਕਟਰੀ, ਗਗਨਦੀਪ ਸਿੰਘ ਖਜ਼ਾਨਚੀ ਤੇ ਅਮਰੀਕ ਸਿੰਘ ਖਾਂਬਰਾ ਨੂੰ ਸਹਾਇਕ ਖਜ਼ਾਨਚੀ ਨਿਯੁਕਤ ਕੀਤਾ ਗਿਆ ਹੈ। ਕਾਰਜਕਾਰੀ ਕਮੇਟੀ ਵਿਚ ਪੰਜ ਮੈਂਬਰ ਹਰਿੰਦਰਪਾਲ ਸਿੰਘ ਬੈਂਸ, ਬੀਬੀ ਸ਼ਿੰਦਰ ਕੌਰ, ਅਮਰ ਸਿੰਘ, ਸੁਖਦੇਵ ਸਿੰਘ ਨਾਗਰਾ ਤੇ ਮਲੂਕ ਸਿੰਘ ਲਏ ਗਏ ਹਨ, ਜਿਨ੍ਹਾਂ ਨੂੰ ਰਿਕਾਰਡਿੰਗ ਸੈਕਟਰੀ ਦੀ ਡਿਊਟੀ ਸੌਂਪੀ ਗਈ ਹੈ। ਪੰਜ ਮੈਂਬਰੀ ਚੋਣ ਕਮੇਟੀ ਡਾਕਟਰ ਸਰਬਜੀਤ ਸਿੰਘ ਵਿਰਕ, ਹਰਸ਼ਰਨ ਸਿੰਘ ਰੰਧਾਵਾ ਸਾਬਕਾ ਮੈਨੇਜਰ, ਜਗਜੀਤ ਸਿੰਘ, ਭਾਈ ਅਮਰੀਕ ਸਿੰਘ, ਬੀਬੀ ਸੁਰਿੰਦਰ ਕੌਰ ਜਿਨ੍ਹਾਂ ਨੇ ਸਰਬਸੰਮਤੀ ਨਾਲ 11 ਮੈਂਬਰੀ ਪ੍ਰਬੰਧਕ ਕਮੇਟੀ ਦੀ ਚੋਣ ਦਾ ਐਲਾਨ ਕੀਤਾ ਅਤੇ ਸੰਗਤ ਨੇ ਪ੍ਰਵਾਨਗੀ ਦਿੱਤੀ। ਪੰਜਾਬ ਸਪੋਰਟਸ ਕਲੱਬ ਸਿਆਟਲ ਦੇ ਸਾਬਕਾ ਪ੍ਰਧਾਨ ਦਇਆਬੀਰ ਸਿੰਘ ਪਿੰਟੂ ਬਾਠ ਤੇ ਬਲਜੀਤ ਸਿੰਘ ਸੋਹਲ ਨੇ ਪੁਰਾਣੀ ਪ੍ਰਬੰਧਕ ਕਮੇਟੀ ਦੀ ਸ਼ਲਾਘਾ ਕੀਤੀ, ਜਿਨ੍ਹਾਂ ਨੂੰ ਸੰਗਤ ਦੀ ਹਾਜ਼ਰੀ ਵਿਚ ਸਿਰੋਪਾਉ ਦੇ ਕੇ ਨਿਵਾਜਿਆ ਗਿਆ ਅਤੇ ਕਾਰਗੁਜ਼ਾਰੀ 'ਤੇ ਤਸੱਲੀ ਪ੍ਰਗਟ ਕੀਤੀ। ਸੰਗਤ ਨੇ ਆਸ ਪ੍ਰਗਟ ਕੀਤੀ ਕਿ 11 ਮੈਂਬਰੀ ਪ੍ਰਬੰਧਕ ਕਮੇਟੀ ਗੁਰਦੁਆਰੇ ਦੇ ਲੋੜੀਂਦੇ ਕਾਰਜ ਪਹਿਲ ਦੇ ਆਧਾਰ 'ਤੇ ਕਰੇਗੀ ਅਤੇ ਅਨੁਸ਼ਾਸਨ ਕਾਇਮ ਰੱਖੇਗੀ।

### ਕੋਚ ਨਾਲ ਛੇੜਖਾਨੀ ਮਾਮਲਾ: ਹਰਿਆਣਾ ਦੇ ਮੰਤਰੀ ਸੰਦੀਪ ਸਿੰਘ ਵੱਲੋਂ ਪੌਲੀਗ੍ਰਾਫ ਟੈਸਟ ਕਰਾਉਣ ਤੋਂ ਇਨਕਾਰ

**ਚੰਡੀਗੜ੍ਹ, (ਪੰਜਾਬ ਮੇਲ)**- ਹਰਿਆਣਾ ਦੇ ਮੰਤਰੀ ਸੰਦੀਪ ਸਿੰਘ ਨੇ ਕਥਿਤ ਛੇੜਛਾੜ ਦੇ ਕੇਸ ਵਿਚ ਝੂਠ ਫੜਨ ਵਾਲਾ (ਪੌਲੀਗ੍ਰਾਫ਼) ਟੈਸਟ ਲਈ ਸਹਿਮਤੀ ਦੇਣ ਤੋਂ ਇਨਕਾਰ ਕਰ ਦਿੱਤਾ ਹੈ। ਉਸ ਵਿਰੁੱਧ ਬੀਤੇ ਸਾਲ ਕੇਸ ਦਰਜ ਕੀਤਾ ਗਿਆ ਸੀ। ਮੰਤਰੀ ਨੇ ਸਥਾਨਕ ਅਦਾਲਤ 'ਚ ਕਥਿਤ ਛੇੜਛਾੜ ਦੇ ਕੇਸ ਵਿਚ ਪੌਲੀਗ੍ਰਾਫ ਟੈਸਟ ਕਰਵਾਉਣ ਦੀ ਇਜਾਜ਼ਤ ਮੰਗਣ ਲਈ ਚੰਡੀਗੜ੍ਹ ਪੁਲਿਸ ਵੱਲੋਂ ਦਾਇਰ ਕੀਤੀ ਅਰਜ਼ੀ ਦਾ ਵਿਸਤ੍ਰਿਤ ਜਵਾਬ ਸੌਂਪਿਆ।

**ਸ਼ੋਕ ਸਮਾਚਾਰ**

### ਡਾ. ਕੁਲਦੀਪ ਚਾਹਲ ਅਤੇ ਹਰਕੀਰਤ ਕੌਰ ਚਾਹਲ ਨੂੰ ਸਦਮਾ; ਨੌਜਵਾਨ ਪੁੱਤਰ ਦੀ ਮੌਤ



ਡਾ. ਕੰਵਰ ਚਾਹਲ

**ਸਰੀ, (ਹਰਦਮ ਮਾਨ/ਪੰਜਾਬ ਮੇਲ)**- ਕੈਨੇਡਾ ਦੇ ਪੰਜਾਬੀ ਭਾਈਚਾਰੇ ਲਈ ਬੜੀ ਦੁਖਦ ਖ਼ਬਰ ਹੈ ਕਿ ਚਿਲੀਵੈਕ (ਬੀ.ਸੀ.) ਦੇ ਵਸਨੀਕ, ਪੰਜਾਬੀ ਦੀ ਪ੍ਰਸਿੱਧ ਨਾਵਲਕਾਰ ਹਰਕੀਰਤ ਕੌਰ ਚਾਹਲ ਅਤੇ ਪੀ.ਏ.ਯੂ. ਫੈਮਲੀ ਐਸੋਸੀਏਸ਼ਨ ਵੈਨਕੂਵਰ ਦੇ ਮੈਂਬਰ ਡਾ. ਕੁਲਦੀਪ ਚਾਹਲ (ਪੀ.ਏ.ਯੂ.) ਦੇ ਨੌਜਵਾਨ ਪੁੱਤਰ ਡਾ. ਕੰਵਰ ਚਾਹਲ ਬੀਤੇ ਦਿਨੀਂ ਸਦੀਵੀ ਵਿਛੋੜਾ ਦੇ ਗਿਆ ਹੈ। ਉਹ ਪਿਛਲੇ ਦਿਨਾਂ ਵਿਚ ਭਾਰਤ ਗਿਆ ਹੋਇਆ ਸੀ ਅਤੇ ਹਸਪਤਾਲ ਵਿਚ ਜ਼ੇਰੇ-ਇਲਾਜ ਸੀ। ਡਾ. ਕੰਵਰ ਚਾਹਲ ਦੀ ਮੌਤ ਉੱਪਰ ਡੂੰਘੇ ਦੁੱਖ ਦਾ ਇਜ਼ਹਾਰ ਕਰਦਿਆਂ ਪੀ.ਏ.ਯੂ. ਫੈਮਲੀ ਐਸੋਸੀਏਸ਼ਨ ਵੈਨਕੂਵਰ ਦੇ ਪ੍ਰਧਾਨ ਡਾ. ਗੁਲਜ਼ਾਰ ਸਿੰਘ ਵਿਲਿੰਗ ਅਤੇ ਰੈਵੋਲਿਊਸ਼ਨਰੀ ਪਾਥ ਗਰੁੱਪ ਦੇ ਮੈਂਬਰ ਸੁਰਿੰਦਰ ਚਾਹਲ ਨੇ ਡਾ. ਕੁਲਦੀਪ ਚਾਹਲ ਅਤੇ ਹਰਕੀਰਤ ਕੌਰ ਚਾਹਲ ਨਾਲ ਦਿਲੀ ਹਮਦਰਦੀ ਦਾ ਪ੍ਰਗਟਾਵਾ ਕੀਤਾ ਹੈ।

ਨਾਮਵਰ ਵਿਦਵਾਨ ਡਾ. ਸਾਧੂ ਸਿੰਘ, ਪ੍ਰਸਿੱਧ ਨਾਵਲਕਾਰ ਜਰਨੈਲ ਸਿੰਘ ਸੇਖਾ, ਚਿੱਤਰਕਾਰ ਜਰਨੈਲ ਸਿੰਘ, ਸ਼ਾਇਰ ਮੋਹਨ ਗਿੱਲ, ਗੁਲਾਟੀ ਪਬਲਿਸ਼ਰਜ਼ ਸਰੀ ਦੇ ਸਤੀਸ਼ ਗੁਲਾਟੀ, ਸ਼ਾਇਰ ਹਰਦਮ ਮਾਨ, ਗੁਰਦੀਪ ਆਰਟਸ ਅਕੈਡਮੀ ਦੇ ਗੁਰਦੀਪ ਭੁੱਲਰ ਅਤੇ ਅੰਗਰੇਜ਼ ਬਰਾੜ ਨੇ ਦੁੱਖ ਦਾ ਇਜ਼ਹਾਰ ਕਰਦਿਆਂ ਦੁਖੀ ਪਰਿਵਾਰ ਨਾਲ ਹਮਦਰਦੀ ਪ੍ਰਗਟ ਕੀਤੀ ਹੈ।

**ਸ਼ੋਕ ਸਮਾਚਾਰ**

### ਸਿਆਟਲ ਦੇ ਸਮਾਜ ਸੇਵੀ ਤੇ ਧਾਰਮਿਕ ਬਿਰਤੀ ਵਾਲੇ ਬਹਾਦਰ ਸਿੰਘ ਨਹੀਂ ਰਹੇ




ਸਵ. ਬਹਾਦਰ ਸਿੰਘ ਦੀ ਯਾਦਗਾਰੀ ਤਸਵੀਰ।

**ਸਿਆਟਲ, (ਗੁਰਚਰਨ ਸਿੰਘ ਢਿੱਲੋਂ/ਪੰਜਾਬ ਮੇਲ)**- ਸਿਆਟਲ ਦੀ ਜਾਣੀ-ਪਛਾਣੀ ਸ਼ਖਸੀਅਤ, ਧਾਰਮਿਕ ਬਿਰਤੀ ਤੇ ਉੱਘੇ ਸਮਾਜ ਸੇਵੀ ਬਹਾਦਰ ਸਿੰਘ (84) ਦਾ ਲੰਮੀ ਬਿਮਾਰੀ ਕਾਰਨ ਮੌਤ ਹੋ ਗਈ। ਉਨ੍ਹਾਂ ਆਪਣੇ ਜਿਊਂਦੇ ਜੀਅ ਮੈਡੀਕਲ ਰੀਸਰਚ ਵਿਭਾਗ ਨੂੰ ਬਾਡੀ ਦਾਨ ਕਰਨ 'ਤੇ ਦਸਤਖਤ ਕਰ ਦਿੱਤੇ ਸਨ, ਜਿਸ ਕਰਕੇ ਉਨ੍ਹਾਂ ਦੀ ਮੌਤ ਤੋਂ ਬਾਅਦ ਮੈਡੀਕਲ ਰੀਸਰਚ ਵਿਭਾਗ ਦੇ ਅਧਿਕਾਰੀ ਉਨ੍ਹਾਂ ਦੀ ਬਾਡੀ ਉਠਾ ਕੇ ਲੈ ਗਏ। ਉਹ ਆਪਣੇ ਪਿੱਛੇ ਪਤਨੀ ਮਨਜੀਤ ਕੌਰ ਤੇ ਦੋ ਲੜਕੀਆਂ ਮਨਦੀਪ ਕੌਰ ਤੇ ਜਗਦੀਪ ਕੌਰ ਛੱਡ ਗਏ ਹਨ। ਉਨ੍ਹਾਂ ਦੀ ਆਤਮਿਕ ਸ਼ਾਂਤੀ ਲਈ ਖਾਲਸਾ ਗੁਰਮਤਿ ਸੈਂਟਰ/ਸਕੂਲ ਵਿਚ ਸ਼ਾਮ 4 ਤੋਂ 6 ਵਜੇ ਤੱਕ ਸਹਿਜ ਪਾਠ ਦੇ ਭੋਗ, ਕੀਰਤਨ ਤੇ ਅੰਤਿਮ ਅਰਦਾਸ ਹੋਵੇਗੀ। ਇਕ ਜਾਣਕਾਰੀ ਦਿੰਦੇ ਹੋਏ ਹੀਰਾ ਸਿੰਘ ਭੁੱਲਰ ਨੇ ਦੱਸਿਆ ਕਿ ਪਿਛਲੇ 2 ਸਾਲ ਤੋਂ ਆਪਣੀ ਲੜਕੀ ਮਨਦੀਪ ਕੌਰ ਪਾਸ ਰਹਿ ਰਹੇ ਸਨ, ਜੋ ਇਕ ਸਾਲ ਤੋਂ ਬਿਮਾਰ ਚੱਲ ਰਹੇ ਸਨ। ਸਿਆਟਲ ਦੇ ਪੰਜਾਬੀ ਭਾਈਚਾਰੇ ਤੇ ਵੱਖ-ਵੱਖ ਗੁਰਦੁਆਰਿਆਂ ਦੀ ਸੰਗਤ ਤੇ ਪ੍ਰਬੰਧਕ ਕਮੇਟੀਆਂ ਨੇ ਬਹਾਦਰ ਸਿੰਘ ਦੀ ਮੌਤ ਦੀ ਖਬਰ ਸੁਣਦਿਆਂ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।

### ਅਲਬਰਟਾ 'ਚ ਪਟਿਆਲਾ ਦੇ ਨੌਜਵਾਨ ਦੀ ਦਿਲ ਦਾ ਦੌਰਾ ਪੈਣ ਕਾਰਨ ਮੌਤ



**ਪਟਿਆਲਾ/ਅਲਬਰਟਾ, (ਪੰਜਾਬ ਮੇਲ)**- ਸਥਾਨਕ ਢਿੱਲੋਂ ਕਲੋਨੀ ਦੇ ਵਸਨੀਕ ਗਮਦੂਰ ਸਿੰਘ ਦੇ ਪੁੱਤਰ ਕਰਨ ਖੱਟੜਾ (24) ਦੀ ਕੈਨੇਡਾ ਵਿਚ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਕਰਨ ਪਿਛਲੇ ਸਾਢੇ ਤਿੰਨ ਸਾਲਾਂ ਤੋਂ ਅਲਬਰਟਾ ਵਿੱਚ ਪੜ੍ਹਾਈ ਕਰ ਰਿਹਾ ਸੀ, ਪਰ ਅਚਾਨਕ ਉਸ ਨੂੰ ਦਿਲ ਦਾ ਦੌਰਾ ਪੈ ਗਿਆ। ਕਰਨ ਦੇ ਪਿਤਾ ਗਮਦੂਰ ਸਿੰਘ ਨੇ ਦੱਸਿਆ ਕਿ ਕਰਨ ਪੜ੍ਹਾਈ ਕਰਨ ਲਈ ਕੈਨੇਡਾ ਗਿਆ ਸੀ ਤੇ ਹਾਲ ਹੀ ਵਿਚ ਉਸ ਨੇ ਉਥੇ ਪੱਕੇ ਹੋਣ ਲਈ ਫਾਈਲ ਵੀ ਲਗਾਈ ਹੋਈ ਸੀ। ਉਨ੍ਹਾਂ ਦੱਸਿਆ ਕਿ ਕਰਨ ਦੋ ਭੈਣਾਂ ਦਾ ਇਕਲੌਤਾ ਭਰਾ ਸੀ।


EXPO
FURNITURE
Gallery
FALL SAVINGS
PRICES ARE FALLING!
SAVE UP TO
70%
OFF IN STORE
7310 Home Leisure Plaza
Sacramento, CA 95823
(916) 392-3233
11415 Folsom Blvd. STE #105
Rancho Cordova, CA 95742
(916) 635-3976
Promotion does not apply to previous purchases. 0% Financing available on approved credit - see store for details. "Up to 70% Off" items are available in-store only and are limited in quantity. They will be sold on a first come, first serve basis and may include floor model items, discontinued items and slightly imperfect items. Although every precaution is taken, errors in pricing/description may occur. We reserve the right to correct any such errors.

# ਅਮਰੀਕਾ ਪੜ੍ਹਾਈ ਦੇ ਮਾਮਲੇ 'ਚ ਭਾਰਤੀ ਵਿਦਿਆਰਥੀਆਂ ਲਈ ਪਸੰਦੀਦਾ ਦੇਸ਼ ਬਣਿਆ

■ ਚੀਨ ਸਮੇਤ ਹੋਰ ਦੇਸ਼ਾਂ ਤੋਂ ਗਿਣਤੀ ਘਟੀ



**ਵਾਸ਼ਿੰਗਟਨ, (ਪੰਜਾਬ ਮੇਲ)-** ਪੜ੍ਹਾਈ ਦੇ ਮਾਮਲੇ ਵਿਚ ਅਮਰੀਕਾ ਭਾਰਤੀ ਵਿਦਿਆਰਥੀਆਂ ਲਈ ਪਸੰਦੀਦਾ ਦੇਸ਼ ਹੈ। ਇੱਕ ਨਵੀਂ ਰਿਪੋਰਟ ਦੇ ਅਨੁਸਾਰ ਪਿਛਲੇ ਸਾਲ ਦੇ ਮੁਕਾਬਲੇ 2022 ਵਿਚ ਭਾਰਤ ਤੋਂ ਵੱਧ ਵਿਦਿਆਰਥੀ ਸੰਯੁਕਤ ਰਾਜ ਅਮਰੀਕਾ ਆਏ, ਜਦੋਂਕਿ ਚੀਨ ਤੋਂ ਆਉਣ ਵਾਲਿਆਂ ਦੀ ਗਿਣਤੀ ਵਿਚ ਕਮੀ ਆਈ। ਯੂ.ਐੱਸ ਇਮੀਗ੍ਰੇਸ਼ਨ ਅਤੇ ਕਸਟਮਜ਼ ਐਨਫੋਰਸਮੈਂਟ ਨੇ ਆਪਣੀ ਸਾਲਾਨਾ ਰਿਪੋਰਟ ਵਿਚ ਕਿਹਾ ਕਿ ਚੀਨ ਅਤੇ ਭਾਰਤ ਦੇ ਵਿਦਿਆਰਥੀਆਂ ਦੀ ਗਿਣਤੀ ਨੇ ਏਸ਼ੀਆ ਨੂੰ ਸਭ ਤੋਂ ਪ੍ਰਸਿੱਧ ਮਹਾਂਦੀਪ ਬਣਾਇਆ ਹੈ। ਕੈਲੰਡਰ ਸਾਲ 2020 ਤੋਂ 2021 ਵਿਚ ਚੀਨ ਨੇ 2021 (–24,796) ਦੇ ਮੁਕਾਬਲੇ 2022 ਵਿਚ ਘੱਟ ਵਿਦਿਆਰਥੀ ਭੇਜੇ, ਜਦੋਂ ਕਿ ਭਾਰਤ ਨੇ ਲਗਭਗ (+64,300) ਵੱਧ ਵਿਦਿਆਰਥੀ ਭੇਜੇ।

ਸਟੂਡੈਂਟ ਐਂਡ ਐਕਸਚੇਂਜ ਵਿਜ਼ਿਟਰ ਪ੍ਰੋਗਰਾਮ ਦੇ ਅਨੁਸਾਰ 12ਵੀਂ ਜਮਾਤ ਤੱਕ ਕਿੰਡਰਗਾਰਟਨ ਵਿਚ ਦਾਖਲ ਹੋਏ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਗਿਣਤੀ 2021 ਤੋਂ 2022 (+3,887) ਤੱਕ 7.8 ਪ੍ਰਤੀਸ਼ਤ ਵਧੀ। ਰਿਪੋਰਟ ਵਿਚ ਕਿਹਾ ਗਿਆ ਕਿ ਕਿਸੇ ਵੀ ਕੇ-12 ਸਕੂਲ ਨੇ ਕੈਲੰਡਰ ਸਾਲ 2022 ਵਿਚ 700 ਤੋਂ ਵੱਧ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਮੇਜ਼ਬਾਨੀ ਨਹੀਂ ਕੀਤੀ, ਇਹ ਗਿਣਤੀ ਕੈਲੰਡਰ ਸਾਲ 2021 ਦੇ ਬਰਾਬਰ ਹੈ। ਰਿਪੋਰਟ ਵਿਚ ਇਹ ਵੀ ਦੱਸਿਆ ਗਿਆ ਕਿ ਸੰਯੁਕਤ ਰਾਜ ਦੇ ਸਾਰੇ ਚਾਰ ਖੇਤਰਾਂ ਵਿਚ 2021 ਤੋਂ 2022 ਤੱਕ ਅੰਤਰਰਾਸ਼ਟਰੀ ਵਿਦਿਆਰਥੀਆਂ ਦੇ ਦਾਖਲੇ ਵਿਚ ਰਿਕਾਰਡ ਵਾਧਾ ਹੋਇਆ, ਜਿਸ ਵਿਚ ਸਬੰਧਤ ਵਾਧਾ 8 ਤੋਂ 11 ਪ੍ਰਤੀਸ਼ਤ ਤੱਕ ਸੀ।

ਕੈਲੰਡਰ ਸਾਲ 2021 ਵਿਚ 115,651 ਦੇ ਮੁਕਾਬਲੇ 1.4 ਫੀਸਦੀ ਦਾ ਵਾਧਾ ਹੋਇਆ। ਰਿਪੋਰਟ ਵਿਚ ਕਿਹਾ ਗਿਆ ਕਿ 2022 ਵਿਚ ਕੈਲੀਫੋਰਨੀਆ ਵਿਚ 225,173 ਅੰਤਰਰਾਸ਼ਟਰੀ ਵਿਦਿਆਰਥੀ ਆਏ, ਜੋ ਕਿ ਕਿਸੇ ਵੀ ਅਮਰੀਕੀ ਰਾਜ ਦੇ ਅੰਤਰਰਾਸ਼ਟਰੀ ਵਿਦਿਆਰਥੀਆਂ ਦਾ ਸਭ ਤੋਂ ਵੱਡਾ ਪ੍ਰਤੀਸ਼ਤ (16.5 ਪ੍ਰਤੀਸ਼ਤ) ਹੈ। ਸੰਯੁਕਤ ਰਾਜ ਵਿਚ ਸਾਰੇ ਅੰਤਰਰਾਸ਼ਟਰੀ ਵਿਦਿਆਰਥੀਆਂ ਵਿਚੋਂ 70 ਪ੍ਰਤੀਸ਼ਤ ਏਸ਼ੀਆ ਤੋਂ ਹਨ। ਪਿਛਲੇ ਸਾਲ ਨਾਲੋਂ ਇਸ ਸਾਲ ਘੱਟ ਵਿਦਿਆਰਥੀ ਭੇਜਣ ਵਾਲੇ ਹੋਰ ਏਸ਼ੀਆਈ ਦੇਸ਼ਾਂ ਵਿਚ ਸਾਊਦੀ ਅਰਬ (–4,115), ਕੁਵੈਤ (–658) ਅਤੇ ਮਲੇਸ਼ੀਆ (–403) ਸ਼ਾਮਲ ਹਨ।

# ਅਮਰੀਕੀ ਪੰਜਾਬੀ ਕਹਾਣੀ-ਸੰਗ੍ਰਹਿ 'ਨਿੱਗਰ ਖੰਭਾਂ ਦੀ ਉਡਾਣ' ਦਾ ਲੋਕ ਅਰਪਣ 27 ਮਈ ਨੂੰ

**ਸਟਾਕਟਨ, (ਪੰਜਾਬ ਮੇਲ)-** ਸਮੂਹ ਸਾਹਿਤਕ ਅਦਾਰਿਆਂ ਲਈ ਇਹ ਮਾਣ ਭਰੀ ਗੱਲ ਹੈ ਕਿ ਪੰਜਾਬੀ ਸਾਹਿਤ ਸਭਾ ਸਟਾਕਟਨ (ਕੈਲੀਫੋਰਨੀਆ) ਵਲੋਂ ਇਸ ਵਰ੍ਹੇ ਦੀ ਅਮਰੀਕੀ ਪੰਜਾਬੀ ਕਹਾਣੀ ਕਾਨਫਰੰਸ 27 ਮਈ, 2023 ਦਿਨ ਸ਼ਨਿਚਰਵਾਰ ਨੂੰ 'Best Western Inn' 111 East March Lane Stockton, CA 95207 ਵਿਖੇ ਸਵੇਰੇ 10.00 ਵਜੇ ਤੋਂ ਸ਼ਾਮ ਪੰਜ ਵਜੇ ਤੱਕ ਕਰਵਾਈ ਜਾ ਰਹੀ ਹੈ।

ਇਸ ਕਾਨਫਰੰਸ ਦੇ ਤਿੰਨ ਸੈਸ਼ਨ ਹੋਣਗੇ। ਪਹਿਲੇ ਸੈਸ਼ਨ ਵਿਚ ਡਾ. ਬਲਦੇਵ ਸਿੰਘ ਧਾਲੀਵਾਲ (ਪ੍ਰੋਫੈਸਰ ਸੇਵਾਮੁਕਤ, ਪੰਜਾਬੀ ਯੂਨੀਵਰਸਟੀ ਪਟਿਆਲਾ) ਆਪਣਾ ਲਿਖਿਆ ਖੋਜ ਪੇਪਰ (ਅਜੋਕੀ ਅਮਰੀਕੀ ਪੰਜਾਬੀ ਕਹਾਣੀ ਦੇ ਬਦਲਦੇ ਪ੍ਰਤੀਮਾਨ, ਸੰਪਾਦਤ ਕਹਾਣੀ-ਸੰਗ੍ਰਹਿ 'ਨਿੱਗਰ ਖੰਭਾਂ ਦੀ ਉਡਾਣ' ਦੇ ਹਵਾਲੇ ਨਾਲ) ਨਾਲ ਪੇਸ਼ ਕਰਨਗੇ। ਇਸ ਤੋਂ ਬਾਅਦ ਇਹ ਕਹਾਣੀ-ਸੰਗ੍ਰਹਿ ਲੋਕ ਅਰਪਤ ਕੀਤਾ ਜਾਵੇਗਾ। ਇਸ ਸੰਗ੍ਰਹਿ ਵਿਚ 12 ਅਮਰੀਕੀ ਪੰਜਾਬੀ ਕਹਾਣੀਆਂ ਹਨ, ਜੋ ਹਰਜਿੰਦਰ ਪੰਧੇਰ, ਸੁਰਿੰਦਰ ਸੋਹਲ, ਹਰਮਹਿੰਦਰ ਚਾਹਲ ਅਤੇ ਰਵੀ ਸ਼ੇਰਗਿੱਲ ਦੇ ਸਾਂਝੇ ਯਤਨਾਂ ਸਦਕਾ ਅੰਤਮ ਛੋਹਾਂ ਤੀਕ ਪਹੁੰਚਿਆ ਹੈ।

ਦੂਸਰੇ ਸੈਸ਼ਨ ਵਿਚ ਕਹਾਣੀ ਪਾਠ ਹੋਵੇਗਾ। ਇਸ ਵਿਚ ਹਾਜ਼ਰ ਕਹਾਣੀਕਾਰ ਆਪਣੀਆਂ ਨਵੀਆਂ ਲਿਖੀਆਂ ਕਹਾਣੀਆਂ ਸੁਣਾਉਣਗੇ। ਦਵਿੰਦਰ ਕੌਰ ਗੁਰਾਇਆ ਦਾ ਨਵ-ਰਚਿੱਤ ਕਹਾਣੀ ਸੰਗ੍ਰਹਿ 'ਮਰਿਆ ਨਹੀਂ ਜਿਉਂਦਾ ਹਾਂ' ਦੀ ਸਾਂਝ ਪਾਠਕਾਂ ਨਾਲ ਪਵਾਈ ਜਾਵੇਗੀ। ਇਸ ਸੈਸ਼ਨ ਦੇ ਅੰਤ ਵਿਚ ਪੰਜਾਬ ਤੋਂ ਆਏ ਵਿਦਵਾਨ ਪ੍ਰੋਫੈਸਰ ਆਪਣੀਆਂ ਟਿਪਣੀਆਂ ਪੇਸ਼ ਕਰਨਗੇ। ਸਰੋਤਿਆਂ ਵਲੋਂ ਉਠਾਏ ਸਾਰਥਕ ਸਵਾਲਾਂ ਦੇ ਜਵਾਬ ਵੀ ਦਿੱਤੇ ਜਾਣਗੇ।


ਅੰਤਮ ਸੈਸ਼ਨ ਵਿਚ ਸ਼ਾਨਦਾਰ ਕਵੀ ਦਰਬਾਰ ਹੋਵੇਗਾ, ਜਿਸ ਵਿਚ ਹਾਜ਼ਰ ਸ਼ਾਇਰ ਆਪਣੀਆਂ ਖੂਬਸੂਰਤ ਰਚਨਾਵਾਂ ਪੇਸ਼ ਕਰਨਗੇ। ਚਾਹ ਪਾਣੀ ਅਤੇ ਲੰਚ ਦਾ ਪ੍ਰਬੰਧ ਕੀਤਾ ਜਾਵੇਗਾ। ਸਮੂਹ ਸਾਹਿਤ ਪਿਆਰੇ ਸੱਜਣਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਵਕਤ ਦੀ ਕਦਰ ਕਰਦਿਆਂ ਨਿਰਧਾਰਤ ਸਮੇਂ 'ਤੇ ਪਹੁੰਚ ਕੇ ਕਾਰਜਕਾਰੀ ਕਮੇਟੀ ਨੂੰ ਧੰਨਵਾਦੀ ਬਣਾਉਣ। ਵਧੇਰੇ ਜਾਣਕਾਰੀ ਲਈ ਹਰਜਿੰਦਰ ਪੰਧੇਰ ਨਾਲ ਫੋਨ: 209- 610- 5055 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਭਾਰਤੀ-ਅਮਰੀਕੀ ਡਾਕਟਰ 'ਤੇ ਮਹਿਲਾ ਮਰੀਜ਼ਾਂ ਦਾ ਜਿਨਸੀ ਸ਼ੋਸ਼ਣ ਕਰਨ ਦਾ ਦੋਸ਼

**ਨਿਊਯਾਰਕ, (ਪੰਜਾਬ ਮੇਲ)-** ਅਮਰੀਕਾ ਦੇ ਜਾਰਜੀਆ ਸੂਬੇ 'ਚ ਭਾਰਤੀ ਮੂਲ ਦੇ 68 ਸਾਲਾ ਡਾਕਟਰ 'ਤੇ 12 ਮਹੀਨੇ ਦੇ ਸਮੇਂ ਦੌਰਾਨ ਨਿਯਮਤ ਜਾਂਚ ਦੌਰਾਨ ਆਪਣੀਆਂ 4 ਮਹਿਲਾ ਮਰੀਜ਼ਾਂ ਦੇ ਜਿਣਸੀ ਸ਼ੋਸ਼ਣ ਦੇ ਕਈ ਦੋਸ਼ ਲਗਾਏ ਗਏ ਹਨ। ਨਿਆਂ ਵਿਭਾਗ ਨੇ ਇਹ ਜਾਣਕਾਰੀ ਦਿੱਤੀ।

ਵਿਭਾਗ ਨੇ 4 ਮਈ ਨੂੰ ਇਕ ਪ੍ਰੈੱਸ ਬਿਆਨ 'ਚ ਕਿਹਾ ਕਿ ਜਾਰਜੀਆ 'ਚ ਵੈਟਰੰਜ਼ ਅਫੇਅਰਜ਼ ਮੈਡੀਕਲ ਸੈਂਟਰ 'ਚ ਕੰਮ ਕਰਨ ਵਾਲੇ ਰਾਜੇਸ਼ ਮੋਤੀਭਾਈ ਪਟੇਲ 'ਤੇ ਕਾਨੂੰਨ ਤਹਿਤ ਕੰਮ ਕਰਦੇ ਹੋਏ ਆਪਣੇ ਮਰੀਜ਼ਾਂ ਦੀ ਸਰੀਰਕ ਤਦਰੁਸਤੀ ਨੂੰ ਬਣਾਈ ਰੱਖਣ ਦੇ ਸੰਵਿਧਾਨਕ ਅਧਿਕਾਰ ਦੀ ਉਲੰਘਣਾ ਕਰਨ ਅਤੇ ਕੰਮ ਕਰਦੇ ਸਮੇਂ ਅਣਚਾਹੇ ਜਿਣਸੀ ਸੰਪਰਕ ਬਣਾਉਣ ਦਾ ਦੋਸ਼ ਹੈ। ਅਮਰੀਕੀ ਅਟਾਰਨੀ ਰਿਆਨ ਕੇ. ਬੁਕਾਨਨ ਨੇ ਕਿਹਾ, "ਪਟੇਲ ਨੇ 2019 ਅਤੇ 2020 ਦੇ ਵਿਚਕਾਰ ਕਥਿਤ ਤੌਰ 'ਤੇ ਆਪਣੀਆਂ ਮਹਿਲਾ ਮਰੀਜ਼ਾਂ ਦਾ ਜਿਨਸੀ ਸ਼ੋਸ਼ਣ ਕੀਤਾ ਅਤੇ ਆਪਣੀ ਦੇਖਰੇਖ ਵਿਚ ਮਰੀਜ਼ਾਂ ਨੂੰ ਨੁਕਸਾਨ ਨਾ ਪਹੁੰਚਾਉਣ ਦੀ ਆਪਣੀ ਸਹੁੰ ਦੀ ਉਲੰਘਣਾ ਕੀਤੀ।"

# ਟੈਕਸਾਸ 'ਚ ਗੋਲੀਬਾਰੀ ਵਿਚ ਮਾਰੇ ਗਏ ਲੋਕਾਂ ਵਿਚ ਹੈਦਰਾਬਾਦ ਵਾਸੀ ਜੱਜ ਦੀ ਧੀ ਵੀ ਸ਼ਾਮਲ



**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)-** ਅਮਰੀਕਾ ਦੇ ਟੈਕਸਾਸ ਰਾਜ ਵਿਚ ਡਲਾਸ ਨੇੜੇ ਏਲਨ ਵਿਖੇ ਬੀਤੇ ਦਿਨੀਂ ਇਕ ਸ਼ਾਪਿੰਗ ਮਾਲ ਵਿਚ ਹੋਈ ਗੋਲੀਬਾਰੀ ਵਿਚ ਮਾਰੇ ਗਏ 9 ਲੋਕਾਂ ਵਿਚ ਭਾਰਤ ਦੀ 27 ਸਾਲਾ ਔਰਤ ਵੀ ਸ਼ਾਮਲ ਹੈ, ਜੋ ਟੈਕਸਾਸ ਵਿਚ ਇਕ ਪ੍ਰਾਈਵੇਟ ਕੰਪਨੀ ਵਿਚ ਪ੍ਰਾਜੈਕਟ ਇੰਜੀਨੀਅਰ ਵਜੋਂ ਕੰਮ ਕਰਦੀ ਸੀ। ਉਸ ਦੀ ਪਛਾਣ ਥਾਟੀਕੋਂਡਾ ਐਸ਼ਵਰਿਆ ਰੈਡੀ ਵਜੋਂ ਹੋਈ ਹੈ, ਜੋ ਗੋਲੀਬਾਰੀ ਸਮੇਂ ਆਪਣੇ ਇਕ ਦੋਸਤ ਨਾਲ ਏਲਨ ਪ੍ਰੀਮੀਅਮ ਆਊਟਲੈਟਸ ਵਿਖੇ ਖਰੀਦਦਾਰੀ ਕਰ ਰਹੀ ਸੀ। ਉਹ ਹੈਦਰਾਬਾਦ (ਤੇਲੰਗਾਨਾ) ਦੇ ਜੱਜ ਟੀ ਨਰਸੀ ਰੈਡੀ ਦੀ ਧੀ ਹੈ। ਉਸ ਨੇ ਹੈਦਰਾਬਾਦ ਦੇ ਇਕ ਕਾਲਜ ਤੋਂ ਸਿਵਲ ਇੰਜੀਨੀਅਰਿੰਗ ਕੀਤੀ ਸੀ ਤੇ ਅਮਰੀਕਾ 'ਚ ਮਾਸਟਰ ਡਿਗਰੀ ਕਰਨ ਉਪਰੰਤ ਪਿਛਲੇ ਦੋ ਸਾਲਾਂ ਤੋਂ ਪ੍ਰਾਜੈਕਟ ਇੰਜੀਨੀਅਰ ਵਜੋਂ ਕੰਮ ਕਰ ਰਹੀ ਸੀ। ਜੱਜ ਦੇ ਇਕ ਦੋਸਤ ਨੇ ਦੱਸਿਆ ਕਿ ਸ਼ਨੀਵਾਰ ਨੂੰ ਹੋਈ ਗੋਲੀਬਾਰੀ ਤੋਂ ਪਹਿਲਾਂ ਐਸ਼ਵਰਿਆ ਨੇ ਪਰਿਵਾਰ ਨਾਲ ਗੱਲ ਕੀਤੀ ਸੀ। ਜਦੋਂ ਪਰਿਵਾਰ ਨੂੰ ਗੋਲੀਬਾਰੀ ਬਾਰੇ ਪਤਾ ਲੱਗਾ, ਤਾਂ ਉਨਾਂ ਨੇ ਵਾਪਸ ਐਸ਼ਵਰਿਆ ਨੂੰ ਫੋਨ ਕੀਤਾ ਸੀ ਪਰੰਤੂ ਅੱਗਿਉਂ ਕੋਈ ਜਵਾਬ ਨਹੀਂ ਮਿਲਿਆ।

ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com

Mann & Associates Insurance Services, Inc.

Medicare Supplement Plans

• Life • Health • Travel • Medicare • Trucking • ਲਾਈਫ • ਹੈਲਥ • ਟ੍ਰੈਵਲ • ਮੈਡੀਕੇਅਰ • ਟਰੱਕਿੰਗ



Inderjeet Singh Mann
CA Lic# 0H82488

- The American Rescue Plan passed by President Biden could save you hundreds or even thousands of dollars a month.
- There is more financial help than ever before
- Even if you didn't qualify for subsidies before, now you might be able to save thousands on health insurance premiums.
- Huge tax credits are available only if you apply thru Covered California

- ਰਾਸ਼ਟਰਪਤੀ ਜੋਅ ਬਾਇਡਨ ਦੁਆਰਾ ਪਾਸ ਕੀਤੀ ਗਈ ਅਮਰੀਕੀ ਬਚਾਅ ਯੋਜਨਾ ਤੁਹਾਨੂੰ ਮਹੀਨੇ ਵਿੱਚ ਹਜ਼ਾਰਾਂ ਡਾਲਰ ਦੀ ਬਚਤ ਕਰਵਾ ਸਕਦੀ ਹੈ।
- ਪਹਿਲਾਂ ਨਾਲੋਂ ਵਧੇਰੇ ਵਿੱਤੀ ਮਦਦ ਮਿਲੀ ਹੈ।
- ਭਾਵੇਂ ਤੁਸੀਂ ਪਹਿਲਾਂ ਸਬਸਿਡੀਆਂ ਲਈ ਯੋਗਤਾ ਪੂਰੀ ਨਹੀਂ ਕਰਦੇ ਹੋ, ਪਰ ਹੁਣ ਤੁਸੀਂ ਸਿਹਤ ਬੀਮਾ ਪ੍ਰੀਮੀਅਮਾਂ 'ਤੇ ਹਜ਼ਾਰਾਂ ਲੋਕਾਂ ਨੂੰ ਬਚਾਉਣ ਦੇ ਯੋਗ ਹੋ ਸਕਦੇ ਹੋ।
- ਭਾਰੀ ਟੈਕਸ ਕ੍ਰੈਡਿਟ ਕੇਵਲ ਤਾਂ ਹੀ ਉਪਲਬਧ ਹੁੰਦੇ ਹਨ, ਜੇ ਤੁਸੀਂ ਕਵਰਡ ਕੈਲੀਫੋਰਨੀਆ ਦੁਆਰਾ ਅਰਜ਼ੀ ਦਿੰਦੇ ਹੋ।

ਹੈਲਥ ਇੰਸੋਰੈਂਸ ਨਾ ਕਰਵਾਉਣ 'ਤੇ ਤੁਹਾਨੂੰ ਜੁਰਮਾਨਾ ਵੀ ਹੋ ਸਕਦਾ ਹੈ। ਇਸ ਲਈ ਅੱਜ ਹੀ ਆਪਣੀ ਅਤੇ ਆਪਣੇ ਪਰਿਵਾਰ ਦੀ ਹੈਲਥ ਇੰਸ਼ੋਰੈਂਸ ਕਰਵਾਉਣ ਲਈ ਇੰਦਰਜੀਤ ਮਾਨ ਨੂੰ ਕਾਲ ਕਰੋ। ਜਿਹੜੇ Covered California ਦੇ Certified Agent ਸਨ। ਇੰਦਰਜੀਤ ਮਾਨ ਕੋਲ ਹੈਲਥ ਇੰਸੋਰੈਂਸ ਦਾ ਲੰਬੇ ਸਮੇਂ ਦਾ ਤਜ਼ਰਬਾ ਹੈ।

Anthem
COVERED CALIFORNIA
Certified Insurance Agent

Designed By Punjab Mail USA

Ph.: (916) 900-2000

# ਕੈਨੇਡੀਅਨ ਰਾਮਗੜ੍ਹੀਆ ਸੁਸਾਇਟੀ ਵੱਲੋਂ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਦੀ ਜਨਮ ਸ਼ਤਾਬਦੀ 'ਤੇ ਵਿਸ਼ੇਸ਼ ਸਮਾਗਮ

**■ ਤਿੰਨ ਦਿਨਾਂ ਦੇ ਸਮਾਗਮਾਂ 'ਚ ਸ਼ਰਧਾਲੂਆਂ ਨੇ ਬੜੇ ਉਤਸ਼ਾਹ ਅਤੇ ਉਮਾਹ ਨਾਲ ਕੀਤੀ ਸ਼ਿਰਕਤ**



**ਸਰੀ, (ਹਰਦਮ ਮਾਨ/ਪੰਜਾਬ ਮੇਲ)-** ਕੈਨੇਡੀਅਨ ਰਾਮਗੜ੍ਹੀਆ ਸੁਸਾਇਟੀ ਵੱਲੋਂ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਦੀ 300 ਸਾਲਾ ਜਨਮ ਸ਼ਤਾਬਦੀ ਨੂੰ ਸਮਰਪਿਤ ਤਿੰਨ ਦਿਨਾਂ ਵਿਸ਼ੇਸ਼ ਸਮਾਗਮ ਕਰਵਾਏ ਗਏ। ਇਨ੍ਹਾਂ ਸਮਾਗਮਾਂ ਵਿਚ ਸਿੱਖ ਵਿਦਵਾਨਾਂ, ਰਾਜਨੀਤਕ ਆਗੂਆਂ, ਸਕੂਲੀ ਬੱਚਿਆਂ ਅਤੇ ਸ਼ਰਧਾਲੂਆਂ ਨੇ ਵੱਡੀ ਗਿਣਤੀ ਵਿਚ ਸ਼ਾਮਲ ਹੋ ਕੇ ਸਿੱਖ ਕੌਮ ਦੇ ਮਹਾਨ ਨਾਇਕ ਨੂੰ ਯਾਦ ਕੀਤਾ।

ਸਮਾਗਮਾਂ ਦੀ ਸ਼ੁਰੂਆਤ ਪਹਿਲੇ ਦਿਨ ਗੁਰਦੁਆਰਾ ਸਾਹਿਬ ਬਰੁੱਕਸਾਈਡ ਸਰੀ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਖੰਡ ਪਾਠ ਪ੍ਰਕਾਸ਼ ਕਰਨ ਨਾਲ ਹੋਈ। ਇਸੇ ਦਿਨ ਸ਼ਾਮ ਨੂੰ ਸਜਾਏ ਗਏ ਕੀਰਤਨ ਦਰਬਾਰ ਦਾ ਆਰੰਭ ਭਾਈ ਇਕਬਾਲ ਸਿੰਘ ਲੁਧਿਆਣੇ ਵਾਲਿਆਂ ਦੇ ਰਾਗੀ ਜਥੇ ਨੇ ਕੀਤਾ। ਫਿਰ ਭਾਈ ਗੁਰਵਿੰਦਰ ਸਿੰਘ ਗੁਲਸ਼ਨ ਅਤੇ ਭਾਈ ਅਮਰਜੀਤ ਸਿੰਘ ਕਲੋਵਰਡੇਲ ਵਾਲਿਆਂ ਦੇ ਰਾਗੀ ਜਥਿਆਂ ਨੇ ਮਧੁਰ ਗੁਰਬਾਣੀ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਗੁਰਦੁਆਰਾ ਸਾਹਿਬ ਬਰੁੱਕਸਾਈਡ ਦੇ ਸਕੂਲੀ ਵਿਦਿਆਰਥੀਆਂ, ਨਾਮਧਾਰੀ ਸੰਗੀਤ ਅਕੈਡਮੀ, ਨਾਦ ਆਰਟਸ ਅਕੈਡਮੀ ਅਤੇ ਭਾਈ ਮਰਦਾਨਾ ਗੁਰਮਤਿ ਸੰਗੀਤ ਅਕੈਡਮੀ ਦੇ ਸਿਖਿਆਰਥੀਆਂ ਨੇ ਵੀ ਸ਼ਬਦ ਗਾਇਣ ਕੀਤਾ।

ਦੂਜੇ ਦਿਨ ਦਾ ਸਮਾਗਮ ਰਿਵਰਸਾਈਡ ਸਿਗਨੇਚਰ ਬੈਂਕੁਇਟ ਹਾਲ ਵਿਚ ਹੋਇਆ। ਜੱਬਲ ਪਰਿਵਾਰ ਦੇ ਬੱਚਿਆਂ ਪੁਨੀਤ, ਜੈਆ, ਸੋਨਲਦੀਪ, ਭਾਰਗਵੀ, ਸਾਹਿਬ ਸਿੰਘ, ਪ੍ਰਭਅੰਸ਼ ਨੇ ਕੈਨੇਡਾ ਦੇ ਰਾਸ਼ਟਰੀ ਗੀਤ ਅਤੇ 'ਦੇਹਿ ਸ਼ਿਵਾ ਵਰ ਮੋਹਿ ਇਹੈ' ਗਾ ਕੇ ਸਮਾਗਮ ਦੀ ਸ਼ੁਰੂਆਤ ਕੀਤੀ। ਕੈਨੇਡੀਅਨ ਰਾਮਗੜ੍ਹੀਆ ਸੁਸਾਇਟੀ ਦੇ ਜਨਰਲ ਸਕੱਤਰ ਚਰਨਜੀਤ ਸਿੰਘ ਮਰਵਾਹਾ ਨੇ ਸਭ ਨੂੰ ਜੀ ਆਇਆਂ ਕਿਹਾ। ਉਪਰੰਤ ਨਾਮਵਰ ਸਿੱਖ ਚਿੰਤਕ ਜੈਤੇਗ ਸਿੰਘ ਅਨੰਤ ਨੇ ਰਾਮਗੜ੍ਹੀਆ ਵਿਰਾਸਤ ਦੇ ਵੱਖ-ਵੱਖ ਖੇਤਰਾਂ ਵਿਚ ਨਾਮਣਾ ਖੱਟਣ ਵਾਲੇ ਕੌਮੀ ਹੀਰਿਆਂ ਬਾਰੇ ਚਾਨਣਾ ਪਾਇਆ। ਉਨ੍ਹਾਂ ਕਿਹਾ ਕਿ ਵਿਰਾਸਤ ਦੇ ਪਹਿਰੇਦਾਰ ਜੱਸਾ ਸਿੰਘ ਰਾਮਗੜ੍ਹੀਆ ਸਿੱਖ ਕੌਮ ਦੀ ਬੇਨਿਆਜ਼ ਹਸਤੀ ਹੋਏ ਹਨ। ਉਹ ਬਹੁਪੱਖੀ ਪ੍ਰਤਿਭਾ ਦੇ ਮਾਲਕ, ਦੂਰਅੰਦੇਸ਼ੀ ਤੇ ਉੱਦਮੀ ਕਿਰਦਾਰ ਵਾਲੇ ਯੋਧਾ ਸਨ। ਗੁਰੂ ਨਾਨਕ ਇੰਸਟੀਚਿਊਟ ਆਫ ਗਲੋਬਲ ਸਟੱਡੀਜ਼ ਦੇ ਡਾਇਰੈਕਟਰ ਗਿਆਨ ਸਿੰਘ ਸੰਧੂ ਨੇ ਜੱਸਾ ਸਿੰਘ ਰਾਮਗੜ੍ਹੀਆ ਨੂੰ ਫ਼ਖ਼ਰ-ਏ-ਕੌਮ ਦੱਸਦਿਆਂ ਕਿਹਾ ਕਿ ਜੱਸਾ ਸਿੰਘ ਰਾਮਗੜ੍ਹੀਆ ਦੇ ਜੀਵਨ ਕਾਲ ਦੌਰਾਨ ਸਿੱਖ ਆਪਣੀ ਜਾਨ ਦੀ ਬਾਜ਼ੀ ਲਾ ਕੇ ਆਪਣੇ ਰਾਜ ਦੇ ਨਾਲ ਸੁਤੰਤਰ ਜ਼ਿਮੀਂਦਾਰ ਬਣਨ ਤੱਕ ਪਹੁੰਚ ਗਏ ਸਨ। ਉਨ੍ਹਾਂ ਆਜ਼ਾਦੀ ਪ੍ਰੇਮੀਆਂ ਨੂੰ ਹਰ ਮੁਸ਼ਕਿਲ ਦਾ ਸਾਹਮਣਾ ਕਰਨ ਲਈ ਸਿਖਲਾਈ ਦਿੱਤੀ ਅਤੇ ਸਿੱਖੀ ਵਿਰਾਸਤ ਨੂੰ ਸੰਭਾਲਨ ਅਤੇ ਗੁਰੂ ਖਾਲਸਾ ਪੰਥ ਦੀ ਸੇਵਾ ਕਰਨ ਲਈ ਪ੍ਰੇਰਿਆ।

ਕੈਨੇਡੀਅਨ ਰਾਮਗੜ੍ਹੀਆ ਸੁਸਾਇਟੀ ਦੇ ਪਬਲਿਕ ਰਿਲੇਸ਼ਨ ਸਕੱਤਰ ਸੁਰਿੰਦਰ ਸਿੰਘ ਜੱਬਲ ਨੇ ਕਿਹਾ ਕਿ ਜੱਸਾ ਸਿੰਘ ਰਾਮਗੜ੍ਹੀਆ ਅਠਾਰ੍ਹਵੀਂ ਸਦੀ ਦੇ ਸਿੱਖ ਇਤਿਹਾਸ ਦੀ ਇਕ ਮਹਾਨ ਸ਼ਖ਼ਸੀਅਤ ਸਨ, ਜਿਨ੍ਹਾਂ ਨੇ ਆਪਣੇ ਜੀਵਨ, ਸਿੱਖ ਸੰਘਰਸ਼ ਅਤੇ ਉੱਚੇ-ਸੁੱਚੇ ਕਿਰਦਾਰ ਨਾਲ ਪੰਜਾਬ ਦੇ ਇਤਿਹਾਸ 'ਤੇ ਅਮਿੱਟ ਛਾਪ ਛੱਡੀ ਹੈ। ਉਹ ਮਹਾਨ ਜਰਨੈਲ, ਨਿਡਰ ਯੋਧੇ, ਸੁਲਝੇ ਹੋਏ ਨੀਤੀਵਾਨ, ਸਿੱਖੀ ਸਿਦਕ ਦੇ ਧਾਰਨੀ, ਗੁਰੂ ਉੱਤੇ ਅਟੁੱਟ ਵਿਸ਼ਵਾਸ ਰੱਖਣ ਵਾਲੇ, ਪੰਥ ਪਿਆਰ ਦੇ ਜਜ਼ਬੇ ਨਾਲ ਲਬਰੇਜ਼ ਸਨ। ਸਿੱਖ ਕੌਮ ਉਨ੍ਹਾਂ ਉੱਪਰ ਹਮੇਸ਼ਾ ਫ਼ਖ਼ਰ ਤੇ ਮਾਣ ਮਹਿਸੂਸ ਕਰਦੀ ਰਹੇਗੀ। ਬੀ.ਸੀ. ਅਸੈਂਬਲੀ ਦੇ ਸਪੀਕਰ ਰਾਜ ਚੌਹਾਨ, ਮੈਂਬਰ ਪਾਰਲੀਮੈਂਟ ਬਰੈਡ ਵਿਸ, ਡਾ. ਜਤਿੰਦਰ ਸਿੰਘ ਬੱਲ ਅਤੇ ਬਲਜੀਤ ਸਿੰਘ ਸੱਭਰਵਾਲ ਨੇ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਦੀ ਯਾਦ ਵਿਚ ਸਮਾਗਮ ਕਰਵਾਉਣ ਲਈ ਕੈਨੇਡੀਅਨ ਰਾਮਗੜ੍ਹੀਆ ਸੁਸਾਇਟੀ ਦੇ ਯਤਨਾਂ ਦੀ ਸ਼ਲਾਘਾ ਕੀਤੀ। ਪ੍ਰਸਿੱਧ ਤਬਲਾ ਵਾਦਕ ਸਰਬਜੀਤ ਸਿੰਘ (ਸੰਨੀ ਮਥਾਰੂ) ਨੇ ਆਪਣੇ ਤਬਲਾ ਵਾਦਨ ਨਾਲ ਸਭ ਦਾ ਮਨ ਮੋਹਿਆ। ਖਾਲਸਾ ਸਕੂਲ ਸਰੀ ਦੇ ਬੱਚਿਆਂ ਦੇ ਜੋਸ਼ੀਲੇ ਗੱਤਕਾ ਪ੍ਰਦਰਸ਼ਨ ਨੇ ਦਰਸ਼ਕਾਂ ਨੂੰ ਬੇਹੱਦ ਪ੍ਰਭਾਵਿਤ ਕੀਤਾ। ਇਸ ਸਮਾਗਮ 'ਚ ਗੁਰਦੁਆਰਾ ਦਸਮੇਸ਼ ਦਰਬਾਰ, ਖਾਲਸਾ ਦੀਵਾਨ ਸੁਸਾਇਟੀ ਵੈਨਕੂਵਰ, ਅਕਾਲੀ ਸਿੰਘ ਸੋਸਾਇਟੀ ਵੈਨਕੂਵਰ, ਲਕਸ਼ਮੀ ਨਾਰਾਇਣ ਮੰਦਰ ਸਰੀ, ਫਾਈਵ ਰਿਵਰ ਕਮਿਊਨਿਟੀ ਸਰਵਿਸ ਸੁਸਾਇਟੀ ਦੇ ਪ੍ਰਤੀਨਿਧ ਵੀ ਸ਼ਾਮਲ ਹੋਏ।

ਆਖਰੀ ਦਿਨ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ ਅਤੇ ਕੀਰਤਨ ਪ੍ਰਵਾਹ ਹੋਇਆ। ਬੀ.ਸੀ. ਦੇ ਕਿਰਤ ਮੰਤਰੀ ਹੈਰੀ ਬੈਂਸ, ਵਿਦਿਆ ਮੰਤਰੀ ਰਚਨਾ ਸਿੰਘ ਅਤੇ ਟਰੇਡ ਮਨਿਸਟਰ ਜਗਰੂਪ ਬਰਾੜ ਨੇ ਇਸ ਮੌਕੇ ਸ਼ਾਮਲ ਹੋ ਕੇ ਜੱਸਾ ਸਿੰਘ ਰਾਮਗੜ੍ਹੀਆ ਦੇ ਜਨਮ ਸ਼ਤਾਬਦੀ ਸਮਾਗਮ ਲਈ ਸਭ ਨੂੰ ਮੁਬਾਰਕਬਾਦ ਦਿੱਤੀ ਅਤੇ ਕੈਨੇਡਾ ਵਿਚ ਪੰਜਾਬੀ ਭਾਈਚਾਰੇ ਦੀ ਮੌਜੂਦਾ ਸਥਿਤੀ ਨੂੰ ਬੇਹੱਦ ਮਾਣਯੋਗ ਦੱਸਿਆ। ਸੁਰਿੰਦਰ ਸਿੰਘ ਜੱਬਲ, ਹਰਭਜਨ ਸਿੰਘ ਅਟਵਾਲ, ਦੀਦਾਰ ਸਿੰਘ ਧੰਜਲ, ਨਿਰਮਲ ਸਿੰਘ ਕਲਸੀ, ਪਰਮਜੀਤ ਕੌਰ ਜੱਬਲ, ਤੇਜਿੰਦਰ ਸਿੰਘ ਮਠਾੜੂ, ਬੰਤਾ ਸਿੰਘ ਸੱਭਰਵਾਲ ਆਦਿ ਬੁਲਾਰਿਆਂ ਅਤੇ ਕਵੀਆਂ ਨੇ ਜੱਸਾ ਸਿੰਘ ਰਾਮਗੜ੍ਹੀਆ ਨੂੰ ਆਪਣੇ ਵਿਚਾਰਾਂ ਅਤੇ ਕਵਿਤਾਵਾਂ ਰਾਹੀਂ ਸਿਜਦਾ ਕੀਤਾ। ਜਤਿੰਦਰ ਸਿੰਘ ਘੁੰਮਣ ਦੇ ਢਾਡੀ ਜਥੇ ਨੇ ਜੱਸਾ ਸਿੰਘ ਰਾਮਗੜ੍ਹੀਆ ਨੂੰ ਆਪਣੀਆਂ ਵਾਰਾਂ ਰਾਹੀਂ ਯਾਦ ਕੀਤਾ।

# ਇੰਗਲੈਂਡ 'ਚ ਸਰਦੂਲ ਸਿੰਘ ਮਾਰਵਾ ਕੌਂਸਲ ਦੀ ਜਿੱਤੇ ਚੋਣ



ਇੰਗਲੈਂਡ 'ਚ ਕੌਂਸਲ ਦੀ ਚੋਣ ਜਿੱਤਣ 'ਤੇ ਸਰਦੂਲ ਸਿੰਘ ਮਾਰਵਾ ਅਤੇ ਹੋਰ।

**ਇੰਗਲੈਂਡ, (ਪੰਜਾਬ ਮੇਲ)-** ਇੰਗਲੈਂਡ ਨਿਵਾਸੀ ਸਰਦੂਲ ਸਿੰਘ ਮਾਰਵਾ ਵੈਸਟ ਮਿਡਲੈਂਡਸ ਤੋਂ ਕੌਂਸਲ ਦੀ ਚੋਣ ਜਿੱਤ ਗਏ ਹਨ। ਦਸਤਾਰਧਾਰੀ ਸਿੱਖ ਵੱਲੋਂ ਇਸ ਹਲਕੇ ਤੋਂ ਚੋਣ ਜਿੱਤਣਾ ਆਪਣੇ ਆਪ ਵਿਚ ਕਾਫੀ ਅਹਿਮੀਅਤ ਰੱਖਦਾ ਹੈ। ਸਰਦੂਲ ਸਿੰਘ ਮਾਰਵਾ ਪੜ੍ਹੇ-ਲਿਖੇ ਇਨਸਾਨ ਹਨ। ਉਹ ਪਿਛਲੇ ਲੰਮੇ ਸਮੇਂ ਤੋਂ ਮੀਡੀਆ ਖੇਤਰ ਵਿਚ ਆਪਣੀ ਸਰਗਰਮ ਭੂਮਿਕਾ ਨਿਭਾ ਰਹੇ ਸਨ। ਉਨ੍ਹਾਂ ਨੇ ਪੰਜਾਬੀ ਸੱਭਿਆਚਾਰ ਅਤੇ ਸਾਹਿਤ ਲਈ ਆਪਣਾ ਵੱਡਮੁੱਲਾ ਯੋਗਦਾਨ ਪਾਇਆ ਹੈ। ਉਹ ਇਕ ਸਮਾਜ ਸੇਵਕ ਵਜੋਂ ਜਾਣੇ ਜਾਂਦੇ ਹਨ। ਇਸ ਹਲਕੇ ਤੋਂ ਕੌਂਸਲ ਮੈਂਬਰ ਦੀ ਚੋਣ



ਜਿੱਤਣ ਨਾਲ ਉਨ੍ਹਾਂ ਦਾ ਕੱਦ ਹੋਰ ਵੀ ਉੱਚਾ ਹੋਇਆ ਹੈ। ਉਹ ਆਪਣੇ ਅਸਰ-ਰਸੂਖ ਕਰਕੇ ਇਹ ਚੋਣਾਂ ਜਿੱਤੇ ਹਨ। ਸਰਦੂਲ ਸਿੰਘ ਮਾਰਵਾ ਨੂੰ ਹਰ ਪਾਸਿਓਂ ਵਧਾਈਆਂ ਮਿਲ ਰਹੀਆਂ ਹਨ। ਸਿੱਖ ਭਾਈਚਾਰੇ ਵਿਚ ਇਸ ਜਿੱਤ ਨਾਲ ਕਾਫੀ ਖੁਸ਼ੀ ਦੀ ਲਹਿਰ ਪਾਈ ਜਾ ਰਹੀ ਹੈ।

ਰੋਜ਼ਾਨਾ ਖਬਰਾਂ ਪੜ੍ਹਨ ਲਈ ਕਲਿੱਕ ਕਰੋ :
www.punjabmailusa.com




# ਜਿਨਸੀ ਸ਼ੋਸ਼ਣ ਦੇ ਦੋਸ਼ਾਂ ਦਾ ਮਾਮਲਾ: ਪਹਿਲਵਾਨਾਂ ਵੱਲੋਂ ਸਰਕਾਰ ਨੂੰ 21 ਮਈ ਤੱਕ ਦਾ ਅਲਟੀਮੇਟਮ

- ਭਾਰਤੀ ਕੁਸ਼ਤੀ ਫੈਡਰੇਸ਼ਨ ਦੇ ਪ੍ਰਧਾਨ ਨੂੰ ਗ੍ਰਿਫ਼ਤਾਰ ਨਾ ਕੀਤਾ ਗਿਆ, ਤਾਂ ਸੰਘਰਸ਼ ਹੋਰ ਵੱਡਾ ਹੋਵੇਗਾ
- ਵਿਨੇਸ਼ ਫੋਗਾਟ ਵੱਲੋਂ ਧਰਨੇ ਦੀ ਕਮਾਨ ਕਿਸਾਨ ਜਥੇਬੰਦੀਆਂ ਦੇ ਹੱਥ ਵਿਚ ਜਾਣ ਤੋਂ ਇਨਕਾਰ
- ਕਿਸਾਨ ਆਗੂਆਂ ਰਾਕੇਸ਼ ਟਿਕੈਤ, ਮਿਹਰ ਸਿੰਘ ਤੇ ਬਲਦੇਵ ਸਿੰਘ ਸਿਰਸਾ ਨੇ ਪਹਿਲਵਾਨਾਂ ਨਾਲ ਮੰਚ ਸਾਂਝਾ ਕੀਤਾ



ਨਵੀਂ ਦਿੱਲੀ ਵਿੱਚ ਜੰਤਰ ਮੰਤਰ ’ਤੇ ਧਰਨੇ ਦੌਰਾਨ ਸਾਕਸ਼ੀ ਮਲਿਕ, ਕਿਸਾਨ ਆਗੂ ਰਾਕੇਸ਼ ਟਿਕੈਤ, ਵਿਨੇਸ਼ ਫੋਗਾਟ ਤੇ ਬਲਦੇਵ ਸਿੰਘ ਸਿਰਸਾ ਪੱਤਰਕਾਰਾਂ ਨੂੰ ਸੰਬੋਧਨ ਕਰਦੇ ਹੋਏ।

ਨਵੀਂ ਦਿੱਲੀ, (ਪੰਜਾਬ ਮੇਲ)- ਜਿਨਸੀ ਸ਼ੋਸ਼ਣ ਦੇ ਦੋਸ਼ਾਂ ਨੂੰ ਲੈ ਕੇ ਜੰਤਰ ਮੰਤਰ ’ਤੇ ਧਰਨਾ ਲਾਈ ਬੈਠੇ ਪਹਿਲਵਾਨਾਂ ਨੂੰ ਸਲਾਹ ਮਸ਼ਵਰਾ ਦੇਣ ਵਾਲੀ 31 ਮੈਂਬਰੀ ਕਮੇਟੀ ਨੇ ਸਰਕਾਰ ਨੂੰ ਚੇਤਾਵਨੀ ਦਿੱਤੀ ਹੈ ਕਿ ਜੇਕਰ 21 ਮਈ ਤੱਕ ਭਾਰਤੀ ਕੁਸ਼ਤੀ ਫੈਡਰੇਸ਼ਨ ਦੇ ਪ੍ਰਧਾਨ ਬ੍ਰਿਜ ਭੂਸ਼ਣ ਸ਼ਰਨ ਸਿੰਘ ਨੂੰ ਗ੍ਰਿਫ਼ਤਾਰ ਨਾ ਕੀਤਾ ਗਿਆ ਤਾਂ ਉਸ ਨੂੰ ਕੋਈ ‘ਵੱਡਾ/ਅਹਿਮ ਫੈਸਲਾ’ ਲੈਣ ਲਈ ਮਜਬੂਰ ਹੋਣਾ ਪਏਗਾ। ਉਧਰ ਮਹਿਲਾ ਪਹਿਲਵਾਨ ਵਿਨੇਸ਼ ਫੋਗਾਟ ਨੇ ਸਾਫ਼ ਕਰ ਦਿੱਤਾ ਕਿ ਉਨ੍ਹਾਂ ਦੇ ਧਰਨੇ ਨੂੰ ਕਿਸਾਨ ਜਥੇਬੰਦੀਆਂ ਨਹੀਂ, ਬਲਕਿ ਉਹ ਖ਼ੁਦ ਚਲਾ ਰਹੇ ਹਨ। ਉਨ੍ਹਾਂ ਧਰਨੇ ਦੀ ਕਮਾਨ ਕਿਸਾਨ ਜਥੇਬੰਦੀਆਂ ਦੇ ਹੱਥਾਂ ’ਚ ਜਾਣ ਦੇ ਦਾਅਵਿਆਂ ਨੂੰ ਸਿਰੇ ਤੋਂ ਖਾਰਜ ਕਰ ਦਿੱਤਾ।

ਭਾਰਤੀ ਕਿਸਾਨ ਯੂਨੀਅਨ ਦੇ ਬੁਲਾਰੇ ਰਾਕੇਸ਼ ਟਿਕੈਤ, ਖਾਪ ਮਾਹਮ 24 ਦੇ ਮੁਖੀ ਮੇਹਰ ਸਿੰਘ ਤੇ ਸੰਯੁਕਤ ਕਿਸਾਨ ਮੋਰਚਾ (ਗੈਰ-ਸਿਆਸੀ) ਦੇ ਪ੍ਰਧਾਨ ਬਲਦੇਵ ਸਿੰਘ ਸਿਰਸਾ ਨੇ ਜੰਤਰ ਮੰਤਰ ’ਤੇ ਧਰਨੇ ਵਾਲੀ ਥਾਂ ਪ੍ਰਦਰਸ਼ਨਕਾਰੀ ਪਹਿਲਵਾਨਾਂ ਨਾਲ ਮੰਚ ਸਾਂਝਾ ਕੀਤਾ। ਕਿਸਾਨ ਆਗੂ ਤੇ ਪਹਿਲਵਾਨ ਮਗਰੋਂ ਪੱਤਰਕਾਰਾਂ ਦੇ ਰੂਬਰੂ ਹੋਏ। ਟਿਕੈਤ ਨੇ ਇਕ ਵੱਡੇ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ, “ਖਾਪ ਪੰਚਾਇਤ ਤੇ ਸੰਯੁਕਤ ਕਿਸਾਨ ਮੋਰਚੇ ਦੇ ਕਈ ਆਗੂ ਮੀਟਿੰਗ ’ਚ ਸ਼ਾਮਲ ਹੋਏ। ਅਸੀਂ ਫੈਸਲਾ ਕੀਤਾ ਹੈ ਕਿ ਹਰੇਕ ਖਾਪ ਦਾ ਮੈਂਬਰ ਰੋਜ਼ਾਨਾ ਧਰਨੇ ਵਾਲੀ ਥਾਂ ਆਏਗਾ। ਉਹ ਦਿਨ ਵੇਲੇ ਧਰਨੇ ’ਚ ਰਹਿਣਗੇ ਤੇ ਸ਼ਾਮ ਨੂੰ ਮੁੜ ਜਾਣਗੇ।” ਉਨ੍ਹਾਂ ਕਿਹਾ, “ਪਹਿਲਵਾਨਾਂ ਦੀ ਕਮੇਟੀ ਧਰਨੇ ਦੀ ਸਾਂਭ ਸੰਭਾਲ ਦਾ ਕੰਮ ਦੇਖੇਗੀ ਅਤੇ ਅਸੀਂ ਬਾਹਰੋਂ ਪਹਿਲਵਾਨਾਂ ਦੀ ਹਮਾਇਤ ਕਰਾਂਗੇ। ਅਸੀਂ 21 ਮਈ ਲਈ ਮੀਟਿੰਗ ਰੱਖੀ ਹੈ। ਜੇਕਰ ਸਰਕਾਰ ਨੇ ਉਦੋਂ ਤੱਕ ਕਿਸੇ ਹੱਲ ਦੀ ਪੇਸ਼ਕਸ਼ ਨਾ ਕੀਤੀ, ਅਸੀਂ ਆਪਣੀ ਨਵੀਂ ਰਣਨੀਤੀ ਘੜਾਂਗੇ।” ਟਿਕੈਤ ਨੇ ਕਿਹਾ, “ਜੇਕਰ ਇਸ ਦੌਰਾਨ ਕੋਈ ਐਮਰਜੈਂਸੀ ਹੋਈ, ਜੇਕਰ ਪਹਿਲਵਾਨਾਂ ਨੂੰ ਕੋਈ ਮੁਸ਼ਕਲ ਦਰਪੇਸ਼ ਹੁੰਦੀ ਹੈ, ਤਾਂ ਪੂਰਾ ਮੁਲਕ ਉਨ੍ਹਾਂ ਦੇ ਪਿੱਛੇ ਖੜ੍ਹਾ ਹੈ।” ਕਿਸਾਨ ਆਗੂ ਨੇ ਕਿਹਾ ਕਿ ਤਿਰੰਗੇ ਨੂੰ ਸ਼ਰਮਸਾਰ ਕੀਤਾ ਗਿਆ ਹੈ ਤੇ ਇਸ ਨੂੰ ਕਿਸੇ ਵੀ ਸੂਰਤ ’ਚ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਨ੍ਹਾਂ ਕਿਹਾ, “ਅਸੀਂ ਪਹਿਲਵਾਨਾਂ ਦੀ ਹਰ ਸੰਭਵ ਮਦਦ ਕਰਾਂਗੇ।” ਉਨ੍ਹਾਂ ਕਿਹਾ ਕਿ ਇਹ ਲੜਾਈ ਲੰਮੀ ਖਿੱਚ ਸਕਦੀ ਹੈ ਤੇ ਇਹ ਪੂਰੇ ਦੇਸ਼ ਵਿਚ ਵੀ ਫੈਲ ਸਕਦੀ ਹੈ। ਟਿਕੈਤ ਨੇ ਕਿਹਾ, “ਹਾਲ ਦੀ ਘੜੀ ਜੰਤਰ-ਮੰਤਰ ਧਰਨੇ ਪ੍ਰਦਰਸ਼ਨਾਂ ਵਾਲੀ ਥਾਂ ਰਹੇਗੀ। ਪ੍ਰਦਰਸ਼ਨ ਹੌਲੀ-ਹੌਲੀ ਰਫ਼ਤਾਰ ਫੜੇਗਾ। ਸਾਨੂੰ ਲੰਮੀ ਲੜਾਈ ਲਈ ਤਿਆਰ ਰਹਿਣਾ ਹੋਵੇਗਾ।” ਉਧਰ ਬਲਦੇਵ ਸਿੰਘ ਸਿਰਸਾ ਨੇ ਕਿਹਾ, “ਇਹ ਕੋਈ ਸਿਆਸੀ ਧਰਨਾ ਪ੍ਰਦਰਸ਼ਨ ਨਹੀਂ ਹੈ, ਇਹ ਗੈਰ-ਸਿਆਸੀ ਜਥੇਬੰਦੀ ਹੈ। ਪਰ ਕੁਝ ਮੁੱਠੀ ਭਰ ਸਿਆਸਤਦਾਨ ਹੀ ਪਾਰਟੀ ਸਫ਼ਾਂ ਤੋਂ ਉਪਰ ਉੱਠ ਕੇ ਪਹਿਲਵਾਨਾਂ ਦੀ ਹਮਾਇਤ ਵਿਚ ਨਿੱਤਰੇ ਹਨ।” ਉਨ੍ਹਾਂ ਕਿਹਾ, “ਅਸੀਂ ਫੈਸਲਾ ਕੀਤਾ ਹੈ ਕਿ ਅਸੀਂ ਸਰਕਾਰ ਨੂੰ ਮਜਬੂਰ ਕਰ ਦਿਆਂਗੇ ਕਿ ਉਹ ਬ੍ਰਿਜ ਭੂਸ਼ਣ ਨੂੰ ਗ੍ਰਿਫ਼ਤਾਰ ਕਰੇ। ਕਿਸਾਨਾਂ ਨੇ ਜਿਸ ਤਰ੍ਹਾਂ (ਖੇਤੀ ਕਾਨੂੰਨਾਂ ਖਿਲਾਫ਼) ਆਪਣੀ ਲੜਾਈ ਲੜੀ, ਠੀਕ ਉਸੇ ਤਰੀਕੇ ਪਹਿਲਵਾਨ ਵੀ ਆਪਣਾ ਸੰਘਰਸ਼ ਜਾਰੀ ਰੱਖਣਗੇ। ਮੈਂ ਅਪੀਲ ਕਰਦਾ ਹਾਂ ਕਿ ਸਰਕਾਰ ਸਾਡੇ ਸਬਰ ਦਾ ਇਮਤਿਹਾਨ ਨਾ ਲਏ। ਉਹ ਪਹਿਲਾਂ ਵੀ ਸਾਨੂੰ ਪਰਖ ਚੁੱਕੇ ਹਨ ਤੇ ਅਸੀਂ ਪ੍ਰੀਖਿਆ ਪਾਸ ਕੀਤੀ ਹੋਈ ਹੈ।” ਉਧਰ ਮਹਿਲਾ ਪਹਿਲਵਾਨ ਤੇ ਵਿਸ਼ਵ ਚੈਂਪੀਅਨਸ਼ਿਪ ’ਚ ਤਗ਼ਮਾ ਜੇਤੂ ਵਿਨੇਸ਼ ਫੋਗਾਟ ਨੇ ਵੀ ਇਸ਼ਾਰਾ ਕੀਤਾ ਕਿ ਜੇਕਰ ਉਨ੍ਹਾਂ ਦੀਆਂ ਮੰਗਾਂ ਨਾ ਮੰਨੀਆਂ ਗਈਆਂ ਤਾਂ ਉਨ੍ਹਾਂ ਦਾ ਸੰਘਰਸ਼ ਹੋਰ ਵੱਡਾ ਹੋ ਸਕਦਾ ਹੈ। ਫੋਗਾਟ ਨੇ ਕਿਹਾ, “ਜੇਕਰ 21 ਮਈ ਤੱਕ ਸਰਕਾਰ ਵੱਲੋਂ ਕੋਈ ਜਵਾਬ ਨਾ ਆਇਆ ਤਾਂ ਅਸੀਂ ਕੋਈ ਵੱਡਾ ਫੈਸਲਾ ਲਵਾਂਗੇ। ਕਿਸੇ ਨੇ ਵੀ ਸਾਡੇ ਸੰਘਰਸ਼ ਦੀ ਕਮਾਨ ਆਪਣੇ ਹੱਥਾਂ ਵਿਚ ਨਹੀਂ ਲਈ। ਇਹ ਤਾਂ ਮਹਿਜ਼ ਲੋਕ ਹਨ, ਜੋ ਅਨਿਆਂ ਖਿਲਾਫ਼ ਲੜਾਈ ਵਿਚ ਸਾਡੇ ਨਾਲ ਜੁੜ ਰਹੇ ਹਨ। ਇਹ ਲੋਕ ਸਾਡਾ ਸਤਿਕਾਰ ਕਰਦੇ ਹਨ ਤੇ ਇਨ੍ਹਾਂ ਨੂੰ ਸਾਡੇ ਗੌਰਵ ਦੀ ਫ਼ਿਕਰ ਹੈ।” ਫੋਗਾਟ ਨੇ ਕਿਹਾ, “ਸਾਰੀਆਂ ਮਹਿਲਾਵਾਂ ਸਾਡੀ ਇਸ ਲੜਾਈ ਵਿਚ ਖੁਦ ਨੂੰ ਜੋੜ ਸਕਦੀਆਂ ਹਨ। ਸਮਰਥਕਾਂ ਨੇ ਸਾਨੂੰ ਤਾਕਤ ਬਖ਼ਸ਼ੀ ਹੈ। ਅਸੀਂ ਲੜਾਈ ਲਈ ਤਿਆਰ ਹਾਂ।”

# ਵੈਨਕੂਵਰ ਵਿਚਾਰ ਮੰਚ ਵੱਲੋਂ ਵਿਸਾਖੀ ਨੂੰ ਸਮਰਪਿਤ ਕਵੀ ਦਰਬਾਰ



**ਸਰੀ, (ਹਰਦਮ ਮਾਨ/ਪੰਜਾਬ ਮੇਲ)**- ਬੀਤੇ ਐਤਵਾਰ ਵੈਨਕੂਵਰ ਵਿਚਾਰ ਮੰਚ ਵੱਲੋਂ ਜਰਨੈਲ ਆਰਟ ਗੈਲਰੀ ਅਤੇ ਗੁਰਦੀਪ ਆਰਟਸ ਅਕੈਡਮੀ ਸਰੀ ਦੇ ਸਹਿਯੋਗ ਨਾਲ ਵਿਸਾਖੀ ਨੂੰ ਸਮਰਪਿਤ ਸਾਲਾਨਾ ਕਵੀ ਦਰਬਾਰ ਕਰਵਾਇਆ ਗਿਆ, ਜਿਸ ਵਿਚ ਸਰੀ, ਬਰਨਬੀ, ਕੋਕੁਇਟਲਮ, ਵੈਨਕੂਵਰ ਦੇ ਉੱਘੇ ਕਵੀਆਂ ਨੇ ਆਪਣੀਆਂ ਵੱਖ-ਵੱਖ ਕਾਵਿ-ਵੰਨਗੀਆਂ ਰਾਹੀਂ ਵਿਸਾਖੀ, ਸਮਾਜ, ਦੇਸ਼-ਵਿਦੇਸ਼ ਦੇ ਅਨੇਕਾਂ ਰੰਗ ਪੇਸ਼ ਕੀਤੇ।

ਕਵੀ ਦਰਬਾਰ ਦੇ ਆਗਾਜ਼ ਵਿਚ ਮੰਚ ਸੰਚਾਲਕ ਮੋਹਨ ਗਿੱਲ ਨੇ ਸਭਨਾਂ ਨੂੰ ਜੀ ਆਇਆਂ ਕਿਹਾ ਅਤੇ ਉਨ੍ਹਾਂ ਆਪਣੀ ਕਵਿਤਾ ‘ਸਿੱਖੀ’ ਰਾਹੀਂ ਗੁਰੂ ਨਾਨਕ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਤੀਕ ਸਿੱਖ ਇਤਿਹਾਸ ਦੀ ਪੇਸ਼ਕਾਰੀ ਬੜੀ ਭਾਵੁਕਤਾ ਨਾਲ ਪੇਸ਼ ਕੀਤੀ:-

‘ਸੌਖਾ ਨਹੀਂ ਹੈ ਸਿੱਖ ਬਣ ਜਾਣਾ,
ਸਿੱਖ ਕਹਾਉਣਾ ਸੌਖਾ ਨਹੀਂ ਹੈ’

ਡਾ. ਗੁਰਮਿੰਦਰ ਸਿੱਧੂ ਵਿਸਾਖੀ ਮੌਕੇ ਖੇਤਾਂ ਵਿਚ ਖੜ੍ਹੀ ਕਣਕ ਦੀ ਪੱਕੀ ਫਸਲ ਨੂੰ ਮੁਖ਼ਾਤਿਬ ਹੋ ਰਹੀ ਸੀ:-

‘ਕਣਕ ਦੀਏ ਬੱਲੀਏ ਨੀ ਮੋਤੀ ਹੁਣ ਕੇਰਦੇ
ਹਾਸਿਆਂ ਦਾ ਪੋਚਾ ਸਾਡੇ ਚੌਕਿਆਂ ’ਚ ਫੇਰਦੇ’

ਕਵੀ ਦਰਬਾਰ ਵਿਚ ਉਸਤਾਦ ਸ਼ਾਇਰ ਕ੍ਰਿਸ਼ਨ ਭਨੋਟ, ਗੁਰਦਰਸ਼ਨ ਬਾਦਲ, ਨਦੀਮ ਪਰਮਾਰ, ਸੁਖਜੀਤ ਕੌਰ, ਦਵਿੰਦਰ ਗੌਤਮ, ਰਾਜਵੰਤ ਰਾਜ, ਪ੍ਰੀਤ ਮਨਪ੍ਰੀਤ, ਬਿੰਦੂ ਮਠਾੜੂ, ਅਮਨ ਸੀ ਸਿੰਘ, ਗੁਰਦੀਪ ਭੁੱਲਰ, ਬਲਬੀਰ ਸਿੰਘ ਸੰਘਾ, ਬਖਸ਼ਿੰਦਰ, ਮਹਿੰਦਰਪਾਲ ਸਿੰਘ ਪਾਲ, ਖੁਸ਼ਹਾਲ ਗਲੋਟੀ, ਹਰਪ੍ਰੀਤ ਸਿੰਘ, ਡਾ. ਪਰਮਵੀਰ ਸਿੰਘ, ਪ੍ਰੋ. ਅਵਤਾਰ ਸਿੰਘ ਵਿਰਦੀ, ਨਰਿੰਦਰ ਬਾਹੀਆ ਅਤੇ ਸ਼ਾਹਗੀਰ ਗਿੱਲ ਨੇ ਆਪਣੀਆਂ ਕਾਵਿ-ਰਚਨਾਵਾਂ ਰਾਹੀਂ ਖ਼ੂਬ ਰੰਗ ਬੰਨ੍ਹਿਆਂ। ਰਾਜਵੰਤ ਰਾਜ ਦਾ ਰੰਗ ਸੀ:-

‘ਡਾਲੀ ਤੇ ਫੁੱਲ ਬੁਸ ਜਾਂਦੇ ਨੇ, ਖੁਸ਼ੀਆਂ ਖੇਡੇ ਖੁੱਸ ਜਾਂਦੇ ਨੇ
ਐਵੇਂ ਸੱਜਣ ਰੁੱਸ ਜਾਂਦੇ ਨੇ ਵਕਤ ਜਦੋਂ ਵੀ ਮਾੜਾ ਹੋਵੇ’

ਅਤੇ ਗੁਰਦਰਸ਼ਨ ਬਾਦਲ ਅਜੋਕੇ ਭਾਰਤ ਦੀ ਤਸਵੀਰਕਸ਼ੀ ਕਰ ਰਹੇ ਸਨ:-

‘ਆ ਮੈਂ ਤੈਨੂੰ ਆਪਣੇ ਦੇਸ਼ ਦੇ ਝੰਡੇ ਵਿਚਲੇ ਰੰਗ ਵਿਖਾਵਾਂ
ਬੋਲੀ, ਸੱਭਿਆਚਾਰ, ਲੜਾਈਆਂ, ਵਖਰੇਵੇਂ ਦੇ ਨੰਗ ਵਿਖਾਵਾਂ’

ਕਵੀ ਦਰਬਾਰ ਦੌਰਾਨ ਪ੍ਰਸਿੱਧ ਨਾਵਲਕਾਰ ਜਰਨੈਲ ਸਿੰਘ ਸੇਖਾ ਅਤੇ ਰਣਧੀਰ ਢਿੱਲੋਂ ਨੇ ਵਿਸਾਖੀ ਦੇ ਪਵਿੱਤਰ ਦਿਹਾੜੇ ਸੰਬੰਧੀ ਵਿਚਾਰ ਪੇਸ਼ ਕੀਤੇ ਅਤੇ ਸਾਰੇ ਕਵੀਆਂ ਨੂੰ ਮੁਬਾਰਕਬਾਦ ਦਿੱਤੀ। ਅੰਤ ਵਿਚ ਮੰਚ ਦੇ ਪ੍ਰਧਾਨ ਜਰਨੈਲ ਸਿੰਘ ਆਰਟਿਸਟ ਨੇ ਕਵੀ ਦਰਬਾਰ ਵਿਚ ਸ਼ਾਮਲ ਸਮੂਹ ਕਵੀਆਂ ਅਤੇ ਸਰੋਤਿਆਂ ਦਾ ਧੰਨਵਾਦ ਕੀਤਾ।







# ‘ਕਿੰਗ’ ਚਾਰਲਸ-3 ਦੀ ਬਰਤਾਨੀਆ ਦੇ ਮਹਾਰਾਜਾ ਵਜੋਂ ਤਾਜਪੋਸ਼ੀ

- ਉਪ ਰਾਸ਼ਟਰਪਤੀ ਧਨਖੜ ਨੇ ਭਾਰਤ ਦੇ ਪ੍ਰਤੀਨਿਧੀ ਵਜੋਂ ਵੈਸਟਮਿੰਸਟਰ ਐਬੇ ਦੇ ਸਮਾਰੋਹ ’ਚ ਕੀਤੀ ਸ਼ਿਰਕਤ
- ਪ੍ਰਧਾਨ ਮੰਤਰੀ ਰਿਸ਼ੀ ਸੂਨਕ ਨੇ ਤਾਜਪੋਸ਼ੀ ਦੀਆਂ ਰਸਮਾਂ ਵਿਚ ਲਿਆ ਹਿੱਸਾ


ਤਾਜਪੋਸ਼ੀ ਮਗਰੋਂ ਬਕਿੰਘਮ ਪੈਲੇਸ ’ਚ ਲੋਕਾਂ ਦਾ ਪਿਆਰ ਕਬੂਲਦੇ ਹੋਏ ਬਰਤਾਨੀਆ ਦੇ ਮਹਾਰਾਜਾ ਚਾਰਲਸ ਤੀਜੇ ਅਤੇ ਮਹਾਰਾਣੀ ਕੈਮਿਲਾ।

ਲੰਡਨ, (ਪੰਜਾਬ ਮੇਲ)- ‘ਕਿੰਗ’ ਚਾਰਲਸ (ਤੀਜੇ) ਦੀ ਅਧਿਕਾਰਤ ਤੌਰ ’ਤੇ ਬਰਤਾਨੀਆ (ਯੂ.ਕੇ.) ਦੇ ਮਹਾਰਾਜਾ ਵਜੋਂ ਤਾਜਪੋਸ਼ੀ ਕਰ ਦਿੱਤੀ ਗਈ। ਇੱਥੇ ਵੈਸਟਮਿੰਸਟਰ ਐਬੇ ਵਿਚ ਹੋਏ ਇਕ ਸ਼ਾਨਦਾਰ ਸਮਾਗਮ ਦੌਰਾਨ ਸ਼ਾਹੀ ਤਾਜ ਮਹਾਰਾਜਾ ਚਾਰਲਸ ਦੇ ਸਿਰ ’ਤੇ ਸਜਾਇਆ ਗਿਆ। ਇਸ ਮੌਕੇ 70 ਸਾਲ ਪਹਿਲਾਂ ਉਨ੍ਹਾਂ ਦੀ ਮਾਂ ਮਹਾਰਾਣੀ ਐਲਿਜ਼ਾਬੈੱਥ ਦੀ ਹੋਈ ਤਾਜਪੋਸ਼ੀ ਦੀਆਂ ਯਾਦਾਂ ਤਾਜ਼ਾ ਹੋ ਗਈਆਂ। ਕਰੀਬ ਹਜ਼ਾਰ ਸਾਲ ਪੁਰਾਣੀ ਧਾਰਮਿਕ ਰਸਮ ਮੌਕੇ ‘ਆਰਚਬਿਸ਼ਪ ਆਫ਼ ਕੈਂਟਰਬਰੀ’ ਨੇ ਚਾਰਲਸ ਨੂੰ ਸਹੁੰ ਚੁਕਾਈ। ਇਸ ਮੌਕੇ ਬਰਤਾਨੀਆ ਦੇ ਪਹਿਲੇ ਹਿੰਦੂ ਪ੍ਰਧਾਨ ਮੰਤਰੀ ਰਿਸ਼ੀ ਸੂਨਕ ਵੱਲੋਂ ਵੀ ਇਕ ‘ਰੀਡਿੰਗ’ ਕੀਤੀ ਗਈ। ਭਾਰਤ ਵੱਲੋਂ ਇਸ ਮੌਕੇ ਉਪ ਰਾਸ਼ਟਰਪਤੀ ਜਗਦੀਪ ਧਨਖੜ ਤੇ ਉਨ੍ਹਾਂ ਦੀ ਪਤਨੀ ਡਾ. ਸੁਦੇਸ਼ ਧਨਖੜ ਹਾਜ਼ਰ ਸਨ। ਉਹ ਰਾਸ਼ਟਰਮੰਡਲ ਦੇਸ਼ਾਂ ਦੇ ਕਈ ਹੋਰ ਪ੍ਰਤੀਨਿਧੀਆਂ ਦੇ ਨਾਲ ਬੈਠੇ। ਰਾਣੀ ਕੈਮਿਲਾ ਨੇ ਇਸ ਮੌਕੇ ਰਾਣੀ ਮੈਰੀ ਦਾ 1911 ’ਚ ਡਿਜ਼ਾਈਨ ਕੀਤਾ ਹੀਰਿਆਂ ਜੜਿਆਂ ਤਾਜ ਪਹਿਨਿਆ।

### ਪਿਤਾ ਦੇ ਤਾਜਪੋਸ਼ੀ ਸਮਾਗਮ ’ਚ ਪਤਨੀ ਤੋਂ ਬਗ਼ੈਰ ਪੁੱਜਾ ਪ੍ਰਿੰਸ ਹੈਰੀ




**ਲੰਡਨ:** ਸਮਰਾਟ ਚਾਰਲਸ-3 ਦੇ ਛੋਟੇ ਪੁੱਤਰ ਪ੍ਰਿੰਸ ਹੈਰੀ ਨੇ ਆਪਣੀ ਪਤਨੀ ਮੇਘਨ ਤੋਂ ਬਗ਼ੈਰ ਵੈਸਟਮਿੰਸਟਰ ਐਬੇ ਵਿਖੇ ਆਪਣੇ ਪਿਤਾ ਦੀ ਤਾਜਪੋਸ਼ੀ ਵਿਚ ਸ਼ਿਰਕਤ ਕੀਤੀ ਹਾਲਾਂਕਿ ਉਸ ਨੂੰ ਸ਼ਾਹੀ ਪਰਿਵਾਰ ਦੇ ਹੋਰ ਮੈਂਬਰਾਂ ਦੇ ਪਿੱਛੇ ਤੀਜੀ ਕਤਾਰ ਵਾਲੀ ਸੀਟ ਮਿਲੀ। ਅਪ੍ਰੈਲ ਦੇ ਸ਼ੁਰੂ ਤੱਕ ਅਸਪੱਸ਼ਟ ਸੀ ਕਿ ਹੈਰੀ, ਜੋ ਹੁਣ ਕੈਲੀਫੋਰਨੀਆ ਵਿਚ ਰਹਿੰਦਾ ਹੈ, ਆਪਣੇ ਪਰਿਵਾਰ ਨਾਲ ਟੁੱਟਣ ਤੋਂ ਬਾਅਦ ਇਤਿਹਾਸਕ ਮੌਕੇ ਵਿਚ ਸ਼ਾਮਲ ਹੋਵੇਗਾ ਜਾਂ ਨਹੀਂ। ਜਨਵਰੀ ਵਿਚ ਪ੍ਰਕਾਸ਼ਿਤ ਆਪਣੀ ਕਿਤਾਬ ‘ਸਪੇਅਰ’ ਵਿਚ, ਉਸ ਨੇ ਆਪਣੇ ਪਿਤਾ, ਮਤਰੇਈ ਮਾਂ ਰਾਣੀ ਕੈਮਿਲਾ ਅਤੇ ਭਰਾ ਪ੍ਰਿੰਸ ਵਿਲੀਅਮ ਦੀ ਆਲੋਚਨਾ ਕੀਤੀ। 38 ਸਾਲਾ ਹੈਰੀ ਮੁਸਕਰਾ ਰਿਹਾ ਸੀ, ਜਦੋਂ ਉਹ ਸੂਟ ਪਹਿਨੇ ਅਤੇ ਛਾਤੀ ’ਤੇ ਤਗਮੇ ਲੈ ਕੇ ਐਬੇ ’ਤੇ ਪਹੁੰਚਿਆ।

ਇਸ ਮੌਕੇ ਭਾਰਤੀ ਮੂਲ ਦੇ ਹਾਜ਼ਰ ਲੋਕਾਂ ਵਿਚ ‘ਬੀ.ਈ.ਐੱਮ.’ ਨਾਲ ਸਨਮਾਨਿਤ ਬੰਸਰੀ ਰੁਪਾਰੇਲੀਆ, ਮੰਜੂ ਮੱਲ੍ਹੀ, ਜੈ ਪਟੇਲ ਤੇ ਹੋਰ ਹਾਜ਼ਰ ਸਨ। ਤਾਜਪੋਸ਼ੀ ਦੀ ਇਸ ਪਵਿੱਤਰ ਰਸਮ ਮੌਕੇ ਚਾਰਲਸ ਤੇ ਉਨ੍ਹਾਂ ਦੀ ਪਤਨੀ ਕੈਮਿਲਾ ਦਾ ਪ੍ਰਤੀਕਾਤਮਕ ਤੌਰ ’ਤੇ ਮੁੜ ਵਿਆਹ ਕੀਤਾ ਗਿਆ, ਤੇ ਦੋਵਾਂ ਨੂੰ ਇਕੱਠਿਆਂ ਪ੍ਰਮਾਤਮਾ ਅੱਗੇ ਸੇਵਾ ਵਿਚ ਰਹਿਣ ਦੀ ਸਹੁੰ ਚੁਕਾਈ ਗਈ। ਜ਼ਿਕਰਯੋਗ ਹੈ ਕਿ ਵਿਲੀਅਮ ‘ਦਿ ਕੌਨਕੁਐਰਰ’ ਦੀ ਸੰਨ 1066 ’ਚ ਤਾਜਪੋਸ਼ੀ ਤੋਂ ਲੈ ਕੇ ਹੁਣ ਤੱਕ ਵੈਸਟਮਿੰਸਟਰ ਐਬੇ ਵਿਚ ਹੀ ਹਰ ਅਗਲੇ ਮਹਾਰਾਜਾ-ਮਹਾਰਾਣੀ ਦੀ ਤਾਪਜੋਸ਼ੀ ਹੁੰਦੀ ਰਹੀ ਹੈ।

ਇਸ ਮੌਕੇ ਵੱਖ-ਵੱਖ ਧਰਮਾਂ ਦੇ ਆਗੂ ਤੇ ਹਿੰਦੂ, ਸਿੱਖ, ਮੁਸਲਿਮ, ਬੋਧੀ ਤੇ ਯਹੂਦੀ ਧਰਮਾਂ ਦੇ ਪ੍ਰਤੀਨਿਧੀ ਹਾਜ਼ਰ ਸਨ। ਭਾਰਤੀ ਮੂਲ ਦੇ ‘ਹਾਊਸ ਆਫ ਲਾਰਡਜ਼’ ਮੈਂਬਰਾਂ ਨੇ ਵੀ ਤਾਜਪੋਸ਼ੀ ਦੀ ਰਸਮ ਵਿਚ ਹਿੱਸਾ ਲਿਆ। ਇਸ ਤੋਂ ਪਹਿਲਾਂ ਮਹਾਰਾਜਾ ਚਾਰਲਸ ਆਪਣੀ ਪਤਨੀ ਕੈਮਿਲਾ ਦੇ ਨਾਲ ਬਕਿੰਘਮ ਪੈਲੇਸ ਤੋਂ ‘ਡਾਇਮੰਡ ਜੁਬਲੀ ਸਟੇਟ ਕੋਚ’ (ਘੋੜਾ ਗੱਡੀ) ਵਿਚ ਐਬੇ ਲਈ ਨਿਕਲੇ। ਉਨ੍ਹਾਂ ਦੇ ਨਾਲ-ਨਾਲ ਘੋੜਿਆਂ ਉਤੇ ਤੇ ਪੈਦਲ ਫ਼ੌਜੀ ਵੀ ਚੱਲੇ।

# ਸਰੀ ’ਚ ਹੋਈ ਗੋਲੀਬਾਰੀ ਦੌਰਾਨ ਕਬੱਡੀ ਪ੍ਰੋਮੋਟਰ ਨੀਟੂ ਕੰਗ ਗੰਭੀਰ ਜ਼ਖ਼ਮੀ



ਸਰੀ, (ਹਰਦਮ ਮਾਨ/ਪੰਜਾਬ ਮੇਲ)-144 ਏ ਸਟਰੀਟ ਦੇ 8100-ਬਲਾਕ ਵਿਚ ਇਕ ਘਰ ਦੇ ਡਰਾਈਵਵੇਅ ’ਤੇ ਨਿਸ਼ਾਨਾ ਬਣਾ ਕੇ ਕੀਤੀ ਗਈ ਗੋਲੀਬਾਰੀ ਵਿਚ ਇਕ ਬੰਦੇ ਦੇ ਗੰਭੀਰ ਹੋਣ ਦੀ ਖਬਰ ਹੈ। ਇਸ ਦੀ ਸੂਚਨਾ ਮਿਲਦੇ ਹੀ ਪੁਲਿਸ ਮੌਕੇ ’ਤੇ ਪੁੱਜੀ ਅਤੇ ਗੰਭੀਰ ਜ਼ਖਮੀ ਹਾਲਤ ਉਸ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਹੈ। ਬੇਸ਼ੱਕ ਪੁਲਿਸ ਵੱਲੋਂ ਹਮਲੇ ਵਿਚ ਜ਼ਖਮੀ ਹੋਏ ਵਿਅਕਤੀ ਦੀ ਪਛਾਣ ਬਾਰੇ ਕੁਝ ਨਹੀਂ ਦੱਸਿਆ ਗਿਆ ਪਰ ਪ੍ਰਾਪਤ ਜਾਣਕਾਰੀ ਅਨੁਸਾਰ ਜ਼ਖਮੀ ਹੋਣ ਵਾਲਾ ਵਿਅਕਤੀ ਸਰੀ ਦਾ ਵਸਨੀਕ ਅਤੇ ਪ੍ਰਸਿੱਧ ਕਬੱਡੀ ਪ੍ਰੋਮੋਟਰ ਨੀਟੂ ਕੰਗ ਹੈ। ਪਤਾ ਲੱਗਿਆ ਹੈ ਕਿ ਨੀਟੂ ਕੰਗ ਸਵੇਰੇ ਘਰੋਂ ਨਿਕਲਣ ਲੱਗਿਆ ਸੀ, ਜਦੋਂ ਉਸ ਉੱਪਰ ਹਥਿਆਰਬੰਦ ਹਮਲਾਵਰਾਂ ਨੇ ਹਮਲਾ ਕਰ ਦਿੱਤਾ। ਗੋਲੀਬਾਰੀ ਦੌਰਾਨ ਉਹ ਗੰਭੀਰ ਜ਼ਖ਼ਮੀ ਹੋ ਗਿਆ ਅਤੇ ਪੁਲਿਸ ਵੱਲੋਂ ਉਸ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ। ਜ਼ਿਕਰਯੋਗ ਹੈ ਕਿ ਨੀਟੂ ਕੰਗ ਨੈਸ਼ਨਲ ਕਬੱਡੀ ਐਸੋਸੀਏਸ਼ਨ ਆਫ ਬੀ.ਸੀ. ਕੈਨੇਡਾ ਨਾਲ ਸਬੰਧਿਤ ਹੈ ਅਤੇ ਪਿਛਲੇ ਲੰਬੇ ਸਮੇਂ ਤੋਂ ਕਬੱਡੀ ਦੀ ਪ੍ਰੋਮੋਸ਼ਨ ਨਾਲ ਜੁੜਿਆ ਹੋਇਆ ਸੀ। ਪੁਲਿਸ ਨੂੰ ਇਸ ਘਟਨਾ ਤੋਂ 30 ਮਿੰਟ ਬਾਅਦ 125 ਏ ਸਟਰੀਟ ਅਤੇ ਕੋਲਬਰੂਕ ਰੋਡ ਉਪਰ ਇਕ ਸੜੀ ਹੋਈ ਗੱਡੀ ਮਿਲੀ ਅਤੇ ਸਮਝਿਆ ਜਾਂਦਾ ਹੈ ਕਿ ਹਮਲਾਵਰਾਂ ਨੇ ਇਸ ਦੀ ਵਰਤੋਂ ਕੀਤੀ ਹੋਵੇਗੀ।

# ਸ਼੍ਰੋਮਣੀ ਕਮੇਟੀ ਵੱਲੋਂ ਗੁਰਦੁਆਰਾ ਡਾਂਗਮਾਰ ਸਾਹਿਬ ਮਾਮਲੇ ਦੇ ਮੱਦੇਨਜ਼ਰ ਸਬ-ਕਮੇਟੀ ਦਾ ਗਠਨ

ਅੰਮ੍ਰਿਤਸਰ, (ਪੰਜਾਬ ਮੇਲ)- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸਿੱਕਮ ਸਥਿਤ ਗੁਰਦੁਆਰਾ ਗੁਰੂ ਡਾਂਗਮਾਰ ਸਾਹਿਬ ਬਾਰੇ ਸਿੱਕਮ ਹਾਈ ਕੋਰਟ ਵੱਲੋਂ ਦਿੱਤੇ ਗਏ ਫ਼ੈਸਲੇ ਦੇ ਮੱਦੇਨਜ਼ਰ ਲੋੜੀਂਦੀ ਕਾਰਵਾਈ ਲਈ ਇਕ ਸਬ-ਕਮੇਟੀ ਦਾ ਗਠਨ ਕੀਤਾ ਹੈ। ਇਹ ਸਬ-ਕਮੇਟੀ ਛੇਤੀ ਹੀ ਸਿੱਕਮ ਲਈ ਰਵਾਨਾ ਹੋਵੇਗੀ ਅਤੇ ਉਥੋਂ ਦੀਆਂ ਸਥਾਨਕ ਸਿੱਖ ਜਥੇਬੰਦੀਆਂ ਦੇ ਪ੍ਰਤੀਨਿਧਾਂ ਨਾਲ ਵਿਚਾਰ-ਚਰਚਾ ਕਰੇਗੀ।

ਜ਼ਿਕਰਯੋਗ ਹੈ ਕਿ ਹਾਈ ਕੋਰਟ ਨੇ ਗੁਰਦੁਆਰਾ ਗੁਰੂ ਡਾਂਗਮਾਰ ਸਾਹਿਬ ਦੇ ਮਾਮਲੇ ਬਾਰੇ ਸਿੱਕਮ ਸਰਕਾਰ ਨੂੰ ਆਖਿਆ ਕਿ ਉਹ ਇਸ ਮਾਮਲੇ ਸਬੰਧੀ ਕੀਤੀ ਗਈ ਕਾਰਵਾਈ ਬਾਰੇ ਆਪਣੀ ਰਿਪੋਰਟ 18 ਅਗਸਤ ਤੱਕ ਅਦਾਲਤ ਵਿਚ ਪੇਸ਼ ਕਰੇ। ਇਸ ਤੋਂ ਪਹਿਲਾਂ ਸ਼੍ਰੋਮਣੀ ਕਮੇਟੀ ਵਲੋਂ ਸ੍ਰੀ ਗੁਰੂ ਸਿੰਘ ਸਭਾ ਦੇ ਸਹਿਯੋਗ ਨਾਲ ਸਿੱਕਮ ਦੀ ਹਾਈ ਕੋਰਟ ਵਿਚ ਪਟੀਸ਼ਨ ਦਾਇਰ ਕਰਕੇ ਦੋਸ਼ ਲਾਇਆ ਗਿਆ ਸੀ ਕਿ ਸਥਾਨਕ ਸਰਕਾਰ ਦੀ ਸ਼ਹਿ ’ਤੇ ਗੁਰੂ ਨਾਨਕ ਦੇਵ ਜੀ ਨਾਲ ਸਬੰਧਤ ਇਤਿਹਾਸਕ ਗੁਰਦੁਆਰੇ ’ਤੇ ਕਬਜ਼ਾ ਕਰ ਲਿਆ ਗਿਆ ਹੈ ਅਤੇ ਗੁਰਮਤਿ ਨਾਲ ਜੁੜੀਆਂ ਵਸਤਾਂ ਨੂੰ ਬਾਹਰ ਰੱਖ ਦਿੱਤਾ ਗਿਆ, ਜਿਸ ਨਾਲ ਬੇਅਦਬੀ ਹੋਈ ਹੈ। ਦੂਜੇ ਪਾਸੇ ਸਿੱਕਮ ਸਰਕਾਰ ਨੇ ਇਸ ਮਾਮਲੇ ਵਿਚ ਆਪਣਾ ਜਵਾਬ ਦਾਇਰ ਕੀਤਾ ਹੈ, ਜਿਸ ਤੋਂ ਬਾਅਦ ਅਦਾਲਤ ਨੇ ਇਹ ਫ਼ੈਸਲਾ ਦਿੱਤਾ ਹੈ।

ਇਸ ਬਾਰੇ ਸ਼੍ਰੋਮਣੀ ਕਮੇਟੀ ਪ੍ਰਧਾਨ ਦੇ



ਓ.ਐੱਸ.ਡੀ. ਸਤਬੀਰ ਸਿੰਘ ਨੇ ਦੱਸਿਆ ਕਿ ਗੁਰਦੁਆਰਾ ਗੁਰੂ ਡਾਂਗਮਾਰ ਸਾਹਿਬ ਦੇ ਮਾਮਲੇ ਸਬੰਧੀ ਐਡਵੋਕੇਟ ਧਾਮੀ ਵੱਲੋਂ ਬਣਾਈ ਸਬ-ਕਮੇਟੀ ਵਿਚ ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਭਾਈ ਗੁਰਚਰਨ ਸਿੰਘ ਗਰੇਵਾਲ, ਮੈਂਬਰ ਭਾਈ ਰਜਿੰਦਰ ਸਿੰਘ ਮਹਿਤਾ, ਐਡਵੋਕੇਟ ਭਗਵੰਤ ਸਿੰਘ ਸਿਆਲਕਾ ਤੇ ਇਤਿਹਾਸਕਾਰ ਡਾ. ਦਲਵਿੰਦਰ ਸਿੰਘ ਗਰੇਵਾਲ ਨੂੰ ਸ਼ਾਮਲ ਕੀਤਾ ਗਿਆ ਹੈ, ਜਦੋਂ ਕਿ ਇਸ ਕਮੇਟੀ ਦੇ ਕੋਆਰਡੀਨੇਟਰ ਸ਼੍ਰੋਮਣੀ ਕਮੇਟੀ ਦੇ ਮੀਤ ਸਕੱਤਰ ਜਸਵਿੰਦਰ ਸਿੰਘ ਜੱਸੀ ਹੋਣਗੇ। ਉਨ੍ਹਾਂ ਦੱਸਿਆ ਕਿ ਸਿੱਕਮ ਹਾਈ ਕੋਰਟ ਦੇ ਆਏ ਤਾਜ਼ਾ ਫੈਸਲੇ ਤੋਂ ਬਾਅਦ ਸ਼੍ਰੋਮਣੀ ਕਮੇਟੀ ਵੱਲੋਂ ਇਹ ਸਬ-ਕਮੇਟੀ ਜਲਦੀ ਹੀ ਸਿੱਕਮ ਜਾਵੇਗੀ ਅਤੇ ਤਾਜ਼ਾ ਹਾਲਾਤ ਦੀ ਸਮੀਖਿਆ ਕਰਕੇ ਮਸਲਾ ਹੱਲ ਕਰਨ ਲਈ ਅਗਲੇਰੀ ਚਾਰਾਜੋਈ ਕਰੇਗੀ। ਕਾਬਿਲੇਗੌਰ ਹੈ ਕਿ ਹਾਲ ਹੀ ਵਿਚ ਅਰੁਣਾਚੱਲ ਪ੍ਰਦੇਸ਼ ਵਿਚ ਵੀ ਇਕ ਗੁਰਦੁਆਰੇ ਨੂੰ ਬੋਧ ਧਰਮ ਅਸਥਾਨ ’ਚ ਤਬਦੀਲ ਕਰ ਦਿਤਾ ਗਿਆ ਹੈ, ਜਿਸ ਦਾ ਸ਼੍ਰੋਮਣੀ ਕਮੇਟੀ ਸਮੇਤ ਸਿੱਖ ਜਥੇਬੰਦੀਆਂ ਨੇ ਵਿਰੋਧ ਕੀਤਾ ਹੈ। ਕੌਮੀ ਘੱਟ ਗਿਣਤੀ ਕਮਿਸ਼ਨ ਵਲੋਂ ਇਸ ਮਾਮਲੇ ਬਾਰੇ ਉਥੋਂ ਦੀ ਸਰਕਾਰ ਕੋਲੋਂ ਰਿਪੋਰਟ ਵੀ ਮੰਗੀ ਗਈ ਹੈ।

Global Allianz
LAW FIRM LLP
ਕਾਨੂੰਨੀ ਸਲਾਹ
- ਇਮੀਗਰੇਸ਼ਨ ਸੇਵਾਵਾਂ
- ਘਰੇਲੂ ਹਿੰਸਾ ਦੇ ਕੇਸ
- ਨਸ਼ਾ ਕਰਕੇ ਗੱਡੀ ਚਲਾਉਣਾ
- ਕੰਮ ’ਤੇ ਸੱਟ ਲਗਣਾ


Atul Kapoor
C.E.O

Asylum & Deportation Defense


Neat Allen Sawyer
Attorney at law

555 Capitol Mall SUITE 1245, Sacramento, CA 95814
Phone:209-808-2136, 209-952-5578, 1-916-806-7042, Fax: 209-476-7188

# ਜੱਸਾ ਸਿੰਘ ਰਾਮਗੜ੍ਹੀਆ ਦੀ ਹਵੇਲੀ ਢਾਹੁਣ ਦਾ ਮਾਮਲਾ ਭਖਿਆ

■ ਵੱਖ-ਵੱਖ ਸੰਸਥਾਵਾਂ ਵੱਲੋਂ ਸੇਵਾ ਸੰਭਾਲ ਕਰ ਰਹੀ ਸੰਸਥਾ 'ਤੇ ਪੁਰਾਤਨ ਢਾਂਚੇ ਨੂੰ ਨੁਕਸਾਨ ਪਹੁੰਚਾਉਣ ਦੇ ਦੋਸ਼




ਜੱਸਾ ਸਿੰਘ ਰਾਮਗੜ੍ਹੀਆ ਦੀ ਢਹਿ-ਢੇਰੀ ਕੀਤੀ ਗਈ ਹੇਵੇਲੀ।

ਸ੍ਰੀ ਹਰਗੋਬਿੰਦਪੁਰ (ਬਟਾਲਾ), (ਪੰਜਾਬ ਮੇਲ)- ਜਰਨੈਲ ਜੱਸਾ ਸਿੰਘ ਰਾਮਗੜ੍ਹੀਆ ਦੀ ਸ੍ਰੀ ਹਰਗੋਬਿੰਦਪੁਰ ਸਥਿਤ ਹਵੇਲੀ ਨੂੰ ਢਹਿ-ਢੇਰੀ ਕਰਨ ਦਾ ਮਾਮਲਾ ਭਖ ਗਿਆ ਹੈ। ਵੱਖ-ਵੱਖ ਸੰਸਥਾਵਾਂ ਦੇ ਆਗੂਆਂ ਨੇ ਜੱਸਾ ਸਿੰਘ ਰਾਮਗੜ੍ਹੀਆ ਦੇ ਨਿਵਾਸ ਸਥਾਨ ਦੇ ਦੌਰੇ ਦੌਰਾਨ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਮਹਾਨ ਜਰਨੈਲ ਦੀਆਂ ਪੁਰਾਤਨ ਨਿਸ਼ਾਨੀਆਂ ਬਚਾਉਣ ਲਈ ਯਤਨ ਕੀਤੇ ਜਾਣ। ਵਿਰਾਸਤੀ ਮੰਚ ਬਟਾਲਾ, ਇੰਡੀਅਨ ਨੈਸ਼ਨਲ ਟਰੱਸਟ ਫਾਰ ਆਰਟ ਐਂਡ ਕਲਚਰਲ ਹੈਰੀਟੇਜ ਦੇ ਅੰਮ੍ਰਿਤਸਰ ਚੈਪਟਰ, ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਫਾਊਂਡੇਸ਼ਨ ਬਟਾਲਾ, ਸਾਹਿਲ-ਏ-ਬਿਆਸ ਖੇਡ ਤੇ ਸੱਭਿਆਚਾਰਕ ਸੁਸਾਇਟੀ ਦੇ ਅਹੁਦੇਦਾਰਾਂ ਨੇ ਪੰਜਾਬ ਸਰਕਾਰ ਕੋਲੋਂ ਮੰਗ ਕੀਤੀ ਕਿ 18ਵੀਂ ਸਦੀ ਦੇ ਮਹਾਨ ਜਰਨੈਲ ਜੱਸਾ ਸਿੰਘ ਰਾਮਗੜ੍ਹੀਆ ਦੇ ਸ੍ਰੀ ਹਰਗੋਬਿੰਦਪੁਰ ਸਾਹਿਬ ਸਥਿਤ ਨਿਵਾਸ ਸਥਾਨ ਨੂੰ ਇੱਕ ਸੰਸਥਾ ਵੱਲੋਂ ਢਾਹੇ ਜਾਣ ਤੋਂ ਤੁਰੰਤ ਰੋਕਿਆ ਜਾਵੇ, ਤਾਂ ਜੋ ਇਹ ਇਤਿਹਾਸਕ ਸਮਾਰਕ ਨਿਸ਼ਾਨੀ ਵਜੋਂ ਕਾਇਮ ਰਹਿ ਸਕੇ। ਵਿਰਾਸਤੀ ਮੰਚ ਬਟਾਲਾ ਦੇ ਬੁਲਾਰੇ ਇੰਦਰਜੀਤ ਸਿੰਘ ਹਰਪੁਰਾ ਨੇ ਦੱਸਿਆ ਕਿ ਸਿੱਖ ਮਿਸਲਾਂ ਦੇ ਦੌਰ ਦੌਰਾਨ ਸ੍ਰੀ ਹਰਗੋਬਿੰਦਪੁਰ ਸਾਹਿਬ ਸਿੱਖ ਜਰਨੈਲ ਜੱਸਾ ਸਿੰਘ ਰਾਮਗੜ੍ਹੀਆ ਦੀ ਰਾਜਧਾਨੀ ਰਿਹਾ ਹੈ। ਇੱਥੇ ਹੀ ਜੱਸਾ ਸਿੰਘ ਰਾਮਗੜ੍ਹੀਆ ਦਾ ਨਿਵਾਸ ਸਥਾਨ ਸੀ, ਜੋ ਕਿ ਅੱਜ ਵੀ ਮੌਜੂਦ ਹੈ। ਉਨ੍ਹਾਂ ਦੱਸਿਆ ਕਿ ਸੰਨ 1803 ਵਿਚ ਇੱਥੇ ਹੀ ਜੱਸਾ ਸਿੰਘ ਰਾਮਗੜ੍ਹੀਆ ਦਾ ਅਕਾਲ ਚਲਾਣਾ ਹੋਇਆ ਸੀ।

ਹਰਪੁਰਾ ਨੇ ਦੱਸਿਆ ਕਿ ਸਾਲ 2015 ਵਿਚ ਰਾਮਗੜ੍ਹੀਆ ਸਿੱਖ ਹੈਰੀਟੇਜ ਟਰੱਸਟ ਵੱਲੋਂ ਇਸ ਇਤਿਹਾਸਕ ਇਮਾਰਤ ਦੀ ਮੁਰੰਮਤ ਅਤੇ ਸੰਭਾਲ ਕਰਨ ਦੇ ਪ੍ਰਾਜੈਕਟ ਦਾ ਨੀਂਹ ਪੱਥਰ ਤਤਕਾਲੀ ਕੇਂਦਰੀ ਰਾਜ ਮੰਤਰੀ ਵਿਜੈ ਸਾਂਪਲਾ ਕੋਲੋਂ ਰਖਵਾਇਆ ਗਿਆ ਸੀ। ਟਰੱਸਟ ਦੇ ਅਹੁਦੇਦਾਰਾਂ ਨੇ ਸੰਗਤ ਨੂੰ ਇਹ ਭਰੋਸਾ ਦਿੱਤਾ ਸੀ ਕਿ ਉਹ ਜੱਸਾ ਸਿੰਘ ਰਾਮਗੜ੍ਹੀਆ ਦੀ ਰਿਹਾਇਸ਼ ਦੀ ਬਿਲਕੁਲ ਪੁਰਾਣੇ ਨਕਸ਼ੇ ਤਹਿਤ ਮੁਰੰਮਤ ਕਰਕੇ ਸੰਭਾਲ ਕਰਨਗੇ ਪਰ ਹੁਣ ਇਤਿਹਾਸਕ ਇਮਾਰਤ ਨੂੰ ਪੂਰੀ ਤਰ੍ਹਾਂ ਢਾਹ ਕੇ ਨਵੀਂ ਦਿੱਖ ਦਿੱਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਸੇਵਾ ਕਰ ਰਹੇ ਟਰੱਸਟ ਵੱਲੋਂ ਬਿਲਕੁਲ ਉਲਟ ਜਾ ਕੇ ਕੰਮ ਕੀਤਾ ਜਾ ਰਿਹਾ ਹੈ।

## ਪੰਜਾਬ ਸਰਕਾਰ ਵੱਲੋਂ ਕਟਾਰੂਚੱਕ ਮਾਮਲੇ ਦੀ ਜਾਂਚ ਲਈ ਡੀ.ਆਈ.ਜੀ. ਦੀ ਅਗਵਾਈ ਹੇਠ 'ਸਿਟ' ਕਾਇਮ

ਚੰਡੀਗੜ੍ਹ, (ਪੰਜਾਬ ਮੇਲ)- ਪੰਜਾਬ ਪੁਲਿਸ ਨੇ ਸੂਬੇ ਦੇ ਖੁਰਾਕ ਤੇ ਸਿਵਲ ਸਪਲਾਈ ਮੰਤਰੀ ਲਾਲ ਚੰਦ ਕਟਾਰੂਚੱਕ ਖ਼ਿਲਾਫ਼ ਲੱਗੇ ਦੋਸ਼ਾਂ ਦੀ ਪੜਤਾਲ ਲਈ ਡੀ.ਆਈ.ਜੀ. ਨਰਿੰਦਰ ਭਾਰਗਵ ਦੀ ਅਗਵਾਈ ਹੇਠ ਤਿੰਨ ਮੈਂਬਰੀ ਵਿਸ਼ੇਸ਼ ਜਾਂਚ ਟੀਮ (ਸਿਟ) ਬਣਾਈ ਗਈ ਹੈ। ਗੁਰਦਾਸਪੁਰ ਦੇ ਐੱਸ.ਐੱਸ.ਪੀ. ਡੀ. ਹਰੀਸ਼ ਕੁਮਾਰ ਅਤੇ ਪਠਾਨਕੋਟ ਦੇ ਜ਼ਿਲ੍ਹਾ ਪੁਲਿਸ ਮੁਖੀ ਐੱਚ.ਪੀ.ਐੱਸ. ਖੱਖ ਨੂੰ ਸਿਟ ਦਾ ਮੈਂਬਰ ਬਣਾਇਆ ਗਿਆ ਹੈ। ਡਾਇਰੈਕਟਰ ਬਿਊਰੋ ਆਫ਼ ਇਨਵੈਸਟੀਗੇਸ਼ਨ ਦੇ ਦਫ਼ਤਰ ਵੱਲੋਂ ਸਿਟ ਦੇ ਗਠਨ ਸਬੰਧੀ ਹੁਕਮ ਜਾਰੀ ਕੀਤੇ ਗਏ ਹਨ। ਪੁਲਿਸ ਵੱਲੋਂ ਜਾਰੀ ਹੁਕਮਾਂ ਵਿਚ ਅਨੁਸੂਚਿਤ ਜਾਤੀ ਕਮਿਸ਼ਨ ਦੇ ਹੁਕਮਾਂ ਦਾ ਵੀ ਹਵਾਲਾ ਦਿੱਤਾ ਗਿਆ ਹੈ। ਪੁਲਿਸ ਮੁਤਾਬਕ ਸ਼ਿਕਾਇਤਕਰਤਾ ਨੂੰ ਲੋੜੀਂਦੀ ਸੁਰੱਖਿਆ ਦਿੱਤੀ ਜਾਵੇਗੀ। ਜ਼ਿਕਰਯੋਗ ਹੈ ਕਿ ਕਾਂਗਰਸ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਇੱਕ ਇਤਰਾਜ਼ਯੋਗ ਵੀਡੀਓ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਨੂੰ ਸੌਂਪਦਿਆਂ ਮੰਤਰੀ ਖ਼ਿਲਾਫ਼ ਕਾਰਵਾਈ ਦੀ ਮੰਗ ਕੀਤੀ ਸੀ। ਜਲੰਧਰ ਜ਼ਿਮਨੀ ਚੋਣ ਦਾ ਸਿਆਸੀ ਮੈਦਾਨ ਭਖਿਆ ਹੋਣ ਕਰਕੇ ਕਾਂਗਰਸ, ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਵੱਲੋਂ ਇਸ ਮੁੱਦੇ ਨੂੰ ਤੂਲ ਦਿੱਤਾ ਜਾ ਰਿਹਾ ਹੈ। ਇਹ ਮਾਮਲਾ ਪਹਿਲਾਂ ਤਾਂ ਦੱਬਿਆ ਰਿਹਾ ਪਰ ਅਚਾਨਕ ਹੀ ਇਕ ਵਿਅਕਤੀ ਨੇ ਕੌਮੀ ਅਨੁਸੂਚਿਤ ਜਾਤੀ ਕਮਿਸ਼ਨ ਕੋਲ ਪਹੁੰਚ ਕਰਕੇ ਮੰਤਰੀ 'ਤੇ ਧਮਕੀਆਂ ਦੇਣ ਦੇ ਦੋਸ਼ ਲਾਏ ਸਨ।



ਸਫਾ 1 ਦਾ ਬਾਕੀ

## ਇਮਰਾਨ ਖਾਨ ਦੀ ਗ੍ਰਿਫ਼ਤਾਰੀ ਮਗਰੋਂ ਵੱਖ-ਵੱਖ ਥਾਵਾਂ 'ਤੇ...

ਦੀ ਕੋਸ਼ਿਸ਼ ਨਹੀਂ ਕੀਤੀ। ਪ੍ਰਦਰਸ਼ਨਕਾਰੀਆਂ ਨੇ ਛਾਉਣੀ ਇਲਾਕੇ ਵਿਚ ਵੀ ਮੁਜ਼ਾਹਰਾ ਕੀਤਾ। ਖ਼ਾਨ ਦੀ ਗ੍ਰਿਫ਼ਤਾਰੀ ਦਾ ਪਤਾ ਲੱਗਦੇ ਹੀ ਪਾਕਿਸਤਾਨ ਦੇ ਕਈ ਸ਼ਹਿਰਾਂ ਵਿਚ ਰੋਸ ਪ੍ਰਦਰਸ਼ਨਾਂ ਨੇ ਹਿੰਸਕ ਰੂਪ ਧਾਰ ਲਿਆ। ਪ੍ਰਦਰਸ਼ਨਕਾਰੀਆਂ ਨੇ ਪੁਲਿਸ ਦੇ ਵਾਹਨਾਂ ਨੂੰ ਅੱਗ ਲਾ ਦਿੱਤੀ ਤੇ ਸਰਕਾਰੀ ਜਾਇਦਾਦ ਨੂੰ ਨੁਕਸਾਨ ਪਹੁੰਚਾਇਆ। ਲਾਹੌਰ ਦੇ ਮੁੱਖ ਰੋਡ ਸਣੇ ਦਾਖਲ ਤੇ ਬਾਹਰ ਨਿਕਲਣ ਵਾਲੇ ਰਾਹਾਂ 'ਤੇ ਜਾਰੀ ਪ੍ਰਦਰਸ਼ਨਾਂ ਕਰਕੇ ਸ਼ਹਿਰ ਦਾ ਵਰਚੁਅਲੀ ਹੋਰਨਾਂ ਸ਼ਹਿਰਾਂ ਨਾਲੋਂ ਰਾਬਤਾ ਖ਼ਤਮ ਹੋ ਗਿਆ। ਲਹਿੰਦੇ ਪੰਜਾਬ ਦੀ ਕਾਰਜਕਾਰੀ ਸਰਕਾਰ ਨੇ ਰੇਂਜਰਜ਼ ਨੂੰ ਮੁਲਕ ਦੇ ਸਭ ਤੋਂ ਸੰਘਣੀ ਵਸੋਂ ਵਾਲੇ ਸੂਬੇ ਵਿਚ ਅਮਨ ਤੇ ਕਾਨੂੰਨ ਬਣਾਈ ਰੱਖਣ ਦੀ ਹਦਾਇਤ ਕੀਤੀ ਹੈ। ਉਂਜ ਪੰਜਾਬ ਵਿਚ ਧਾਰਾ 144 ਆਇਦ ਕਰ ਦਿੱਤੀ ਗਈ ਹੈ। ਗ੍ਰਹਿ ਵਿਭਾਗ ਨੇ ਕਿਹਾ ਕਿ ਇਕੱਠ 'ਤੇ ਪਾਬੰਦੀ ਦੇ ਹੁਕਮ ਦੋ ਦਿਨਾਂ ਲਈ ਲਾਗੂ ਰਹਿਣਗੇ। ਇਸ ਦੇ ਨਾਲ ਹੀ ਪੰਜਾਬ ਸਰਕਾਰ ਨੇ ਪਾਕਿਸਤਾਨ ਟੈਲੀਕਾਮ ਅਥਾਰਿਟੀ ਨੂੰ ਹਿੰਸਕ ਪ੍ਰਦਰਸ਼ਨਾਂ ਵਾਲੇ ਇਲਾਕਿਆਂ ਵਿਚ ਇੰਟਰਨੈੱਟ ਤੇ ਮੋਬਾਈਲ ਸੇਵਾਵਾਂ ਬੰਦ ਕਰਨ ਲਈ ਕਿਹਾ ਹੈ। ਪੀ.ਟੀ.ਆਈ. ਦੇ ਵੱਡੀ ਗਿਣਤੀ ਵਰਕਰਾਂ ਨੇ ਗ੍ਰਹਿ ਮੰਤਰੀ ਰਾਣਾ ਸਨਾਉੱਲ੍ਹਾ ਦੇ ਫ਼ੈਸਲਾਬਾਦ ਸ਼ਹਿਰ ਵਿਚਲੇ ਘਰ 'ਤੇ ਪੱਥਰਬਾਜ਼ੀ ਵੀ ਕੀਤੀ। ਮੁਲਤਾਨ, ਜੰਗ, ਗੁਜਰਾਂਵਾਲਾ, ਸ਼ੇਖ਼ੂਪੁਰਾ, ਕਸੂਰ, ਖਾਨੇਵਾਲ, ਵੇਹੜੀ, ਹਾਫ਼ਿਜ਼ਾਬਾਦ ਤੇ ਗੁਜਰਾਤ ਸ਼ਹਿਰਾਂ 'ਚ ਰੋਸ ਮੁਜ਼ਾਹਰੇ ਵੇਖਣ ਨੂੰ ਮਿਲੇ।

ਜ਼ਿਕਰਯੋਗ ਹੈ ਕਿ ਪੈਰਾਮਿਲਟਰੀ ਰੇਂਜਰਾਂ ਨੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਨੂੰ ਇਸਲਾਮਾਬਾਦ ਹਾਈ ਕੋਰਟ ਦੇ ਬਾਹਰੋਂ ਗ੍ਰਿਫ਼ਤਾਰ ਕਰ ਲਿਆ। ਖ਼ਾਨ ਭ੍ਰਿਸ਼ਟਾਚਾਰ ਕੇਸ ਦੀ ਸੁਣਵਾਈ ਲਈ ਕੋਰਟ ਅਹਾਤੇ 'ਚ ਮੌਜੂਦ ਸਨ। ਗ੍ਰਿਫ਼ਤਾਰੀ ਮਗਰੋਂ ਖ਼ਾਨ ਨੂੰ ਰਾਵਲਪਿੰਡੀ ਸਥਿਤ ਕੌਮੀ ਜਵਾਬਦੇਹੀ ਬਿਊਰੋ (ਐੱਨ.ਏ.ਬੀ.) ਦੇ ਦਫ਼ਤਰ ਵਿਚ ਤਬਦੀਲ ਕੀਤੇ ਜਾਣ ਦੀਆਂ ਰਿਪੋਰਟਾਂ ਹਨ। ਹਾਲਾਂਕਿ ਪਾਕਿਸਤਾਨ ਤਹਿਰੀਕ-ਏ-ਇਨਸਾਫ਼ (ਪੀ.ਟੀ.ਆਈ.) ਦੇ ਆਗੂ ਫ਼ਵਾਦ ਚੌਧਰੀ ਨੇ ਖ਼ਾਨ ਨੂੰ ਕਿਸੇ ਅਣਦੱਸੀ ਥਾਂ ਤਬਦੀਲ ਕਰਨ ਦਾ ਦਾਅਵਾ ਕੀਤਾ ਹੈ।

### ਗ੍ਰਿਫ਼ਤਾਰੀ ਤੋਂ ਪਹਿਲਾਂ ਖ਼ਾਨ ਨੂੰ ਕਈ ਕੇਸਾਂ 'ਚ ਮਿਲੀ ਜ਼ਮਾਨਤ

ਇਸਲਾਮਾਬਾਦ: ਨੀਮ ਫੌਜੀ ਬਲਾਂ ਦੇ ਰੇਂਜਰਾਂ ਵੱਲੋਂ ਇਸਲਾਮਾਬਾਦ ਹਾਈ ਕੋਰਟ ਵਿਚੋਂ ਗ੍ਰਿਫਤਾਰ ਕੀਤੇ ਜਾਣ ਤੋਂ ਪਹਿਲਾਂ ਸਾਬਕਾ ਵਜ਼ੀਰੇ ਆਜ਼ਮ ਇਮਰਾਨ ਖ਼ਾਨ ਨੂੰ ਉਨ੍ਹਾਂ ਖਿਲਾਫ਼ ਦਰਜ ਕੇਈ ਕੇਸਾਂ ਵਿਚ ਜ਼ਮਾਨਤ ਮਿਲ ਗਈ। ਅੱਤਵਾਦ ਵਿਰੋਧੀ ਕੋਰਟ (ਏ.ਟੀ.ਸੀ.) ਨੇ ਖ਼ਾਨ ਵੱਲੋਂ ਦਾਇਰ ਅੰਤਰਿਮ ਜ਼ਮਾਨਤ ਦੀਆਂ ਅਰਜ਼ੀਆਂ ਨੂੰ ਮਨਜ਼ੂਰ ਕਰ ਲਿਆ। ਏ.ਟੀ.ਸੀ. ਜੱਜ ਰਾਜਾ ਜਵਾਦ ਅੱਬਾਸ ਨੇ ਇਥੇ ਸੰਘੀ ਅਦਾਲਤੀ ਕੰਪਲੈਕਸ ਦੇ ਬਾਹਰ 18 ਮਾਰਚ ਨੂੰ ਹੋਈ ਹਿੰਸਾ ਨਾਲ ਜੁੜੇ ਸੱਤ ਕੇਸਾਂ ਵਿਚ ਖ਼ਾਨ ਵੱਲੋਂ ਦਾਇਰ ਜ਼ਮਾਨਤ ਅਰਜ਼ੀ ਨੂੰ ਪ੍ਰਵਾਨ ਕਰ ਲਿਆ। ਕੋਰਟ ਨੇ ਖ਼ਾਨ ਨੂੰ 50 ਹਜ਼ਾਰ ਰੁਪਏ ਦੇ ਨਿੱਜੀ ਮੁਚੱਲਕੇ ਭਰਨ ਲਈ ਕਿਹਾ ਹੈ।


### ਇਸਲਾਮਾਬਾਦ ਹਾਈ ਕੋਰਟ ਵੱਲੋਂ ਗ੍ਰਿਫਤਾਰੀ 'ਜਾਇਜ਼' ਕਰਾਰ


ਪੈਰਾ-ਮਿਲਟਰੀ ਰੇਂਜਰਾਂ ਵੱਲੋਂ ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਦੀ ਨਾਟਕੀ ਗ੍ਰਿਫ਼ਤਾਰੀ ਮਗਰੋਂ ਸਰਕਾਰ ਤੇ ਪੁਲਿਸ ਦੇ ਸਿਖਰਲੇ ਅਧਿਕਾਰੀਆਂ ਨੂੰ ਸੰਮਨ ਕਰਨ ਵਾਲੀ ਇਸਲਾਮਾਬਾਦ ਹਾਈ ਕੋਰਟ ਨੇ ਖ਼ਾਨ ਦੀ ਗ੍ਰਿਫ਼ਤਾਰੀ ਨੂੰ ਕਾਨੂੰਨੀ ਤੌਰ 'ਤੇ ਜਾਇਜ਼ ਕਰਾਰ ਦਿੱਤਾ ਹੈ। ਹਾਈ ਕੋਰਟ ਨੇ ਕਿਹਾ ਕਿ ਐੱਨ.ਏ.ਬੀ. (ਕੌਮੀ ਜਵਾਬਦੇਹੀ ਬਿਊਰੋ) ਨੇ ਗ੍ਰਿਫਤਾਰੀ ਮੌਕੇ ਸਾਰੇ ਨੇਮਾਂ ਦੀ ਪਾਲਣਾ ਕੀਤੀ।

ਸਫਾ 1 ਦਾ ਬਾਕੀ

## ਜਲੰਧਰ ਜ਼ਿਮਨੀ ਚੋਣ: ਉਮੀਦਵਾਰਾਂ ਦੀ ਕਿਸਮਤ ਵੋਟਿੰਗ...

ਦੀ ਰਫਤਾਰ ਘੱਟ ਚੱਲ ਰਹੀ ਸੀ ਅਤੇ ਹੌਲੀ-ਹੌਲੀ ਇਹ ਗਤੀ ਫੜਦੀ ਗਈ। ਕੁੱਝ ਥਾਂਵਾਂ ਤੋਂ ਛਿਟਪੁੱਟ ਘਟਨਾਵਾਂ ਵੀ ਹੋਈਆਂ ਹਨ। ਵੋਟਿੰਗ ਦੌਰਾਨ ਬਾਗ ਕਰਮ ਬਖਸ਼ ਵਿਖੇ ਕਾਂਗਰਸੀ ਵਰਕਰ ਨਾਲ ਮਾਰਕੁੱਟ ਹੋਣ ਦੀ ਖਬਰ ਸਾਹਮਣੇ ਆਈ ਹੈ। ਇਸ ਵਿਚ ਵਰਕਰ ਜ਼ਖਮੀ ਹੋ ਗਿਆ। ਹੰਗਾਮੇ ਤੋਂ ਬਾਅਦ ਨੀਮ ਫੌਜੀ ਦਸਤੇ ਮੌਕੇ 'ਤੇ ਪਹੁੰਚੇ ਪਰ ਹਾਲੇ ਤੱਕ ਕਾਰਵਾਈ ਹੋਣ ਦਾ ਕੋਈ ਸਮਾਚਾਰ ਪ੍ਰਾਪਤ ਨਹੀਂ ਹੋਇਆ। ਕੁੱਝ ਇਕ ਪਾਰਟੀਆਂ ਦੇ ਬੂਥਾਂ 'ਤੇ ਬਾਹਰੀ ਵਰਕਰ ਦੇਖਣ ਨੂੰ ਮਿਲੇ, ਜਿਨ੍ਹਾਂ ਦੀ ਸ਼ਿਕਾਇਤ ਚੋਣ ਕਮਿਸ਼ਨ ਨੂੰ ਕੀਤੀ ਗਈ। ਇਸ ਦੌਰਾਨ ਕੁੱਝ ਹਲਕਿਆਂ ਵਿਚ ਵੋਟਿੰਗ ਕਾਫੀ ਦੇਰ ਨਾਲ ਸ਼ੁਰੂ ਹੋਈ। ਲੋਹੀਆਂ ਦੇ ਬੂਥ ਨੰਬਰ 32 'ਤੇ ਫਿੱਟ ਕੀਤੀ ਈ.ਵੀ.ਐੱਮ. ਮਸ਼ੀਨ ਖਰਾਬ ਹੋਣ ਕਾਰਨ ਮਸ਼ੀਨ ਨੂੰ ਬਦਲਿਆ ਗਿਆ, ਜਿਸ ਕਾਰਨ ਵੋਟਾਂ ਪਾਉਣ ਦਾ ਸਿਲਸਿਲਾ ਕਾਫੀ ਦੇਰ ਨਾਲ ਸ਼ੁਰੂ ਹੋਇਆ। ਇਸ ਦੌਰਾਨ ਪਾਰਟੀ ਆਗੂਆਂ ਨੇ ਵੀ ਆਪਣੀ ਵੋਟ ਦਾ ਇਸਤੇਮਾਲ ਕੀਤਾ। ਲੋਕਾਂ 'ਚ ਕਾਫੀ ਉਤਸ਼ਾਹ ਦੇਖਣ ਨੂੰ ਮਿਲਿਆ। 19 ਉਮੀਦਵਾਰਾਂ ਦੀਆਂ ਕਿਸਮਤ ਹੁਣ ਈ.ਵੀ.ਐੱਮ. ਮਸ਼ੀਨਾਂ 'ਚ ਬੰਦ ਹੋ ਗਈ ਹੈ। ਇਨ੍ਹਾਂ ਉਮੀਦਵਾਰਾਂ ਦੀ ਕਿਸਮਤ ਦਾ ਫੈਸਲਾ 13 ਮਈ ਨੂੰ ਵੋਟਾਂ ਦੀ ਗਿਣਤੀ ਵਾਲੇ ਦਿਨ ਹੋਵੇਗਾ।



# "ਸਾਹਿਤਕਾਰ ਪ੍ਰਮਿੰਦਰ ਸਿੰਘ ਸਿੰਘ 'ਪ੍ਰਵਾਨਾ' ਦੀ ਇਤਿਹਾਸਕ ਪੁਸਤਕ ਲੋਕ ਅਰਪਣ ਹੋਈ"

**■ ਲਾੜੇ ਸਮੇਤ 3 ਹੋਰ ਗੰਭੀਰ ਜ਼ਖ਼ਮੀ**



ਪ੍ਰਮਿੰਦਰ ਸਿੰਘ ਪ੍ਰਵਾਨਾ ਦੀ ਇਤਿਹਾਸਕ ਪੁਸਤਕ ਲੋਕ ਅਰਪਣ ਦੌਰਾਨ ਹਾਜ਼ਰ ਸ਼ਖਸੀਅਤਾਂ ਇਕ ਯਾਦਗਾਰੀ ਤਸਵੀਰ ਵਿਚ।

**ਯੂਨੀਅਨ ਸਿਟੀ, (ਪੰਜਾਬ ਮੇਲ)-** ਸਥਾਨਕ ਸਾਹਿਤਕਾਰ ਪ੍ਰਮਿੰਦਰ ਸਿੰਘ ਪ੍ਰਵਾਨਾ ਦੀ ਪੁਸਤਕ 'ਚੋਣਵੇਂ ਇਤਿਹਾਸਕ ਲੇਖ' Guy Emanuele Jr. Elementary School, 100 Decoto Road, Union City, CA 94587 ਵਿਖੇ ਲੋਕ ਅਰਪਣ ਹੋਈ। ਇਕ ਵਿਸ਼ਾਲ ਸਾਹਿਤਕ ਧਾਰਮਿਕ ਸੱਭਿਆਚਾਰਕ ਅਕਾਦਮਿਕ ਪ੍ਰੋਗਰਾਮ ਵਿਚ ਬੱਚੇ, ਮਾਪੇ, ਅਧਿਆਪਕ, ਸਾਹਿਤਕਾਰ, ਕਲਾਕਾਰ, ਕਾਰੋਬਾਰੀ ਅਤੇ ਪਤਵੰਤੇ ਸ਼ਾਮਲ ਹੋਏ।

ਪ੍ਰੋਗਰਾਮ ਦਾ ਆਰੰਭ ਸਕੂਲ ਦੀ ਅਧਿਆਪਕਾ Gina Pacal Do ਨੇ ਸਭ ਨੂੰ ਜੀ ਆਇਆਂ ਆਖਦਿਆਂ ਕੀਤਾ। 'ਪ੍ਰਵਾਨਾ' ਵੱਲੋਂ ਪਹਿਲਾਂ ਕੀਤੇ 5 ਪ੍ਰੋਗਰਾਮਾਂ ਦੀ ਸਫਲਤਾ ਦਾ ਜ਼ਿਕਰ ਕੀਤਾ। ਪੁਸਤਕ 'ਫਾਰਮਰਜ਼ ਇੰਸ਼ੋਰੈਂਸ' ਦੇ ਗੁਰਚਰਨ ਸਿੰਘ ਮਾਨ ਵੱਲੋਂ ਲੋਕ ਅਰਪਣ ਹੋਈ। 'ਪ੍ਰਵਾਨਾ' ਵੱਲੋਂ ਪੁਸਤਕ ਦੀ ਪਹਿਲੀ ਕਾਪੀ ਬੀਬੀ ਸਰਬਜੀਤ ਕੌਰ ਚੀਮਾ (ਅਧਿਆਪਕਾ ਲੋਗਨ ਹਾਈ ਸਕੂਲ) ਨੂੰ ਭੇਂਟ ਕੀਤੀ ਗਈ। ਉਪਰੰਤ ਹਾਜ਼ਰ ਸਰੋਤਿਆਂ ਨੂੰ ਵੀ ਪੁਸਤਕ ਭੇਂਟ ਕੀਤੀ ਗਈ।

ਪੁਸਤਕ ਦੇ ਪਰਚਾ ਪਾਠ ਵਿਚ ਪੰਜਾਬੀ ਸਾਹਿਤ ਸਭਾ ਸਟਾਕਟਨ ਦੇ ਪ੍ਰਧਾਨ ਹਰਜਿੰਦਰ ਸਿੰਘ ਪੰਧੇਰ, ਸਾਹਿਤਕਾਰ ਬੀਬੀ ਮਨਜੀਤ ਕੌਰ ਸੇਖੋਂ ਵੱਲੋਂ ਵਿਚਾਰ ਆਪਣੇ ਵਿਚਾਰ ਪ੍ਰਗਟਾਏ ਗਏ।

'ਪ੍ਰਵਾਨਾ' ਵੱਲੋਂ ਆਪਣੀ ਲੇਖਣੀ ਦੇ ਸਫਰ ਬਾਰੇ ਵਿਚਾਰ ਰੱਖੇ ਗਏ ਕਿ ਲਿਖਣ ਦਾ ਸ਼ੌਕ ਬਚਪਨ ਤੋਂ ਹੀ ਸਕੂਲ ਦੀਆਂ ਬਾਲ ਸਭਾਵਾਂ ਤੋਂ ਸ਼ੁਰੂ ਹੋਇਆ ਹੈ। ਪੰਜਾਬ ਵਿਚ ਪੰਜਾਬੀ ਸਾਹਿਤ ਸਭਾਵਾਂ ਨਾਲ ਜੁੜਿਆ ਰਿਹਾ। ਕਵਿਤਾਵਾਂ ਤੇ ਲੇਖ ਪਰਚਿਆਂ ਅਤੇ ਅਖ਼ਬਾਰਾਂ ਵਿਚ ਛੱਪਦੇ ਰਹੇ। ਅਪ੍ਰੈਲ 11, 1994 ਨੂੰ ਅਮਰੀਕਾ ਪ੍ਰਵਾਜ ਕੀਤਾ ਹੈ। ਰੇਡੀਓ ਹੋਸਟ ਅਤੇ ਬਹੁਤ ਸਾਰੀਆਂ ਸਭਾਵਾਂ ਵਿਚ ਕੰਮ ਕੀਤਾ ਹੈ। ਅਖਬਾਰਾਂ ਵਿਚ ਵੀ ਛੱਪਿਆ ਹਾਂ। ਮਈ 29, 1997 ਨੂੰ ਮੇਰੀ ਛੋਟੀ ਧੀ ਹਰਜਿੰਦਰ ਕੌਰ ਗਿੰਨੀ ਦੀ 13 ਸਾਲ ਦੀ ਉਮਰ ਵਿਚ ਇਕ ਸੜਕ ਹਾਦਸੇ ਵਿਚ ਦਰਦਨਾਕ ਮੌਤ ਹੋ ਗਈ ਸੀ। ਉਸ ਦੀ ਯਾਦ ਵਿਚ 'ਗਿੰਨੀ ਸਿਮ੍ਰਤੀ ਗ੍ਰੰਥ' ਦੀ ਸੰਪਾਦਨਾ ਕੀਤੀ, ਜੋ 2004 ਵਿਚ ਛੱਪਿਆ। ਫਿਰ ਤਿੰਨ ਕਾਵਿ ਸੰਗ੍ਰਹਿ ਅਤੇ ਦੋ ਇਤਿਹਾਸਕ ਪੁਸਤਕਾਂ ਛੱਪੀਆਂ ਹਨ। ਇਤਿਹਾਸ ਵੱਲ ਪਰਤਣਾ ਇਕ ਚੰਗਾ ਤਜ਼ਰਬਾ ਹੈ। ਪਾਠਕ ਦੇ ਤੌਰ 'ਤੇ ਜੋ ਇਤਿਹਾਸ ਪੜ੍ਹਿਆ, ਉਸ ਨੂੰ ਮਿਤੀ ਬੰਧ ਲਿਖਿਆ ਹੈ। ਲੇਖ ਅਖ਼ਬਾਰਾਂ ਵਿਚ ਛਪਦੇ ਹਨ। ਇਕ ਹੋਰ ਇਤਿਹਾਸਕ ਪੁਸਤਕ ਦੀ ਤਿਆਰੀ ਵਿਚ ਹਾਂ। ਇਤਿਹਾਸ ਲਿਖਣਾ ਜਾਰੀ ਹੈ।

ਬੀਬੀ ਸਰਬਜੀਤ ਕੌਰ ਚੀਮਾ (ਅਧਿਆਪਕਾ ਲੋਗਨ ਹਾਈ ਸਕੂਲ) ਵੱਲੋਂ ਕਿਹਾ ਗਿਆ ਕਿ 'ਪ੍ਰਵਾਨਾ' ਇੱਕ ਸਿਰੜੀ ਲੇਖਕ ਹੈ, ਜਿਸ ਨੇ ਲਿਖਣਾ ਹਮੇਸ਼ਾ ਜਾਰੀ ਰੱਖਿਆ ਹੈ ਅਤੇ ਇਸ ਪੁਸਤਕ ਲਈ ਵੀ ਵਧਾਈ ਦਾ ਪਾਤਰ ਹੈ।

ਬੀਬੀ ਜਤਿੰਦਰ ਕੌਰ ਸ਼ਾਹੀ ਵੱਲੋਂ ਪੰਜਾਬੀ ਪੈਰੇਂਟ ਐਡਵਾਇਜ਼ਰੀ ਕੌਂਸਲ ਬਾਰੇ ਜਾਣਕਾਰੀ ਦਿੱਤੀ ਗਈ। ਮੈਡਮ ਰਾਗਿਨ ਮਿਸ਼ਰਾ ਨੇ ਗਰੋਥ ਮਾਈਂਡਸੈੱਟ ਪ੍ਰੋਗਰਾਮ ਬਾਰੇ ਜਾਣਕਾਰੀ ਦਿੱਤੀ।

ਗੀਤ-ਸੰਗੀਤ ਦੇ ਪ੍ਰੋਗਰਾਮ ਦਾ ਆਰੰਭ ਜਸਦੀਪ ਸਿੰਘ ਫਰੀਮਾਂਟ ਵੱਲੋਂ ਪੰਜਾਬੀ ਲੋਕ ਧੁੰਨਾਂ ਤੇ ਅਲਗੋਜ਼ੇ ਵਜਾ ਕੇ ਕੀਤਾ। ਲੋਕ ਗਾਇਕ ਮੰਗਜੀਤ ਸਿੰਘ ਮੰਗਾ, ਦਰਸ਼ਨ ਸਿੰਘ ਔਜਲਾ, ਅਮਰਜੀਤ ਸਿੰਘ ਜੌਹਲ ਅਤੇ ਮਹਿੰਦਰ ਸਿੰਘ ਰਾਜਪੂਤ ਆਦਿ ਨੇ ਸ਼ਾਮਲ ਹੋਏ।

ਗੁਰਦੁਆਰਾ ਸਾਹਿਬ ਫਰੀਮਾਂਟ ਦੇ ਖਾਲਸਾ ਸਕੂਲ ਦੇ ਬੱਚਿਆਂ ਨੇ ਧਾਰਮਿਕ ਵਿਰਸੇ ਨਾਲ ਜੁੜੀਆਂ ਕਵਿਤਾਵਾਂ ਕਹੀਆਂ, ਜਿਨ੍ਹਾਂ ਵਿਚ ਰਣਬੀਰ ਸਿੰਘ, ਪ੍ਰਭਸ਼ਰਨਦੀਪ ਸਿੰਘ ਅਤੇ ਅਰਸ਼ਵੀਰ ਸਿੰਘ ਸ਼ਾਮਲ ਸਨ। ਹਰਜਿੰਦਰ ਸਿੰਘ ਪੰਧੇਰ ਵੱਲੋਂ ਬੱਚਿਆਂ ਨੂੰ ਇਨਾਮ ਵੀ ਵੰਡੇ ਗਏ। ਇਸ ਤੋਂ ਇਲਾਵਾ ਕਵੀ ਦਰਬਾਰ ਵਿਚ ਕਮਲ ਬੰਗਾ ਸੈਕਰਾਮੈਂਟੋ, ਬੀਬੀ ਬਲਵਿੰਦਰ ਕੌਰ, ਪਲਵਿੰਦਰ ਸਿੰਘ ਗੁਰਾਇਆਂ, ਡਾਕਟਰ ਕਪਲਾ, ਮਰਿਗਇੰਦਰ ਕੌਰ ਪੰਧੇਰ, ਪ੍ਰਮਿੰਦਰ ਸਿੰਘ ਪ੍ਰਵਾਨਾ ਅਤੇ ਜਗਦੀਸ਼ ਕੌਰ ਰੰਧਾਵਾ ਸ਼ਾਮਲ ਸਨ।

ਸਰੋਤਿਆਂ ਵਿਚ ਮਾਇਕ (ਗੋਰਾ) ਸਤਪਾਲ ਸਿੰਘ ਮਦਾਰ, ਅਵਨਿੰਦਰ ਸਿੰਘ ਆਲ ਸਟੇਟ ਵਾਲੇ, ਕੇਵਲ ਸਿੰਘ, ਤ੍ਰਿਪਤ ਕੌਰ, ਹਰਜੀਤ ਸਿੰਘ, ਰਾਜਿੰਦਰ ਪਾਲ ਸਿੰਘ, ਬਿਕਰ ਸਿੰਘ ਬਰਾੜ, ਮਨਦੀਪ ਕੌਰ, ਇੰਦਰਜੀਤ ਕੌਰ, ਏਕਮਜੋਤ ਕੌਰ, ਗੁਰਵਿੰਦਰ ਸਿੰਘ ਅਤੇ ਪ੍ਰੋ. ਪ੍ਰੀਤਮ ਸਿੰਘ ਆਦਿ ਸ਼ਾਮਲ ਸਨ।

ਗੁਰਚਰਨ ਸਿੰਘ ਮਾਨ ਵੱਲੋਂ ਧੰਨਵਾਦੀ ਸ਼ਬਦਾਂ ਵਿਚ ਕਿਹਾ ਗਿਆ ਕਿ ਇਸ ਸੰਖੇਪ ਅਤੇ ਪ੍ਰਭਾਵਸ਼ਾਲੀ ਸਮਾਗਮ ਵਿਚ ਪਹੁੰਚ ਕੇ ਖੁਸ਼ੀ ਮਹਿਸੂਸ ਹੋਈ ਹੈ। ਉਨ੍ਹਾਂ ਕਿਹਾ ਕਿ ਪ੍ਰਵਾਨਾ ਇਸ ਪੁਸਤਕ ਲਿਖਣ ਦੇ ਉਪਰਾਲੇ ਵਿਚ ਵਧਾਈ ਦਾ ਪਾਤਰ ਹੈ। ਇਕ ਯਾਦਗਾਰੀ ਤਸਵੀਰ ਨਾਲ ਇਹ ਰੌਚਕ, ਸਾਰਥਿਕ, ਉਸਾਰੂ ਅਕਾਦਮਿਕ ਪ੍ਰੋਗਰਾਮ ਸਫਲ ਹੋਇਆ।

# ਬਾਇਡਨ ਦੀ ਘਰੇਲੂ ਨੀਤੀ ਬਾਰੇ ਸਲਾਹਕਾਰ ਹੋਵੇਗੀ ਭਾਰਤੀ-ਅਮਰੀਕੀ ਨੀਰਾ ਟੰਡਨ



**ਵਾਸ਼ਿੰਗਟਨ, (ਪੰਜਾਬ ਮੇਲ)-**ਭਾਰਤੀ-ਅਮਰੀਕੀ ਲੋਕ ਨੀਤੀ ਮਾਹਿਰ ਨੀਰਾ ਟੰਡਨ ਨੂੰ ਰਾਸ਼ਟਰਪਤੀ ਜੋਅ ਬਾਇਡਨ ਨੇ ਘਰੇਲੂ ਨੀਤੀ ਲਈ ਆਪਣੀ ਸਲਾਹਕਾਰ ਨਿਯੁਕਤ ਕੀਤਾ ਹੈ। ਨੀਰਾ ਘਰੇਲੂ ਨੀਤੀ ਦਾ ਏਜੰਡਾ ਬਣਾਉਣ ਤੇ ਲਾਗੂ ਕਰਨ ਵਿਚ ਬਾਇਡਨ ਦੀ ਮਦਦ ਕਰੇਗੀ। ਇਹ ਇਤਿਹਾਸਕ ਪ੍ਰਾਪਤੀ ਹੈ ਕਿਉਂਕਿ ਨੀਰਾ ਵਾਈਟ ਹਾਊਸ ਦੀਆਂ ਤਿੰਨ ਪਾਲਿਸੀ ਕੌਂਸਲਾਂ ਵਿਚੋਂ ਕਿਸੇ ਇਕ ਦੀ ਅਗਵਾਈ ਕਰਨ ਵਾਲੀ ਪਹਿਲੀ ਏਸ਼ਿਆਈ ਤੇ ਅਮਰੀਕੀ ਸ਼ਖ਼ਸੀਅਤ ਹੋਵੇਗੀ। ਟੰਡਨ (52) ਸੂਜ਼ਨ ਰਾਈਸ ਦੀ ਥਾਂ ਲਏਗੀ। ਬਾਇਡਨ ਨੇ ਕਿਹਾ ਕਿ ਨੀਰਾ ਘਰੇਲੂ ਪੱਧਰ ਉਤੇ ਆਰਥਿਕ ਗਤੀਵਿਧੀ ਤੋਂ ਲੈ ਕੇ ਨਸਲੀ ਬਰਾਬਰੀ, ਸਿਹਤ ਸੰਭਾਲ, ਆਵਾਸ ਤੇ ਸਿੱਖਿਆ ਦੇ ਮੁੱਦੇ ਦੇਖੇਗੀ। ਜ਼ਿਕਰਯੋਗ ਹੈ ਕਿ 2024 ਦੀਆਂ ਚੋਣਾਂ ਤੋਂ ਪਹਿਲਾਂ ਮੁੱਦਿਆਂ 'ਤੇ ਵੰਡੀ ਹੋਈ ਕਾਂਗਰਸ ਵਿਚ ਬਾਇਡਨ ਨੂੰ ਆਪਣੇ ਘਰੇਲੂ ਏਜੰਡੇ 'ਤੇ ਅੜਿੱਕਿਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਬਾਇਡਨ ਨੇ ਕਿਹਾ ਕਿ ਸੀਨੀਅਰ ਸਲਾਹਕਾਰ ਤੇ ਸਟਾਫ਼ ਸਕੱਤਰ ਵਜੋਂ ਨੀਰਾ ਫ਼ੈਸਲੇ ਲੈਣ ਵਿਚ ਮਦਦ ਕਰੇਗੀ। ਇਹ ਫ਼ੈਸਲੇ ਰਾਸ਼ਟਰਪਤੀ ਨਾਲ ਸਬੰਧਤ ਵੱਖ-ਵੱਖ ਟੀਮਾਂ ਤਾਲਮੇਲ ਕਰ ਕੇ ਲੈਣਗੀਆਂ। ਬਾਇਡਨ ਨੇ ਕਿਹਾ ਕਿ ਨੀਰਾ ਕੋਲ 'ਪਬਲਿਕ ਪਾਲਿਸੀ' ਵਿਚ 25 ਸਾਲਾਂ ਦਾ ਤਜ਼ਰਬਾ ਹੈ ਤੇ ਉਹ ਤਿੰਨ ਰਾਸ਼ਟਰਪਤੀਆਂ ਨਾਲ ਕੰਮ ਕਰ ਚੁੱਕੀ ਹੈ। ਨੀਰਾ ਨੇ ਕਰੀਬ ਦਹਾਕਾ ਲੋਕ ਨੀਤੀ ਨਾਲ ਜੁੜੀਆਂ ਅਮਰੀਕਾ ਦੀਆਂ ਸਭ ਤੋਂ ਵੱਡੀਆਂ ਇਕਾਈਆਂ ਨਾਲ ਵੀ ਕੰਮ ਕੀਤਾ ਹੈ। ਟੰਡਨ ਡੈਮੋਕਰੈਟ ਹੈ ਤੇ ਓਬਾਮਾ ਅਤੇ ਕਲਿੰਟਨ ਪ੍ਰਸ਼ਾਸਨ ਨਾਲ ਕੰਮ ਕਰ ਚੁੱਕੀ ਹੈ।

## ਕੈਨੇਡਾ 'ਚ ਭਾਰਤੀ ਮੂਲ ਦੇ ਸਚਿਤ ਮਹਿਰਾ ਬਣੇ ਲਿਬਰਲ ਪਾਰਟੀ ਦੇ ਨਵੇਂ ਪ੍ਰਧਾਨ



**ਓਟਾਵਾ, (ਪੰਜਾਬ ਮੇਲ)-** ਕੈਨੇਡਾ 'ਚ ਪਹਿਲੀ ਵਾਰ ਕਿਸੇ ਹਿੰਦੂ ਪਰਿਵਾਰ ਨਾਲ ਸਬੰਧਤ ਕੈਨੇਡੀਅਨ ਨੂੰ ਕੈਨੇਡਾ ਦੀ ਲਿਬਰਲ ਪਾਰਟੀ ਦਾ ਨਵਾਂ ਪ੍ਰਧਾਨ ਚੁਣਿਆ ਗਿਆ ਹੈ। ਓਟਾਵਾ ਸ਼ਹਿਰ ਵਿਚ ਲਿਬਰਲ ਕਨਵੈਨਸ਼ਨ ਵਿਚ ਜਦੋਂ ਸਚਿਤ ਮਹਿਰਾ ਦੇ ਨਾਂ ਦਾ ਐਲਾਨ ਕੀਤਾ ਗਿਆ, ਤਾਂ ਉੱਥੇ ਮੌਜੂਦ ਲੋਕਾਂ ਨੇ ਉਨ੍ਹਾਂ ਦੇ ਨਾਂ 'ਤੇ ਜੋਰ-ਸ਼ੋਰ ਨਾਲ ਨਾਅਰੇਬਾਜ਼ੀ ਸ਼ੁਰੂ ਕਰ ਦਿੱਤੀ।

ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਇਸ ਸ਼ਾਨਦਾਰ ਜਿੱਤ ਲਈ ਸਚਿਤ ਮਹਿਰਾ ਨੂੰ ਵਧਾਈ ਦਿੱਤੀ ਹੈ। ਪਾਰਟੀ ਦੀ ਮੈਨੀਟੋਬਾ ਸ਼ਾਖਾ ਦੇ ਸਾਬਕਾ ਪ੍ਰਧਾਨ ਸਚਿਤ ਮਹਿਰਾ ਨੇ ਮੀਰਾ ਅਹਿਮਦ ਨੂੰ ਹਰਾਇਆ, ਜੋ ਪਹਿਲਾਂ ਕੈਨੇਡਾ ਦੇ ਯੰਗ ਲਿਬਰਲਜ਼ ਦੀ ਚੇਅਰ ਸੀ। ਐਲਾਨ ਮਗਰੋਂ ਸਚਿਤ ਨੇ ਕਿਹਾ ਕਿ ਇਹ ਨੈਸ਼ਨਲ ਲਿਬਰਲ ਕਨਵੈਨਸ਼ਨ ਇੱਕ ਪਾਰਟੀ ਅਤੇ ਇੱਕ ਟੀਮ ਦੇ ਰੂਪ ਵਿਚ ਇੱਕ ਸ਼ਾਨਦਾਰ ਪਲ ਰਿਹਾ। ਮੈਂ ਤੁਹਾਡੇ ਪ੍ਰਧਾਨ ਵਜੋਂ ਸੇਵਾ ਕਰਨ ਦਾ ਮੌਕਾ ਮਿਲਣ 'ਤੇ ਮਾਣ ਮਹਿਸੂਸ ਕਰ ਰਿਹਾ ਹਾਂ।

# ਪੰਜਾਬੀ ਵਿਰਸਾ ਟਰੱਸਟ ਵਲੋਂ "ਬਾਬਾ ਗੁਰਦਿੱਤਾ ਜੀ" ਪੁਸਤਕ ਲੋਕ ਅਰਪਣ



ਅਵਤਾਰ ਸਿੰਘ ਸਪਰਿੰਗਫੀਲਡ "ਬਾਬਾ ਗੁਰਦਿੱਤਾ ਜੀ" ਪੁਸਤਕ ਲੋਕ ਅਰਪਣ ਕਰਦੇ ਹੋਏ, ਨਾਲ ਖੜ੍ਹੇ ਹਨ ਪ੍ਰਿੰਸੀਪਲ ਗੁਰਮੀਤ ਸਿੰਘ ਪਲਾਹੀ, ਡਾ: ਜਗੀਰ ਸਿੰਘ ਨੂਰ, ਚਰਨਜੀਤ ਸਿੰਘ ਪਨੂੰ ਯੂ.ਐੱਸ.ਏ. ਅਤੇ ਹੋਰ।

**■ ਵਿਦੇਸ਼ ਵਸਦੇ ਪੰਜਾਬੀ ਆਪਣੀ ਬੋਲੀ ਅਤੇ ਵਿਰਸੇ ਨਾਲ ਜੁੜੇ ਹੋਏ ਹਨ- ਅਵਤਾਰ ਸਿੰਘ ਸਪਰਿੰਗਫੀਲਡ**



ਪੰਜਾਬੀ ਵਿਰਸਾ ਟਰੱਸਟ ਵਲੋਂ ਅਵਤਾਰ ਸਿੰਘ ਸਪਰਿੰਗਫੀਲਡ ਦਾ ਸਨਮਾਨ ਕਰਦੇ ਹੋਏ ਪ੍ਰਿੰਸੀਪਲ ਗੁਰਮੀਤ ਸਿੰਘ ਪਲਾਹੀ, ਪਰਵਿੰਦਰ ਜੀਤ ਸਿੰਘ ਅਤੇ ਹੋਰ।


**ਫਗਵਾੜਾ, (ਪੰਜਾਬ ਮੇਲ)-** ਪੰਜਾਬੀ ਵਿਰਸਾ ਟਰੱਸਟ ਵਲੋਂ ਪ੍ਰਕਾਸ਼ਤ ਅਤੇ ਕੁਲਦੀਪ ਸਿੰਘ ਕਾਮਿਲ ਅਤੇ ਡਾ: ਚਰਨਜੀਤ ਸਿੰਘ ਗੁਮਟਾਲਾ ਵਲੋਂ ਲਿਖੀ ਪੁਸਤਕ "ਬਾਬਾ ਗੁਰਦਿੱਤਾ ਜੀ" ਦਾ ਲੋਕ ਅਪਰਣ ਅਮਰੀਕਾ ਨਿਵਾਸੀ ਪ੍ਰਸਿੱਧ ਪਰਵਾਸੀ ਪੰਜਾਬੀ ਅਵਤਾਰ ਸਿੰਘ ਸਪਰਿੰਗਫੀਲਡ ਵਲੋਂ ਕੀਤਾ ਗਿਆ। ਇਸ ਸਮੇਂ ਬੋਲਦਿਆਂ ਉਨ੍ਹਾਂ ਕਿਹਾ ਕਿ ਵਿਦੇਸ਼ ਵਸਦੇ ਪੰਜਾਬੀ, ਆਪਣੀ ਮਾਂ ਬੋਲੀ ਪੰਜਾਬੀ, ਪੰਜਾਬ ਅਤੇ ਆਪਣੇ ਵਿਰਸੇ ਨਾਲ ਪੂਰੀ ਤਰ੍ਹਾਂ ਜੁੜੇ ਹੋਏ ਹਨ ਅਤੇ ਉਹ ਪੰਜਾਬੀ ਬੋਲੀ ਦੇ ਵਿਕਾਸ ਲਈ ਹਰ ਪਲ ਤਤਪਰ ਹਨ। ਸਮਾਗਮ ਵਿਚ ਡਾ: ਜਗੀਰ ਸਿੰਘ ਨੂਰ, ਚਰਨਜੀਤ ਸਿੰਘ ਪਨੂੰ ਯੂ.ਐੱਸ.ਏ. ਨੇ ਪੁਸਤਕ ਸੰਬੰਧੀ ਵਿਚਾਰ ਪੇਸ਼ ਕੀਤੇ। ਪ੍ਰਿੰਸੀਪਲ ਗੁਰਮੀਤ ਸਿੰਘ ਪਲਾਹੀ ਨੇ ਕਿਹਾ ਕਿ ਪ੍ਰਵਾਸੀ ਪੰਜਾਬੀਆਂ ਦਾ ਆਪਣੀ ਧਰਤੀ ਨਾਲ ਅੰਤਾਂ ਦਾ ਮੋਹ ਹੈ ਅਤੇ ਉਹ ਆਪਣੇ ਇਤਿਹਾਸ, ਸੱਭਿਆਚਾਰ, ਬੋਲੀ ਦੀ ਤਰੱਕੀ ਲਈ ਹਰ ਪਲ ਤਿਆਰ ਰਹਿੰਦੇ ਹਨ।

ਇਸ ਸਮੇਂ ਕਰਵਾਏ ਕਵੀ ਦਰਬਾਰ ਵਿਚ ਬਲਦੇਵ ਰਾਜ ਕੋਮਲ, ਮਨੋਜ ਫਗਵਾੜਵੀ, ਰਵਿੰਦਰ ਸਿੰਘ ਰਾਏ ਨੇ ਹਿੱਸਾ ਲਿਆ। ਪਰਵਿੰਦਰ ਜੀਤ ਸਿੰਘ ਨੇ ਸਭਨਾਂ ਦਾ ਧੰਨਵਾਦ ਕੀਤਾ। ਇਸ ਸਮੇਂ ਹੋਰਨਾਂ ਤੋਂ ਬਿਨ੍ਹਾਂ ਸੁਖਵਿੰਦਰ ਸਿੰਘ ਪ੍ਰਧਾਨ, ਨਰਿੰਦਰ ਸੈਣੀ, ਅਨੂਪ ਦੁੱਗਲ, ਸੁਖਵਿੰਦਰ ਸਿੰਘ ਸੱਲ ਪਲਾਹੀ, ਗੁਰਨਾਮ ਸਿੰਘ ਸੱਲ ਪਲਾਹੀ, ਗੁਰਮੇਲ ਸਿੰਘ, ਸੁਰਜੀਤ ਰਾਓ, ਦਿਲਬਹਾਰ ਸ਼ੌਕਤ, ਮਨਦੀਪ ਸਿੰਘ, ਕਲਮੇਸ਼ ਸੰਧੂ, ਅਸ਼ੋਕ ਸ਼ਰਮਾ ਆਦਿ ਹਾਜ਼ਰ ਸਨ। ਸਮਾਗਮ ਦੌਰਾਨ ਅਵਤਾਰ ਸਿੰਘ ਸਪਰਿੰਗਫੀਲਡ ਦਾ ਉਨ੍ਹਾਂ ਵਲੋਂ ਪੰਜਾਬੀ ਬੋਲੀ ਦੇ ਪ੍ਰਸਾਰ ਲਈ ਕੀਤੀਆਂ ਪ੍ਰਾਪਤੀਆਂ ਲਈ ਪੰਜਾਬੀ ਵਿਰਸਾ ਟਰੱਸਟ ਵਲੋਂ ਵਿਸ਼ੇਸ਼ ਸਨਮਾਨ ਕੀਤਾ ਗਿਆ। ਸਮਾਗਮ ਦੌਰਾਨ ਅਵਤਾਰ ਸਿੰਘ ਸਪਰਿੰਗਫੀਲਡ ਦੇ ਪਤਨੀ ਸਰਬਜੀਤ ਕੌਰ, ਜਗਤਬੀਰ ਸਿੰਘ, ਤਲਵਿੰਦਰ ਸਿੰਘ, ਇੰਦਰਜੀਤ ਸਿੰਘ ਅਤੇ ਉਨ੍ਹਾਂ ਦਾ ਪਰਿਵਾਰ ਹਾਜ਼ਰ ਸੀ।



# ਭਾਰਤ ਵਿਚ ਇੰਨੇ ਮਿਗ-21 ਕ੍ਰੈਸ਼ ਕਿਉਂ?

-ਡਾ. ਸਤਿਆਵਾਨ 'ਸੌਰਭ'
ਹਰਿਆਣਾ
ਕਵੀ, ਸੁਤੰਤਰ ਪੱਤਰਕਾਰ ਅਤੇ ਕਾਲਮਨਵੀਸ, ਆਲ ਇੰਡੀਆ ਰੇਡੀਓ ਅਤੇ ਟੀਵੀ ਪੈਨਲਿਸਟ, ਹਰਿਆਣਾ
ਮੋਬਾਈਲ : 94665-26148, 01255281381
(Punjab Mail USA)





ਮਿਗ-21 ਲੜਾਕੂ ਜਹਾਜ਼, ਜੋ 1960 ਦੇ ਦਹਾਕੇ ਵਿਚ ਪੁਰਾਣੇ ਸੋਵੀਅਤ ਯੂਨੀਅਨ (ਹੁਣ ਰੂਸ) ਤੋਂ ਖਰੀਦੇ ਗਏ ਸਨ। ਰੂਸ ਨੇ ਇਸ ਲੜਾਕੂ ਜਹਾਜ਼ ਨੂੰ 1985 'ਚ ਰਿਟਾਇਰ ਕਰ ਦਿੱਤਾ ਸੀ ਪਰ ਭਾਰਤੀ ਫੌਜ 'ਚ ਅਜੇ ਵੀ ਇਨ੍ਹਾਂ ਜਹਾਜ਼ਾਂ ਦੀ ਵਰਤੋਂ ਕੀਤੀ ਜਾ ਰਹੀ ਹੈ। ਇਸ ਜਹਾਜ਼ ਦੀ ਵਿਸ਼ੇਸ਼ਤਾ ਇਹ ਹੈ ਕਿ ਇਹ ਕਦੇ ਵੀ ਧੋਖਾ ਨਹੀਂ ਦਿੰਦਾ, ਬਸ਼ਰਤੇ ਇਸ ਨੂੰ ਬਹੁਤ ਧਿਆਨ ਅਤੇ ਸਮਝ ਨਾਲ ਉਡਾਇਆ ਜਾਂਦਾ ਹੈ। 1971 ਦੀ ਜੰਗ ਵਿਚ ਇਸ ਸੁਪਰਸੋਨਿਕ ਜਹਾਜ਼ ਦੇ ਹਮਲੇ ਨਾਲ ਦੁਸ਼ਮਣ ਹਿਲਾ ਕੇ ਰਹਿ ਗਏ ਸਨ। ਇਹ ਮਿਗ-21 ਸੀ, ਜਿਸ ਨੇ ਢਾਕਾ ਦੇ ਗਵਰਨਰ ਹਾਊਸ 'ਤੇ ਹਮਲਾ ਕੀਤਾ ਸੀ। ਇਸ ਤੋਂ ਇਲਾਵਾ ਇਸ ਲੜਾਕੂ ਜਹਾਜ਼ ਨੇ ਪਾਕਿਸਤਾਨ ਨਾਲ 1965 ਅਤੇ 1999 ਦੀਆਂ ਜੰਗਾਂ ਵਿਚ ਆਪਣੇ ਆਪ ਨੂੰ ਸਾਬਤ ਕੀਤਾ ਸੀ। ਹੁਣ ਇਸ ਜਹਾਜ਼ ਦੇ ਹਾਦਸਾਗ੍ਰਸਤ ਹੋਣ ਦੀਆਂ ਘਟਨਾਵਾਂ ਇੰਨੀਆਂ ਵੱਧ ਗਈਆਂ ਹਨ ਕਿ ਇਸ ਨੂੰ 'ਉੱਡਣ ਵਾਲਾ ਤਾਬੂਤ' ਅਤੇ 'ਵਿਧਵਾ ਮੇਕਰ' ਕਿਹਾ ਜਾਣ ਲੱਗਾ ਹੈ। ਭਾਵੇਂ ਇਸ ਦੇ ਅਪਗ੍ਰੇਡੇਸ਼ਨ ਦਾ ਕੰਮ ਚੱਲ ਰਿਹਾ ਹੈ, ਪਰ ਕੀ ਅਗਲੇ ਦੋ-ਤਿੰਨ ਸਾਲਾਂ ਵਿਚ ਇਹ ਪੂਰੀ ਤਰ੍ਹਾਂ ਸੇਵਾਮੁਕਤ ਹੋ ਜਾਵੇਗਾ?

ਮਿਗ-21 ਬਾਇਸਨ ਹਵਾਬਾਜ਼ੀ ਇਤਿਹਾਸ ਵਿਚ ਪਹਿਲਾ ਸੁਪਰਸੋਨਿਕ ਜੈੱਟ ਹੈ ਅਤੇ ਇਹ ਦੁਨੀਆਂ ਵਿਚ ਸਭ ਤੋਂ ਵੱਧ ਵਿਕਣ ਵਾਲਾ ਲੜਾਕੂ ਜਹਾਜ਼ ਵੀ ਹੈ। ਜਦੋਂਕਿ ਇਹ 60 ਸਾਲ ਤੋਂ ਵੱਧ ਪੁਰਾਣਾ ਹੈ, ਮਿਗ-21 ਅਜੇ ਵੀ ਚਾਰ ਸਰਗਰਮ ਸਕੁਐਡਰਨਾਂ ਨਾਲ ਭਾਰਤੀ ਹਵਾਈ ਸੈਨਾ ਦੀ ਸੇਵਾ ਵਿਚ ਹੈ, ਅਤੇ ਇਸਨੂੰ ਜਨਰੇਸ਼ਨ 3 ਲੜਾਕੂ ਜਹਾਜ਼ਾਂ ਨਾਲ ਮੇਲਣ ਲਈ ਅਪਡੇਟ ਕੀਤਾ ਗਿਆ ਹੈ। ਜੈੱਟ ਵਰਤਮਾਨ ਵਿਚ ਸਿਰਫ ਇੰਟਰਸੈਪਟਰ ਦੇ ਤੌਰ 'ਤੇ ਵਰਤੇ ਜਾ ਰਹੇ ਹਨ, ਲੜਾਕੂ ਜਹਾਜ਼ਾਂ ਦੀ ਸੀਮਤ ਭੂਮਿਕਾ ਦੇ ਨਾਲ ਅਤੇ ਜ਼ਿਆਦਾਤਰ ਸਿਖਲਾਈ ਅਭਿਆਸਾਂ ਲਈ ਵਰਤੇ ਜਾਂਦੇ ਹਨ। ਮਿਕੋਯਾਨ-ਗੁਰੇਵਿਚ ਮਿਗ 21 ਇੱਕ ਸੁਪਰਸੋਨਿਕ ਜੈੱਟ ਲੜਾਕੂ ਅਤੇ ਇੰਟਰਸੈਪਟਰ ਏਅਰਕ੍ਰਾਫਟ ਹੈ, ਜੋ ਸੋਵੀਅਤ ਯੂਨੀਅਨ ਵਿਚ ਮਿਕੋਯਾਨ-ਗੁਰੇਵਿਚ ਡਿਜ਼ਾਈਨ ਬਿਊਰੋ ਦੁਆਰਾ ਡਿਜ਼ਾਈਨ ਕੀਤਾ ਗਿਆ ਹੈ। ਮਿਗ ਸੋਵੀਅਤ ਯੂਨੀਅਨ ਦਾ ਇੱਕ ਉਤਪਾਦ ਹੈ, ਜੋ 1959 ਵਿਚ ਸੇਵਾ ਵਿਚ ਦਾਖਲ ਹੋਇਆ ਸੀ। ਚਾਰ ਮਹਾਂਦੀਪਾਂ ਦੇ ਲਗਭਗ 60 ਦੇਸ਼ਾਂ ਨੇ ਮਿਗ-21 ਨੂੰ ਉਡਾਇਆ ਹੈ ਅਤੇ ਇਹ ਆਪਣੀ ਪਹਿਲੀ ਉਡਾਣ ਤੋਂ ਛੇ ਦਹਾਕਿਆਂ ਬਾਅਦ ਬਹੁਤ ਸਾਰੇ ਦੇਸ਼ਾਂ ਨੂੰ ਸੇਵਾ ਦਿੰਦਾ ਰਿਹਾ ਹੈ।

ਭਾਰਤ ਨੇ 1963 ਵਿਚ ਮਿਗ-21 ਨੂੰ ਸ਼ਾਮਲ ਕੀਤਾ ਅਤੇ ਦੇਸ਼ ਵਿਚ ਏਅਰਕ੍ਰਾਫਟ ਦੇ ਲਾਇਸੈਂਸ-ਨਿਰਮਾਣ ਲਈ ਪੂਰੀ ਤਕਨਾਲੋਜੀ ਟ੍ਰਾਂਸਫਰ ਅਤੇ ਅਧਿਕਾਰ ਪ੍ਰਾਪਤ ਕੀਤੇ। ਰੂਸ ਨੇ 1985 ਵਿਚ ਜਹਾਜ਼ਾਂ ਦਾ ਉਤਪਾਦਨ ਬੰਦ ਕਰ ਦਿੱਤਾ ਸੀ, ਜਦੋਂਕਿ ਭਾਰਤ ਨੇ ਐਡਵਾਂਸ ਵੇਰੀਐਂਟ ਨੂੰ ਚਲਾਉਣਾ ਜਾਰੀ ਰੱਖਿਆ। ਸੋਵੀਅਤ ਹਵਾਈ ਸੈਨਾ - ਜਿਸ ਨੂੰ ਜਹਾਜ਼ ਨੂੰ ਡਿਜ਼ਾਈਨ ਕਰਨ ਦਾ ਸਿਹਰਾ ਦਿੱਤਾ ਜਾਂਦਾ ਹੈ, ਨੇ ਇਸਨੂੰ 1985 ਵਿਚ ਸੇਵਾ ਤੋਂ ਹਟਾ ਦਿੱਤਾ। ਉਦੋਂ ਤੱਕ ਅਮਰੀਕਾ ਤੋਂ ਲੈ ਕੇ ਵੀਅਤਨਾਮ ਤੱਕ ਦੇ ਦੇਸ਼ਾਂ ਨੇ ਇਸ ਜਹਾਜ਼ ਨੂੰ ਆਪਣੀ ਹਵਾਈ ਸੈਨਾ ਵਿਚ ਸ਼ਾਮਲ ਕਰ ਲਿਆ ਸੀ। ਬੰਗਲਾਦੇਸ਼ ਅਤੇ ਅਫਗਾਨਿਸਤਾਨ ਨੇ 1985 ਤੋਂ ਬਾਅਦ ਇਸ ਨੂੰ ਸੇਵਾ ਤੋਂ ਹਟਾ ਦਿੱਤਾ। ਭਾਰਤ ਲਈ, ਜਹਾਜ਼ਾਂ ਨੂੰ 1960 ਦੇ ਦਹਾਕੇ ਵਿੱਚ ਹਵਾਈ ਸੈਨਾ ਵਿਚ ਸ਼ਾਮਲ ਕੀਤਾ ਗਿਆ ਸੀ ਅਤੇ 1990 ਦੇ ਦਹਾਕੇ ਦੇ ਅੱਧ ਵਿਚ ਆਪਣੀ ਸੇਵਾਮੁਕਤੀ ਪੂਰੀ ਕਰ ਲਈ ਸੀ। ਇਸ ਦੇ ਬਾਵਜੂਦ ਇਨ੍ਹਾਂ ਨੂੰ ਅਪਗ੍ਰੇਡ ਕੀਤਾ ਜਾ ਰਿਹਾ ਹੈ। ਅਕਤੂਬਰ 2014 ਵਿਚ, ਏਅਰ ਚੀਫ਼ ਨੇ ਕਿਹਾ ਕਿ ਪੁਰਾਣੇ ਜਹਾਜ਼ਾਂ ਨੂੰ ਬੰਦ ਕਰਨ ਵਿਚ ਦੇਰੀ ਨੇ ਭਾਰਤ ਦੀ ਸੁਰੱਖਿਆ ਲਈ ਖਤਰਾ ਪੈਦਾ ਕੀਤਾ ਹੈ ਕਿਉਂਕਿ ਬੇੜੇ ਦੇ ਕੁਝ ਹਿੱਸੇ ਪੁਰਾਣੇ ਸਨ।

ਨਾਲ ਹੀ, ਸਿੰਗਲ ਇੰਜਣ ਵਾਲਾ ਏਅਰਕ੍ਰਾਫਟ ਹੋਣ ਦਾ ਮਤਲਬ ਹੈ ਕਿ ਇਹ ਹਮੇਸ਼ਾ ਖ਼ਤਰੇ ਵਿਚ ਰਹਿੰਦਾ ਹੈ। ਜਹਾਜ਼ ਦੇ ਕ੍ਰੈਸ਼ ਹੋਣ ਦੀ ਸੰਭਾਵਨਾ ਜ਼ਿਆਦਾ ਹੁੰਦੀ ਹੈ, ਜੇਕਰ ਕੋਈ ਪੰਛੀ ਇਸ ਨਾਲ ਟਕਰਾਉਂਦਾ ਹੈ ਜਾਂ ਇੰਜਣ ਫੇਲ ਹੋ ਜਾਂਦਾ ਹੈ। ਇਸ ਨੂੰ ਅਕਸਰ 'ਉੱਡਣ ਵਾਲਾ ਤਾਬੂਤ' ਅਤੇ 'ਵਿਧਵਾ ਮੇਕਰ' ਕਿਹਾ ਜਾਂਦਾ ਹੈ, ਕਿਉਂਕਿ ਇਸ ਨੇ ਸਾਲਾਂ ਦੌਰਾਨ ਕਈ ਹਾਦਸਿਆਂ ਦਾ ਸਾਹਮਣਾ ਕੀਤਾ ਹੈ, ਜਿਸ ਵਿਚ ਕਈ ਪਾਇਲਟਾਂ ਦੀ ਮੌਤ ਹੋ ਗਈ ਹੈ। ਨਵੇਂ ਲੜਾਕੂ ਜਹਾਜ਼ਾਂ ਦੀ ਸ਼ਮੂਲੀਅਤ ਦੇਰੀ ਦੇ ਕਾਰਨ, ਭਾਰਤੀ ਹਵਾਈ ਸੈਨਾ ਨੂੰ ਭਾਰਤ ਦੇ ਅਸਮਾਨ ਦੀ ਰੱਖਿਆ ਲਈ ਇੱਕ ਨਿਸ਼ਚਿਤ ਸਕੁਐਡਰਨ ਤਾਕਤ ਬਣਾਈ ਰੱਖਣ ਦੀ ਸਮੱਸਿਆ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸਵਦੇਸ਼ੀ ਤੇਜਸ ਪ੍ਰੋਗਰਾਮ ਵਿਚ ਦੇਰੀ, ਰਾਫੇਲ ਸੌਦੇ ਦੇ ਆਲੇ-ਦੁਆਲੇ ਦੇ ਰਾਜਨੀਤਿਕ ਵਿਵਾਦਾਂ ਅਤੇ ਇੱਕ ਹੌਲੀ ਖਰੀਦ ਪ੍ਰਕਿਰਿਆ ਦਾ ਮਤਲਬ ਹੈ ਕਿ ਮਿੱਗ ਨੂੰ ਰੱਖਿਆ ਜਾਣਾ ਸੀ। ਆਮ ਨਾਲੋਂ ਲੰਮੀ ਸੇਵਾ, ਉਸਦੀ ਸੇਵਾਮੁਕਤੀ ਦੀ ਉਮਰ ਤੋਂ ਵੀ ਪਰੇ - 1990 ਦੇ ਦਹਾਕੇ ਦੇ ਅੱਧ ਵਿਚ।

ਪਿਛਲੇ ਦਸ ਸਾਲਾਂ ਵਿਚ, 108 ਹਵਾਈ ਹਾਦਸੇ ਹੋਏ ਹਨ ਅਤੇ ਫੌਜ ਦੇ ਸਾਰੇ ਵਿੰਗ ਸ਼ਾਮਲ ਹਨ - ਭਾਰਤੀ ਹਵਾਈ ਸੈਨਾ, ਜਲ ਸੈਨਾ, ਸੈਨਾ ਅਤੇ ਤੱਟ ਰੱਖਿਅਕ। ਇਨ੍ਹਾਂ ਵਿਚੋਂ 21 ਕਰੈਸ਼ਾਂ ਵਿਚ ਮਿਗ-21 ਬਾਇਸਨ ਅਤੇ ਇਸਦੇ ਰੂਪ ਸ਼ਾਮਲ ਸਨ, ਹਾਲਾਂਕਿ ਆਈ.ਏ.ਐੱਫ. ਹੁਣ ਜਿਆਦਾਤਰ ਸਾਬਕਾ ਨੂੰ ਉਡਾਉਂਦੀ ਹੈ। ਹਾਦਸਿਆਂ ਦੀ ਉੱਚ ਦਰ ਨੇ ਜਹਾਜ਼ ਨੂੰ 'ਫਲਾਇੰਗ ਕਫਿਨ' ਉਪਨਾਮ ਦਿੱਤਾ। ਫੌਜੀ ਜਹਾਜ਼ਾਂ ਦੇ ਕਰੈਸ਼ ਹੋਣ ਦਾ ਕੋਈ ਇੱਕੋ ਜਿਹਾ ਕਾਰਨ ਨਹੀਂ ਹੈ। ਉਹ ਮੌਸਮ, ਮਨੁੱਖੀ ਗਲਤੀ, ਤਕਨੀਕੀ ਗਲਤੀ ਤੋਂ ਲੈ ਕੇ ਬਰਡ ਹਿੱਟ ਤੱਕ ਹੋ ਸਕਦੇ ਹਨ। ਮਿਗ-21 ਇੱਕ ਸਿੰਗਲ ਇੰਜਣ ਵਾਲਾ ਲੜਾਕੂ ਜਹਾਜ਼ ਹੈ, ਅਤੇ ਇਹ ਕੁਝ ਹਾਦਸਿਆਂ ਦਾ ਕਾਰਨ ਵੀ ਹੋ ਸਕਦਾ ਹੈ। ਇਹ ਇੱਕ ਸਿੰਗਲ ਇੰਜਣ ਲੜਾਕੂ ਹੈ ਅਤੇ ਜਦੋਂ ਇਹ ਇੱਕ ਇੰਜਣ ਗੁਆ ਦਿੰਦਾ ਹੈ, ਤਾਂ ਇਸਨੂੰ ਮੁੜ ਚਾਲੂ ਕਰਨ ਦੀ ਲੋੜ ਹੁੰਦੀ ਹੈ। ਅਕਸਰ ਇਹ ਦੁਬਾਰਾ ਰੋਸ਼ਨੀ ਨਹੀਂ ਕਰਦਾ ਪਰ ਕਿਸੇ ਵੀ ਇੰਜਣ ਨੂੰ ਮੁੜ ਰੋਸ਼ਨੀ ਕਰਨ ਲਈ ਇਸ ਨੂੰ ਸੀਮਤ ਸਮਾਂ ਲੱਗਦਾ ਹੈ, ਇਸ ਲਈ ਜੇਕਰ ਤੁਸੀਂ ਘੱਟੋ-ਘੱਟ ਉਚਾਈ ਤੋਂ ਹੇਠਾਂ ਹੋ, ਤਾਂ ਤੁਹਾਨੂੰ ਹਵਾਈ ਜਹਾਜ਼ ਨੂੰ ਛੱਡਣਾ ਪਵੇਗਾ।

ਭਵਿੱਖ ਵਿਚ ਜਹਾਜ਼ ਦੁਰਘਟਨਾਵਾਂ ਨੂੰ ਰੋਕਣਾ ਤਕਨਾਲੋਜੀ ਦੇ ਸੁਮੇਲ ਅਤੇ ਢੁੱਕਵੀਂ ਅਤੇ ਢੁੱਕਵੀਂ ਪਾਇਲਟ ਸਿਖਲਾਈ ਦੀ ਵਰਤੋਂ ਵਿਚ ਹੈ। ਜਹਾਜ਼ ਵਿਚ ਜ਼ਮੀਨੀ ਨੇੜਤਾ ਚੇਤਾਵਨੀ ਪ੍ਰਣਾਲੀ ਦੀ ਸਥਾਪਨਾ ਇੱਕ ਸ਼ੁਰੂਆਤੀ ਸਿਗਨਲ ਪੈਦਾ ਕਰੇਗੀ, ਜੋ ਸੀ.ਐੱਫ.ਆਈ.ਟੀ. ਦੀ ਸ਼ੁਰੂਆਤ ਦੇ ਵਿਰੁੱਧ ਰੋਕਥਾਮ ਉਪਾਅ ਕਰਨ ਲਈ ਫਲਾਈਟ ਚਾਲਕ ਦਲ ਨੂੰ ਸੁਚੇਤ ਕਰ ਸਕਦੀ ਹੈ। ਪਾਇਲਟ ਸਿਖਲਾਈ ਵਿਚ ਸਥਿਤੀ ਸੰਬੰਧੀ ਜਾਗਰੂਕਤਾ ਵਿਕਸਿਤ ਕਰਨ ਅਤੇ ਸਹੀ ਦਖਲਅੰਦਾਜ਼ੀ ਕਰਨ ਲਈ ਪਾਇਲਟਾਂ ਦੀ ਪ੍ਰਭਾਵਸ਼ਾਲੀ ਸਿਖਲਾਈ 'ਤੇ ਜ਼ੋਰ ਦਿੱਤਾ ਜਾਣਾ ਚਾਹੀਦਾ ਹੈ।



# 'ਹੋਂਦ ਦੀ ਜੰਗ' ਲੜ ਰਹੀ 'ਇਨਸਾਨੀਅਤ ਦੇ ਲਹੂ ਨਾਲ ਭਿੱਜੀ' ਪਿੰਡ ਹੋਂਦ ਚਿੱਲੜ ਦੀ ਧਰਤੀ

## ■ ਸਿੱਖ ਨਸਲਕੁਸ਼ੀ ਦੇ 39 ਵਰ੍ਹਿਆਂ ਬਾਅਦ ਵੀ ਸ਼ਹੀਦੀ ਯਾਦਗਾਰ ਦੀ ਉਸਾਰੀ ਸ਼ੁਰੂ ਨਾ ਹੋ ਸਕੀ
## ■ ਸ਼ਹੀਦੀ ਯਾਦਗਾਰ ਦੀ ਉਸਾਰੀ ਲਈ ਇੰਜ. ਗਿਆਸਪੁਰਾ ਅੱਗੇ ਆਉਣ -ਸਿੱਖ ਸੰਗਤ

ਮਨਜਿੰਦਰ ਸਿੰਘ ਸਰੌਦ
94634-63136
(Punjab Mail USA)



ਬੀਤ ਚੁੱਕੇ 39 ਕੁ ਵਰ੍ਹੇ ਪਹਿਲਾਂ 2 ਨਵੰਬਰ, 1984 ਦੀ ਸਵੇਰ ਨੂੰ ਭਾਰਤ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ ਭਾਰਤ ਦੇ ਬਾਕੀ ਹਿੱਸਿਆਂ ਦੀ ਤਰ੍ਹਾਂ ਹਰਿਆਣਾ ਦੇ ਜ਼ਿਲ੍ਹਾ ਰਿਵਾੜੀ ਦੀ ਤਹਿਸੀਲ ਪਟੌਦੀ ਦੇ ਪਿੰਡ ਹੋਂਦ ਚਿੱਲੜ ਵਿਖੇ ਦਰਿੰਦਿਆਂ ਦੀ ਭੜਕੀ ਭੀੜ ਵੱਲੋਂ ਪਿੰਡ ਅੰਦਰ ਦਾਖ਼ਲ ਹੋ ਕੇ ਲਗਭਗ 18 ਸਿੱਖ ਪਰਿਵਾਰਾਂ ਦੇ 32 ਜੀਆਂ ਨੂੰ ਦੁੱਧ ਚੁੰਘਦੇ ਮਾਸੂਮ ਬੱਚਿਆਂ ਸਮੇਤ ਬੇਰਹਿਮੀ ਨਾਲ ਜ਼ਖਮੀ ਕਰਨ ਤੋਂ ਬਾਅਦ ਇੱਕ ਖੂਹ ਵਿਚ ਸੁੱਟ ਕੇ ਮਿੱਟੀ ਦਾ ਤੇਲ ਪਾ ਕੇ ਸਾੜਨ ਦੀ ਦਰਦਨਾਕ ਦਾਸਤਾਨ ਨੂੰ ਜ਼ਿਲ੍ਹਾ ਲੁਧਿਆਣਾ ਦੇ ਪਾਇਲ ਵਿਧਾਨ ਸਭਾ ਹਲਕੇ ਤੋਂ ਮੌਜੂਦਾ ਵਿਧਾਇਕ ਇੰਜ. ਮਨਵਿੰਦਰ ਸਿੰਘ ਗਿਆਸਪੁਰਾ ਨੇ ਜੱਗ-ਜ਼ਾਹਰ ਕੀਤਾ ਸੀ। ਜਿੱਥੇ ਲੰਘੇ ਦਿਨੀਂ ਇਕ ਵਾਰ ਫਿਰ ਲਗਭਗ 10 ਵਰ੍ਹਿਆਂ ਬਾਅਦ ਜਾਣ ਦਾ ਸਬੱਬ ਬਣਿਆ।

ਪਿੰਡ ਹੋਂਦ ਚਿੱਲੜ ਦੇ ਕਤਲੇਆਮ ਤੋਂ ਇਲਾਵਾ ਇਸੇ ਦਿਨ, ਦਰਿੰਦਿਆਂ ਵੱਲੋਂ ਗੁੜਗਾਉਂ, ਪਟੌਦੀ ਅਤੇ ਰਿਵਾੜੀ ਵਿਖੇ 47 ਸਿੱਖਾਂ ਨੂੰ ਕੋਹ-ਕੋਹ ਕੇ ਮੌਤ ਦੇ ਹਵਾਲੇ ਕਰ ਦਿੱਤਾ ਗਿਆ ਸੀ। ਇਨ੍ਹਾਂ ਸਾਰਿਆਂ ਪੀੜਤ ਪਰਿਵਾਰਾਂ ਦੇ ਕੇਸ ਅਦਾਲਤਾਂ ਵਿਚ ਚੱਲ ਰਹੇ ਹਨ, ਜਿਨ੍ਹਾਂ ਦੀ ਪੈਰਵਾਈ ਇੰਜ. ਗਿਆਸਪੁਰਾ ਵੱਲੋਂ ਕੀਤੀ ਜਾ ਰਹੀ ਹੈ। ਇੰਜ. ਗਿਆਸਪੁਰਾ ਵਲੋਂ ਕੇਸਾਂ ਦੀ ਪੈਰਵਾਈ ਕਰਨ ਤੋਂ ਬਾਅਦ ਆਖਿਰ ਹਰਿਆਣਾ ਸਰਕਾਰ ਵੱਲੋਂ ਇਸ ਕਤਲੇਆਮ ਦੌਰਾਨ ਜਾਨਾਂ ਗੁਆ ਚੁੱਕੇ ਜੀਆਂ ਦੇ ਪਰਿਵਾਰਾਂ ਨੂੰ ਭਾਵੇਂ ਮੁਆਵਜ਼ਾ ਮਿਲਣ ਨਾਲ ਉਨ੍ਹਾਂ ਦੇ ਜ਼ਖ਼ਮਾਂ 'ਤੇ ਕੁੱਝ ਮੱਲ੍ਹਮ ਤਾਂ ਲੱਗੀ ਪਰ ਦੋਸ਼ੀਆਂ ਨੂੰ ਸਜ਼ਾਵਾਂ ਦੇ ਲਈ ਅਦਾਲਤਾਂ ਦੇ ਇਨਸਾਫ ਨੂੰ ਉਡੀਕਦੇ-ਉਡੀਕਦੇ ਕਈ ਗਵਾਹ ਵੀ ਇਸ ਸੰਸਾਰ ਤੋਂ ਕੂਚ ਕਰ ਗਏ। ਸੰਨ 2011 ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਤਤਕਾਲੀ ਜਥੇਦਾਰ ਗਿਆਨੀ ਗੁਰਬਚਨ ਸਿੰਘ ਵੱਲੋਂ ਕੁਝ ਪੰਥਕ ਕਹਾਉਂਦੇ ਆਗੂਆਂ ਦੇ ਨਾਲ ਉਸ ਜਗ੍ਹਾ 'ਤੇ ਜਾ ਕੇ ਸ਼ਹੀਦੀ ਯਾਦਗਾਰ ਵਜੋਂ ਨੀਂਹ ਪੱਥਰ ਵੀ ਰੱਖਿਆ ਗਿਆ ਪਰ ਮੁੜ ਕੇ ਉਸ ਥਾਂ 'ਤੇ ਫ਼ੇਰਾ ਪਾਉਣਾ ਵੀ ਮੁਨਾਸਿਬ ਨਾ ਸਮਝਿਆ।

ਸਮੇਂ ਦੀਆਂ ਫੇਟਾਂ ਅਤੇ ਤਿੱਖੜ ਦੁਪਹਿਰੇ ਸੰਘਰਸ਼ ਦੀ ਲੰਬੀ ਦਾਸਤਾਨ ਲਿਖਣ ਵਾਲੇ ਇੰਜ. ਮਨਵਿੰਦਰ ਸਿੰਘ ਗਿਆਸਪੁਰਾ ਅਤੇ ਸਿੱਖ ਪਰਿਵਾਰਾਂ ਨੇ ਆਖਿਆ ਕਿ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ 'ਸਿਵਾਏ ਸਿਰਫ ਲਾਰਿਆਂ' ਦੇ ਸਾਡੀ ਸ਼੍ਰੋਮਣੀ ਕਮੇਟੀ ਵੱਲੋਂ ਉਥੇ ਸ਼ਹੀਦੀ ਯਾਦਗਾਰ ਵਜੋਂ ਅੱਜ ਤੱਕ ਇੱਕ ਇੱਟ ਵੀ ਨਹੀਂ ਲੱਗ ਸਕੀ ਅਤੇ ਜਥੇਦਾਰ ਸਾਹਿਬ ਵੱਲੋਂ ਰੱਖਿਆ ਨੀਂਹ ਪੱਥਰ ਵੀ ਸ਼ਹੀਦਾਂ ਨਾਲ ਮਜ਼ਾਕ ਬਣ ਕੇ ਰਹਿ ਗਿਆ ਅਤੇ ਕੁਝ ਸਮੇਂ ਬਾਅਦ ਜੱਥੇਦਾਰ ਸਾਹਿਬ ਵੱਲੋਂ ਰੱਖਿਆ ਨੀਂਹ ਪੱਥਰ ਵੀ ਸ਼ਰਾਰਤੀਆਂ ਵੱਲੋਂ ਤੋੜ ਦਿੱਤਾ ਗਿਆ। ਇੰਜ. ਗਿਆਸਪੁਰਾ ਅਤੇ ਪੀੜਤ ਪਰਿਵਾਰਾਂ ਨੇ ਆਖਿਆ ਕਿ ਕਿੰਨੀ ਹੈਰਾਨੀ ਦੀ ਗੱਲ ਹੈ ਕਿ ਇਸ ਕਤਲੇਆਮ ਦਾ ਸੰਤਾਪ ਹੰਢਾਅ ਰਹੇ ਪਰਿਵਾਰਾਂ ਦੀਆਂ ਜ਼ਮੀਨਾਂ ਨੂੰ ਵੀ ਇੱਥੋਂ ਦੇ ਕੁਝ ਧਨਾਢ ਅਤੇ ਸਿਆਸਤਦਾਨ ਲੋਕਾਂ ਵੱਲੋਂ ਰਲ ਕੇ ਹੜੱਪ ਕਰਨ ਦੀਆਂ ਸਾਜ਼ਿਸ਼ਾਂ ਜਾਰੀ ਹਨ।




ਹੋਂਦ ਚਿੱਲੜ ਵਿਖੇ ਖੰਡਰ ਬਣ ਰਹੀਆਂ ਹਵੇਲੀਆਂ, ਸ਼ਹੀਦੀ ਯਾਦਗਾਰ ਸਬੰਧੀ ਲਗਾਇਆ ਬੋਰਡ ਅਤੇ ਗੱਲਬਾਤ ਕਰਦੇ ਹੋਏ ਇੰਜੀ. ਮਨਵਿੰਦਰ ਸਿੰਘ ਗਿਆਸਪੁਰਾ।

ਉਨ੍ਹਾਂ ਆਖਿਆ ਕਿ ਉਕਤ ਪਿੰਡ ਹੋਂਦ ਦੀ ਜ਼ਮੀਨ ਵਿਚੋਂ ਕਾਫੀ ਹਿੱਸਾ ਅਸਰ-ਰਸੂਖ ਵਾਲੇ ਵਿਅਕਤੀਆਂ ਨੇ ਆਪਣੇ ਕਬਜ਼ੇ ਹੇਠ ਕਰ ਲਿਆ ਹੈ। ਜਦਕਿ ਅਦਾਲਤ ਵਿਚ ਕੇਸ ਚੱਲ ਰਿਹਾ ਹੈ, ਤਾਂ ਉਕਤ ਥਾਂ 'ਤੇ ਜਾ ਕੇ ਕਿਸੇ ਵੀ ਵਿਅਕਤੀ ਨੂੰ ਕੋਈ ਹੱਕ ਨਹੀਂ ਕਿ ਉਹ ਪੀੜਤ ਪਰਿਵਾਰਾਂ ਦੀ ਜ਼ਮੀਨ 'ਤੇ ਪੈਰ ਰੱਖ ਸਕੇ ਪਰ ਉਥੇ ਕਾਨੂੰਨ ਨੂੰ ਛਿੱਕੇ ਟੰਗ ਕੇ ਸਭ ਕੁਝ ਕੀਤਾ ਜਾ ਰਿਹਾ ਹੈ। ਉਨ੍ਹਾਂ ਆਖਿਆ ਕਿ ਸਰਕਾਰ ਨੂੰ ਇਸ ਸਬੰਧੀ ਨੋਟਿਸ ਲੈਣ ਦੀ ਲੋੜ ਹੈ, ਤਾਂ ਕਿ ਪਿੰਡ ਹੋਂਦ ਦੀ ਹੋਂਦ ਬਚਾਈ ਜਾ ਸਕੇ। ਸਿੱਖ ਕਤਲੇਆਮ ਦਾ ਸੰਤਾਪ ਹੰਢਾ ਰਹੀ ਅਤੇ ਆਪਣੇ ਪਰਿਵਾਰ ਦੇ 12 ਜੀਅ ਗੁਆ ਚੁੱਕੀ ਬੀਬੀ ਸੁਰਜੀਤ ਕੌਰ ਨੇ ਆਖਿਆ ਕਿ ਉਨ੍ਹਾਂ ਨੂੰ ਅੱਜ ਵੀ ਇਨਸਾਫ ਦੀ ਉਮੀਦ ਹੈ ਪ੍ਰੰਤੂ ਦੇਰ ਨਾਲ ਮਿਲਿਆ ਇਨਸਾਫ਼ ਵੀ ਜ਼ਖ਼ਮਾਂ ਨੂੰ ਕੁਰੇਦਣ ਤੋਂ ਘੱਟ ਨਹੀਂ ਹੁੰਦਾ। ਲਗਪਗ ਚਾਰ ਦਹਾਕੇ ਪਹਿਲਾਂ ਕਈ ਏਕੜਾਂ ਵਿਚ ਵਸੇ ਇਸ ਪਿੰਡ ਦੀ ਅਬਾਦੀ ਵਾਲੀ ਜ਼ਮੀਨ ਹੁਣ ਖੁਰਦੀ-ਖੁਰਦੀ ਮਹਿਜ਼ ਇੱਕ ਏਕੜ ਦੇ ਕਰੀਬ ਰਹਿ ਗਈ ਹੈ।

ਸਾਡੇ ਕੌਮੀ ਆਗੂਆਂ ਵੱਲੋਂ ਯਾਦਗਾਰ ਉਸਾਰਨ ਦੇ ਲਈ ਲਗਾਇਆ ਗਿਆ ਨਿਸ਼ਾਨ ਸਾਹਿਬ ਵੀ ਟੁੱਟ ਕੇ ਡਿੱਗ ਚੁੱਕਿਆ ਹੈ ਅਤੇ ਇਮਾਰਤਾਂ ਖੰਡਰਾਂ ਦਾ ਰੂਪ ਧਾਰਨ ਕਰ ਰਹੀਆਂ ਹਨ। ਭਾਵੇਂ ਕਿ ਪਿਛਲੇ ਲੰਬੇ ਸਮੇਂ ਤੋਂ ਲੈ ਕੇ ਸ਼੍ਰੋਮਣੀ ਕਮੇਟੀ ਅਤੇ ਹਰਿਆਣੇ ਦੀਆਂ ਸਿੱਖ ਜਥੇਬੰਦੀਆਂ ਅਤੇ ਹਰਿਆਣਾ ਦੇ ਸਿੱਖ ਆਗੂਆਂ ਵੱਲੋਂ ਵੀ ਪਿੰਡ ਹੋਂਦ ਚਿੱਲੜ ਜਾ ਕੇ ਸ਼ਹੀਦੀ ਯਾਦਗਾਰ ਉਸਾਰਨ ਦਾ ਵਾਅਦਾ ਕੀਤਾ ਗਿਆ ਸੀ। ਸ਼੍ਰੋਮਣੀ ਕਮੇਟੀ ਦੀ ਗੱਲ ਛੱਡੋ ਪਰ ਹਰਿਆਣਾ ਦੇ ਸਿੱਖ ਆਗੂਆਂ ਅਤੇ ਉਥੋਂ ਦੀ ਕਮੇਟੀ ਨੇ ਵੀ ਪਿੰਡ ਹੋਂਦ ਚਿੱਲੜ ਦੀ ਸ਼ਹੀਦੀ ਯਾਦਗਾਰ ਦੀ ਉਸਾਰੀ ਲਈ ਕੁਝ ਨਹੀਂ ਕੀਤਾ। ਜਿਹੜੇ ਸਿੱਖ ਆਗੂ ਉਸ ਸਮੇਂ ਪਿੰਡ ਹੋਂਦ ਚਿੱਲੜ ਵਿਖੇ ਜਾ ਕੇ ਸ਼ਹੀਦਾਂ ਨੂੰ ਇਨਸਾਫ ਦਿਵਾਉਣ ਅਤੇ ਉਨ੍ਹਾਂ ਦੀ ਯਾਦਗਾਰ ਬਣਾਉਣ ਦੀਆਂ ਗੱਲਾਂ ਕਰ ਕੇ ਆਏ ਸਨ, ਉਨ੍ਹਾਂ ਨੇ ਮੁੜ ਕੇ ਪਿੰਡ ਹੋਂਦ ਚਿੱਲੜ ਜਾਣ ਦਾ ਹੰਭਲਾ ਕਿਉਂ ਨਾ ਮਾਰਿਆ, ਇਹ ਸਵਾਲ ਅੱਜ ਸਾਡੇ ਕੌਮੀ ਆਗੂਆਂ ਅੱਗੇ ਮੂੰਹ ਅੱਡੀ ਖੜ੍ਹਾ ਹੈ।

ਸਥਾਨਕ ਸਿੱਖ ਪਰਿਵਾਰਾਂ ਦਾ ਗਿਲਾ ਹੈ ਕਿ ਇੰਜ. ਗਿਆਸਪੁਰਾ ਤੋਂ ਸਿਵਾਏ ਸਿੱਖਾਂ ਦੀ ਨੁਮਾਇੰਦਾ ਜਮਾਤ ਸ਼੍ਰੋਮਣੀ ਕਮੇਟੀ ਅਤੇ ਸਿੱਖ ਜਥੇਬੰਦੀਆਂ ਵਲੋਂ ਪਿੰਡ ਹੋਂਦ ਚਿੱਲੜ ਅੰਦਰ ਕਤਲੇਆਮ ਵਿਚ ਜਾਨਾਂ ਗੁਆ ਚੁੱਕੇ ਸ਼ਹੀਦਾਂ ਦੀ ਯਾਦ ਨੂੰ ਤਾਜ਼ਾ ਰੱਖਣ ਦੇ ਲਈ ਕੋਈ ਉਪਰਾਲਾ ਨਹੀਂ ਕੀਤਾ ਗਿਆ, ਹਾਂ ਵਾਅਦੇ ਜ਼ਰੂਰ ਕੀਤੇ ਗਏ, ਜੋ ਕਦੇ ਵੀ ਵਫ਼ਾ ਨਾ ਹੋਏ। ਇੱਕ ਗੱਲ ਆਮ ਆਦਮੀ ਪਾਰਟੀ ਦੇ ਮੁੱਖ ਬੁਲਾਰੇ ਅਤੇ ਹਲਕਾ ਪਾਇਲ ਤੋਂ ਵਿਧਾਇਕ ਇੰਜੀਨੀਅਰ ਮਨਵਿੰਦਰ ਸਿੰਘ ਗਿਆਸਪੁਰਾ ਨੂੰ ਜ਼ਰੂਰ ਕਹਾਂਗਾ ਕਿ ਚਲੋ ਪਿਛਲੇ ਸਮੇਂ ਤਾਂ ਉਨ੍ਹਾਂ ਦੀ ਸਰਕਾਰ ਵੀ ਨਹੀਂ ਸੀ ਪਰ ਹੁਣ ਤਾਂ ਪੰਜਾਬ ਅਤੇ ਦਿੱਲੀ ਅੰਦਰ ਉਨ੍ਹਾਂ ਦੀ ਸਰਕਾਰ ਹੈ ਅਤੇ ਉਹ ਵਿਧਾਇਕ ਵੀ ਬਣ ਚੁੱਕੇ ਹਨ, ਇਸ ਲਈ ਉਨ੍ਹਾਂ ਦਾ ਫਰਜ਼ ਬਣਦਾ ਹੈ ਕਿ ਉਹ ਕੌਮੀ ਫਰਜ਼ ਦੀ ਪੂਰਤੀ ਕਰਦਿਆਂ ਯਾਦਗਾਰ ਦੀ ਉਸਾਰੀ ਲਈ ਜ਼ਰੂਰ ਅੱਗੇ ਆਉਣ, ਕਿਉਂਕਿ ਸਿੱਖ ਸੰਗਤਾਂ ਦੇ ਮਨਾਂ ਵਿਚ ਉਨ੍ਹਾਂ ਪ੍ਰਤੀ ਬੇਹੱਦ ਸਤਿਕਾਰ ਹੈ ਅਤੇ ਇਸ ਮਾਮਲੇ ਵਿਚ ਸੰਗਤ ਉਨ੍ਹਾਂ ਦੇ ਮੋਢੇ ਨਾਲ ਮੋਢਾ ਜੋੜ ਕੇ ਸਾਥ ਦੇਵੇਗੀ, ਜੋ ਇੱਕ ਕੌਮੀ ਫ਼ਰਜ਼ ਵੀ ਹੈ।

ਇਸ ਸਾਰੇ ਵਰਤਾਰੇ ਦਾ ਇੱਕ ਦੁੱਖਦਾਈ ਪੱਖ ਇਹ ਵੀ ਹੈ ਕਿ ਇਸ ਸਰਕਾਰੀ ਨਰਸੰਘਾਰ ਨੂੰ ਜੱਗ ਜ਼ਾਹਰ ਕਰਨ ਵਾਲੇ ਗੁੜਗਾਉਂ ਦੀ ਇਕ ਫੈਕਟਰੀ ਵਿਚ 1 ਲੱਖ ਰੁਪਈਆ ਮਹੀਨਾ 'ਤੇ ਨੌਕਰੀ ਕਰਨ ਵਾਲੇ ਸਿੱਖ ਨੌਜਵਾਨ ਅਤੇ ਹੁਣ 'ਆਪ' ਦੇ ਵਿਧਾਇਕ ਇੰਜੀ. ਮਨਵਿੰਦਰ ਸਿੰਘ ਗਿਆਸਪੁਰਾ ਨੂੰ ਵੀ ਸ਼੍ਰੋਮਣੀ ਕਮੇਟੀ ਅਤੇ ਉਸ ਵੇਲੇ ਦੇ ਪ੍ਰਧਾਨ ਅਵਤਾਰ ਸਿੰਘ ਮੱਕੜ ਵੱਲੋਂ ਸਿਵਾਏ ਜ਼ਲੀਲ ਕਰਨ ਦੇ ਕੁਝ ਨਹੀਂ ਕੀਤਾ ਗਿਆ। ਹੈਰਾਨੀਜਨਕ ਤੱਥ ਹੈ ਕਿ ਅਕਾਲੀ-ਭਾਜਪਾ ਤੇ ਕਾਂਗਰਸ ਦੀ ਸਰਕਾਰ ਵੇਲੇ ਉਨ੍ਹਾਂ ਨੂੰ ਲਗਭਗ ਇੱਕ ਦਰਜਨ ਦੇ ਕਰੀਬ ਜੇਲ੍ਹ ਭੇਜਿਆ ਗਿਆ ਤੇ ਉਨ੍ਹਾਂ 'ਤੇ ਤਸ਼ੱਦਦ ਦੀ ਇੱਕ ਨਵੀਂ ਇਬਾਰਤ ਲਿਖੀ ਗਈ। ਉਨ੍ਹਾਂ ਨੂੰ ਮਦਦ ਦੇਣ ਦੀ ਬਜਾਏ ਉਨ੍ਹਾਂ ਦੇ ਨਾਲ ਪਰਿਵਾਰ ਨੂੰ ਵੀ ਕਈ ਮਾਮਲਿਆਂ ਵਿਚ ਘੜੀਸ ਕੇ ਜਬਰ ਕੀਤਾ ਗਿਆ। ਵਾਰ-ਵਾਰ ਉਨ੍ਹਾਂ ਨੂੰ ਅਤੇ ਉਨ੍ਹਾਂ ਦੀ ਧਰਮ ਪਤਨੀ ਨੂੰ ਨੌਕਰੀ ਦਾ ਵਾਅਦਾ ਕਰਕੇ ਸਿਰੇ ਦੀ ਜ਼ਲਾਲਤ ਦਿੱਤੀ ਗਈ। ਹੋਂਦ ਚਿੱਲੜ ਦੀ ਯਾਦਗਾਰ ਤਾਂ ਕੀ ਬਣਾਉਣੀ ਸੀ, ਸਗੋਂ ਇੰਜ. ਗਿਆਸਪੁਰਾ 'ਤੇ ਪਰਚੇ ਦਰਜ ਕਰਨ ਤੋਂ ਬਾਅਦ ਉਨ੍ਹਾਂ ਨੂੰ ਜੇਲ੍ਹ ਵਿਚ ਡੱਕ ਦਿੱਤਾ ਗਿਆ। ਇਸ ਦਰਦ ਕਹਾਣੀ ਦਾ ਵੀ ਕੋਈ ਅੰਤ ਨਹੀਂ ਹੈ।

ਪਿੰਡ ਦੀ ਅਬਾਦੀ ਤੋਂ ਦੂਰ ਬੀਆਬਾਨ ਬਣ ਚੁੱਕੇ ਪਿੰਡ ਹੋਂਦ ਚਿਲੜ ਜਿੱਥੇ ਅੱਜ ਵੀ ਉਸ ਮੌਕੇ ਦੀਆਂ ਤਸਵੀਰਾਂ ਵੇਖ ਕਾਲਜਾਂ ਫਟ ਜਾਂਦਾ ਹੈ। ਸ਼ਾਹੀ ਹਵੇਲੀਆਂ ਖੰਡਰ ਬਣ ਚੁੱਕੀਆਂ ਹਨ। ਗੁਰਦੁਆਰਾ ਸਾਹਿਬ ਦੀ ਇਮਾਰਤ ਢਹਿ-ਢੇਰੀ ਹੋ ਚੁੱਕੀ ਹੈ। ਪਿੰਡ ਦੀ ਜ਼ਿਆਦਾਤਰ ਜ਼ਮੀਨ 'ਤੇ ਧੜੱਲੇਦਾਰ ਲੋਕਾਂ ਵੱਲੋਂ ਕਬਜ਼ਾ ਕਰ ਲਿਆ ਗਿਆ ਹੈ। ਜੇ ਕੁਝ ਬਾਕੀ ਬਚਿਆ ਹੈ, ਤਾਂ ਸਿਰਫ ਉਸ ਵਹਿਸ਼ੀਆਨਾ ਕਾਰੇ ਦੇ ਨਿਸਾਨ, ਜਿੱਥੇ ਇਕ ਦੁੱਧ ਜੰਮਦੇ ਮਾਸੂਮ ਬੱਚੇ ਨੂੰ ਕੰਧ ਨਾਲ਼ ਪਟਕਾ ਕੇ ਮਾਰ ਦਿੱਤਾ ਗਿਆ, ਕੀ ਉਸ ਮਾਸੂਮ ਅਤੇ ਸਿੱਖ ਸ਼ਹੀਦਾਂ ਦੇ ਪਰਿਵਾਰ ਇਸ ਵਰਤਾਰੇ ਨੂੰ ਭੁਲਾ ਪਾਉਣਗੇ। ਸਿੱਖ ਕੌਮ ਲਈ ਨਾਸੂਰ ਬਣ ਚੁੱਕੇ ਇਸ ਕੌਮੀ ਦਰਦ ਪ੍ਰਤੀ ਗੱਲਬਾਤ ਕਰਦਿਆਂ ਇੰਜ. ਮਨਵਿੰਦਰ ਸਿੰਘ ਗਿਆਸਪੁਰਾ ਨੇ ਆਖਿਆ ਕਿ ਜੇਕਰ ਸਿੱਖ ਸੰਗਤ ਉਨ੍ਹਾਂ ਨੂੰ ਹੁਕਮ ਕਰੇਗੀ, ਤਾਂ ਉਹ ਕੌਮੀ ਦਰਦ ਰੱਖਣ ਵਾਲੀਆਂ ਸਿੱਖ ਹਸਤੀਆਂ ਨਾਲ ਮਿਲ ਕੇ ਸ਼ਹੀਦੀ ਯਾਦਗਾਰ ਉਸਾਰਨ ਲਈ ਆਪਣੇ ਪੱਧਰ 'ਤੇ ਉਪਰਾਲਾ ਜ਼ਰੂਰ ਕਰਨਗੇ। ਚੰਗਾ ਹੋਵੇ, ਜੇਕਰ ਸ਼੍ਰੋਮਣੀ ਕਮੇਟੀ ਅਤੇ ਹਰਿਆਣੇ ਦੀਆਂ ਸਿੱਖ ਜਥੇਬੰਦੀਆਂ ਅਤੇ ਹਰਿਆਣਾ ਕਮੇਟੀ ਇਸ ਸ਼ਹੀਦੀ ਯਾਦਗਾਰ ਦੀ ਉਸਾਰੀ ਲਈ ਆਪਣਾ ਬਣਦਾ ਯੋਗਦਾਨ ਪਾਵੇ, ਤਾਂ ਕਿ ਇਸ ਇਤਿਹਾਸਕ ਸਰਜ਼ਮੀਂ ਨੂੰ ਸਾਂਭਿਆ ਜਾ ਸਕੇ।

# ਕੀ ਰੱਬ ਹੁੰਦਾ ਹੈ?

## 2 ਮਿੰਨੀ ਕਹਾਣੀਆਂ

ਬਲਰਾਜ ਸਿੰਘ ਸਿੱਧੂ ਕਮਾਂਡੈਂਟ.
ਪੰਡੋਰੀ ਸਿੱਧਵਾਂ 95011-00062
(Punjab Mail USA)



ਪਿੰਡ ਬੋਹੜੂ ਦੀ ਖੁੰਡ ਪੰਚਾਇਤ ਜੁੜੀ ਹੋਈ ਸੀ। ਅਸਮਾਨ 'ਤੇ ਕਾਲੀਆਂ ਘਟਾਵਾਂ ਛਾਈਆਂ ਹੋਈਆਂ ਸਨ ਤੇ ਕਈ ਦਿਨਾਂ ਤੋਂ ਰੁੱਕ-ਰੁੱਕ ਕੇ ਬਾਰਸ਼ ਹੋ ਰਹੀ ਸੀ। ਜਿਨ੍ਹਾਂ ਨੇ ਕਣਕਾਂ ਸਾਂਭ ਲਈਆਂ ਸਨ, ਉਨ੍ਹਾਂ ਦੀ ਵੱਖੀ 'ਚੋਂ ਗੱਲਾਂ ਨਿਕਲ ਰਹੀਆਂ ਸਨ। ਪਰ ਜਿਨ੍ਹਾਂ ਨੇ ਕਣਕ ਅਜੇ ਵੱਢਣੀ ਸੀ, ਉਨ੍ਹਾਂ ਦੇ ਚਿਹਰਿਆਂ 'ਤੇ ਹਵਾਈਆਂ ਉੱਡ ਰਹੀਆਂ ਸਨ। ਗੱਲ ਇਸ ਪਾਸੇ ਮੁੜ ਗਈ ਕਿ ਇਹ ਕਰੋਪੀ ਰੱਬ ਨੇ ਕੀਤੀ ਹੈ ਕਿ ਕੁਦਰਤ ਨੇ? ਬਹੁਤੇ ਕਹਿਣ ਲੱਗ ਪਏ ਕਿ ਜੇ ਰੱਬ ਹੁੰਦਾ, ਤਾਂ ਉਸ ਨੂੰ ਪਤਾ ਨਾ ਲੱਗਦਾ ਕਿ ਕਣਕਾਂ ਪੱਕੀਆਂ ਖੜ੍ਹੀਆਂ ਹਨ, ਮੀਂਹ ਨਹੀਂ ਪਾਉਣਾ ਚਾਹੀਦਾ। ਨੰਗ ਪੈਰਿਆਂ ਦੇ ਦੀਪੇ ਨੇ ਪਿੰਡ ਦੇ ਇੱਕ ਸਿਆਣੇ ਬੰਦੇ ਕੱਲੂ ਸ਼ਾਹ ਨੂੰ ਪੁੱਛਿਆ, "ਸ਼ਾਹ ਜੀ, ਰੱਬ ਵਾਕਿਆ ਈ ਹੁੰਦਾ ਏ ਜਾਂ ਬਾਬੇ ਐਵੇਂ ਲੋਕਾਂ ਨੂੰ ਡਰਾ ਕੇ ਪੈਸੇ 'ਕੱਠੇ ਕਰਨ ਲਈ ਜੱਕੜ ਵੱਢੀ ਜਾਂਦੇ ਨੇ।" ਸ਼ਾਹ ਨੇ ਹੱਸ ਕੇ ਜਵਾਬ ਦਿੱਤਾ, "ਦੀਪਿਆ ਇਸ ਬਹਿਸ ਦਾ ਕੋਈ ਅੰਤ ਨਈਂ। ਹਰ ਬੰਦਾ ਆਪਣੇ ਹਿਸਾਬ ਨਾਲ ਰੱਬ ਦੀ ਹੋਂਦ ਬਾਰੇ ਰਾਏ ਤਿਆਰ ਕਰਦਾ ਆ। ਇਸ ਬਾਰੇ ਪਹਿਲਾਂ ਤਾਂ ਜਾ ਕੇ ਉਸ ਜੱਟ ਨੂੰ ਪੁੱਛੀਂ, ਜਿਸ ਦੀ ਕਣਕ ਇਸ ਬੇਮੌਸਮੀ ਮੀਂਹ ਨੇ ਬਰਬਾਦ ਕਰ ਦਿੱਤੀ ਹੋਵੇ। ਉਹ ਚਾਲੀ ਗਾਲ੍ਹਾਂ ਤੈਨੂੰ ਕੱਢੂਗਾ ਤੇ ਸੌ ਤੇਰੇ ਇਸ ਰੱਬ ਨੂੰ। ਇਸ ਤੋਂ ਬਾਅਦ ਸ਼ਾਮ ਨੂੰ ਅੰਬਰਸਰ ਦੇ ਕੰਪਨੀ ਬਾਗ ਵਿਚ ਲਾਲੀ ਸਮੇਤ ਸੈਰ ਕਰਦੇ ਕਿਸੇ ਲਾਲੇ ਨੂੰ ਪੁੱਛੀਂ। ਉਹ ਰੱਬ ਦਾ ਸੌ ਵਾਰ ਸ਼ੁਕਰੀਆ ਕਰਦਿਆਂ ਹੋਇਆਂ ਕਹੂਗਾ ਕਿ ਸ਼ੁਕਰ ਆ ਉਹਨੇ ਮੀਂਹ ਪਵਾ ਕੇ ਮੌਸਮ ਠੰਡਾ ਕਰ ਦਿੱਤਾ ਆ। ਫਿਰ ਨਤੀਜਾ ਤੂੰ ਆਪ ਈ ਕੱਢ ਲਈਂ ਕਿ ਰੱਬ ਹੁੰਦਾ ਆ ਕਿ ਨਈਂ?"



## ਬੱਚੇ ਰੋਂਦੇ ਹਨ

ਕ ਲੱਖਾ ਪਲਾਸਟਿਕ ਦੇ ਖਿਡੌਣਿਆਂ ਦੀ ਫੇਰੀ ਲਗਾਉਣ ਦਾ ਕੰਮ ਕਰਦਾ ਸੀ। ਉਹ ਜਿਹੜੀ ਗਲੀ ਵਿਚ ਵੜਦਾ, ਬੱਚੇ ਰੇਹੜੀ ਨੂੰ ਘੇਰ ਲੈਂਦੇ ਤੇ ਰੋਜ਼ਾਨਾ ਚਾਰ-ਪੰਜ ਸੌ ਦੀ ਸੇਲ ਆਰਾਮ ਨਾਲ ਹੋ ਜਾਂਦੀ। ਇੱਕ ਦਿਨ ਉਹ ਲਾਲੂ ਘੁੰਮਣ ਪਿੰਡ ਵਿਚ ਫੇਰੀ ਲਗਾ ਰਿਹਾ ਸੀ ਕਿ ਲੱਸੀ ਪੀਣਿਆਂ ਦੇ ਭੱਲੂ ਨੇ ਉਸ ਨੂੰ ਘੇਰ ਲਿਆ, "ਉਏ ਲੱਖਿਆ, ਤੂੰ ਆ ਵੜਦਾਂ ਚੌਥੇ ਦਿਨ ਬੂਥਾ ਚੁੱਕ ਕੇ ਸਾਡੀ ਗਲੀ 'ਚ। ਕਿੱਥੋਂ ਲੈ ਕੇ ਦਈਏ ਜਵਾਕਾਂ ਨੂੰ ਹਰ ਵਾਰ 100-50 ਦੇ ਖਿਡੌਣੇ? ਜੇ ਨਾ ਲੈ ਕੇ ਦਈਏ ਤਾਂ ਉੱਚੀ-ਉੱਚੀ ਸੰਘ ਪਾੜ ਕੇ ਰੋਂਦੇ ਆ। ਇਧਰ ਨਾ ਆਈਂ 'ਗਾਂਹ ਤੋਂ।" ਲੱਖਾ ਪਹਿਲਾਂ ਤਾਂ ਜਰਕ ਗਿਆ ਕਿ ਕਿੱਥੋਂ ਇਹ ਕੰਜੂਸ ਮੱਖੀ ਚੂਸ ਸਵੇਰੇ-ਸਵੇਰ ਮੱਥੇ ਲੱਗ ਗਿਆ ਹੈ, ਅਜੇ ਤਾਂ ਮੈਂ ਬੋਹਣੀ ਵੀ ਨਹੀਂ ਕੀਤੀ। ਪਰ ਫਿਰ ਥੋੜ੍ਹਾ ਜਿਹਾ ਸੋਚ ਕੇ ਹਲੀਮੀ ਨਾਲ ਬੋਲਿਆ, "ਸਰਦਾਰ ਜੀ ਗੁੱਸਾ ਕਰੋ ਚਾਹੇ ਗਿਲਾ ਕਰੋ, ਇਹ ਕੰਮ ਨਹੀਂ ਜੇ ਹੋਣਾ। ਜੇ ਇਸ ਤਰ੍ਹਾਂ ਗਲੀਆਂ ਛੱਡਣ ਲੱਗੇ, ਤਾਂ ਫਿਰ ਸਾਡੇ ਜਵਾਕ ਭੁੱਖ ਦੇ ਮਾਰੇ ਰੋਣਗੇ। ਅਸੀਂ ਹੁਣ ਧਾਡੇ ਜਵਾਕਾਂ ਬਾਰੇ ਸੋਚੀਏ ਕਿ ਆਪਣਿਆਂ ਬਾਰੇ?" ਭੱਲੂ ਨਹਿਲੇ 'ਤੇ ਦਹਿਲਾ ਵੱਜਦਾ ਵੇਖ ਕੇ ਜਟੂਰੀਆਂ ਸਾਫੇ ਵਿਚ ਧੱਕਦਾ ਹੋਇਆ ਆਪਣੇ ਰਾਹ ਪੈ ਗਿਆ।

**ਬਲਰਾਜ ਸਿੰਘ ਸਿੱਧੂ ਕਮਾਂਡੈਂਟ**
**ਪੰਡੋਰੀ ਸਿੱਧਵਾਂ :**
**95011-00062**

# ਗੁਰੂ ਗ੍ਰੰਥ ਅਤੇ ਪੰਥ ਨੂੰ ਸਮਰਪਿਤ ਸ਼ਖਸੀਅਤ ਸਨ ਪ੍ਰਿੰ. ਸੁਰਿੰਦਰ ਸਿੰਘ

## 15 ਮਈ - ਜਨਮ ਦਿਵਸ ਮੌਕੇ ਵਿਸ਼ੇਸ਼

ਇਕਵਾਕ ਸਿੰਘ ਪੱਟੀ
ਸੁਲਤਾਨਵਿੰਡ ਰੋਡ,
ਅੰਮ੍ਰਿਤਸਰ।
(Punjab Mail USA)





ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜੂਨੀਅਰ ਮੀਤ ਪ੍ਰਧਾਨ ਅਤੇ ਸਿੱਖ ਮਿਸ਼ਨਰੀ ਕਾਲਜ, ਸ੍ਰੀ ਅਨੰਦਪੁਰ ਸਾਹਿਬ ਦੇ ਸੰਸਥਾਪਕ, ਸਿੱਖ ਕੌਮ ਦੇ ਮਹਾਨ ਵਿਦਵਾਨ ਅਤੇ ਨਿਸ਼ਕਾਮ ਪ੍ਰਚਾਰਕ ਪ੍ਰਿੰ. ਸੁਰਿੰਦਰ ਸਿੰਘ ਜੀ ਦਾ ਜਨਮ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ 'ਤੇ ਸ. ਅਜੀਤ ਸਿੰਘ ਦੇ ਗ੍ਰਹਿ ਵਿਖੇ ਮਿਤੀ 15 ਮਈ, 1956 ਨੂੰ ਹੋਇਆ ਸੀ। ਗੁਰਮਤਿ ਦੀ ਗੁੜ੍ਹਤੀ ਆਪਣੇ ਨਾਨਕੇ-ਦਾਦਕੇ ਪਰਿਵਾਰ ਵਿਚੋਂ ਹੀ ਪ੍ਰਾਪਤ ਹੋਈ। ਆਰੰਭਿਕ ਸਕੂਲੀ ਸਿੱਖਿਆ ਆਪ ਜੀ ਨੇ ਐੱਸ.ਜੀ.ਐੱਸ ਖ਼ਾਲਸਾ ਸੀਨੀਅਰ ਸੈਕੰਡਰੀ ਸਕੂਲ ਤੋਂ ਪ੍ਰਾਪਤ ਕੀਤੀ ਅਤੇ ਗ੍ਰੈਜੁਏਸ਼ਨ ਦੀ ਡਿਗਰੀ ਸ੍ਰੀ ਗੁਰੂ ਤੇਗ ਬਹਾਦਰ ਖ਼ਾਲਸਾ ਕਾਲਜ ਤੋਂ ਪ੍ਰਾਪਤ ਕੀਤੀ। ਸਿੱਖ ਮਿਸ਼ਨਰੀ ਕਾਲਜ (ਰਜਿ:) ਲੁਧਿਆਣਾ ਤੋਂ ਆਪ ਜੀ ਨੇ ਦੋ-ਸਾਲਾ ਪੱਤਰ ਵਿਹਾਰ ਕੋਰਸ ਪਹਿਲੇ ਦਰਜੇ ਵਿਚ ਰਹਿ ਕੇ ਪੂਰਾ ਕੀਤਾ।

ਮਹਿਜ਼ ਸੋਲ੍ਹਾਂ ਵਰ੍ਹਿਆਂ ਦੀ ਉਮਰ ਵਿਚ ਹੀ ਆਪ ਨੇ ਕੁਝ ਸਾਥੀਆਂ ਨਾਲ ਮਿਲ ਕੇ 'ਦਸ਼ਮੇਸ਼ ਸੇਵਕ ਜੱਥਾ' ਨਾਮੀਂ ਸੰਸਥਾ ਬਣਾ ਕੇ, ਧਰਮ ਪ੍ਰਚਾਰ ਦੀ ਡਿਊਟੀ ਸੰਭਾਲ ਲਈ ਸੀ। ਸਾਲ 1973 ਤੋਂ ਸਿੱਖ ਵਿਦਵਾਨ ਪ੍ਰਿੰ. ਹਰਭਜਨ ਸਿੰਘ, ਸ. ਮਹਿੰਦਰ ਸਿੰਘ ਜੋਸ਼ ਅਤੇ ਹੋਰ ਬੁੱਧੀਜੀਵੀਆਂ ਦਾ ਆਪ ਜੀ ਦੇ ਜੀਵਨ 'ਤੇ ਖਾਸਾ ਪ੍ਰਭਾਵ ਪਿਆ ਅਤੇ ਆਪ ਜੀ ਨੇ ਮਨੁੱਖਤਾ ਨੂੰ ਕਰਮਕਾਂਡਾਂ, ਅੰਧਵਿਸ਼ਵਾਸਾਂ, ਜਾਦੂ-ਟੂਣਿਆਂ, ਵਹਿਮਾਂ-ਭਰਮਾਂ, ਧਰਮ ਦੇ ਨਾਂ 'ਤੇ ਕੀਤੇ ਜਾ ਰਹੇ ਅਡੰਬਰਾਂ ਵਿਰੁੱਧ ਜਾਗਰੂਕ ਕਰਨਾ ਅਤੇ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਚਾਰਧਾਰਾ ਦਾ ਪ੍ਰਚਾਰ ਕਰਨਾ ਆਪਣੇ ਜੀਵਨ ਦਾ ਮਕਸਦ ਬਣਾ ਲਿਆ। ਆਪ ਜੀ ਨੇ ਗੁਰਮਤਿ ਦੇ ਜਿਹੜੇ ਸਿਧਾਂਤਾਂ ਦਾ ਪ੍ਰਚਾਰ, ਪ੍ਰਸਾਰ ਕਰਨ ਲਈ ਜੀਵਨ ਲਗਾਇਆ, ਉਨ੍ਹਾਂ ਨੂੰ ਆਪਣੇ ਜੀਵਨ ਅਤੇ ਆਪਣੇ ਪਰਿਵਾਰ ਉਪਰ ਲਾਗੂ ਵੀ ਕੀਤਾ।

ਇੱਕ ਸਫਲ ਬੁਲਾਰੇ ਵਜੋਂ ਆਪ ਜੀ ਨੇ ਵਿਸ਼ੇਸ਼ ਪਹਿਚਾਣ ਬਣਾਈ। ਧਰਮ ਪ੍ਰਚਾਰ ਖੇਤਰ ਦੀ ਗੱਲ ਕਰੀਏ ਜਾਂ ਉਨ੍ਹਾਂ ਦੇ ਅਧਿਆਪਨ ਦੇ ਖਿੱਤੇ ਦੀ, ਹਰ ਖੇਤਰ ਵਿਚ ਉਨ੍ਹਾਂ ਨੇ ਸਫਲਤਾ ਦੇ ਝੰਡੇ ਗੱਡੇ ਹਨ। ਬਤੌਰ ਪ੍ਰਬੰਧਕ ਆਪ ਜੀ ਕੁਸ਼ਲਤਾ ਅੱਗੇ ਟਿੱਕ ਪਾਉਣਾ ਬਹੁਤ ਮੁਸ਼ਕਲ ਹੈ। ਅਕਾਲ ਗੁਰਮਤਿ ਸੰਗੀਤ ਅਕੈਡਮੀ ਅਤੇ ਨੇਤਰਹੀਣ ਸੰਗੀਤ ਵਿਦਿਆਲਾ ਸ੍ਰੀ ਅਨੰਦਪੁਰ ਸਾਹਿਬ ਵਿਖੇ ਆਪ ਜੀ ਨੇ ਪੰਜ ਸਾਲ ਬਤੌਰ ਪ੍ਰਿੰਸੀਪਲ ਸੇਵਾਵਾਂ ਦਿੱਤੀਆਂ। 26 ਅਪ੍ਰੈਲ 1995 ਵਿਚ ਸਿੱਖ ਮਿਸ਼ਨਰੀ ਕਾਲਜ, ਅਨੰਦਪੁਰ ਸਾਹਿਬ ਦੀ ਸਥਾਪਨਾ ਤੋਂ ਲੈ ਕੇ ਹੁਣ ਤੱਕ ਬਤੌਰ ਪ੍ਰਿੰਸੀਪਲ ਆਪਣੀਆਂ ਸੇਵਾਵਾਂ ਦੇ ਰਹੇ ਹਨ। ਕੇਵਲ ਧਾਰਮਿਕ ਖੇਤਰ ਵਿਚ ਹੀ ਨਹੀਂ, ਸਮਾਜਿਕ ਖੇਤਰ ਵਿਚ ਵੀ ਆਪ ਜੀ ਭਰਪੂਰ ਯੋਗਦਾਨ ਰਿਹਾ। ਇਹੀ ਕਾਰਣ ਸੀ ਕਿ ਚੋਣਾਂ ਭਾਵੇਂ ਕੌਂਸਲਰ (ਸਾਲ 1992) ਦੀਆਂ ਸਨ ਜਾਂ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ (ਸਾਲ 2011) ਆਪ ਨੇ ਰਿਕਾਰਡ ਤੋੜ ਜਿੱਤਾਂ ਦਰਜ ਕੀਤੀਆਂ। ਸਾਲ 2011 ਵਿਚ ਆਪ ਸਿੱਖ ਪੰਥ ਦੀ ਸਿਰਮੌਰ ਸੰਸਥਾ 'ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ' ਦੀਆਂ ਚੋਣਾਂ ਵਿਚ 22599 ਵੋਟਾਂ ਪ੍ਰਾਪਤ ਕਰ ਬਤੌਰ ਮੈਂਬਰ ਚੁਣੇ ਗਏ ਸਨ। 29 ਨਵੰਬਰ 2021 ਵਿਚ ਆਪ ਜੀ ਦੀ ਪੰਥਕ ਸੇਵਾਵਾਂ ਦੇ ਮੱਦੇਨਜ਼ਰ ਸਰਬਸੰਮਤੀ ਨਾਲ ਬਤੌਰ ਜੂਨੀਅਰ ਮੀਤ ਪ੍ਰਧਾਨ ਚੁਣੇ ਗਏ ਸਨ।


8 ਜੁਲਾਈ, 1987 ਨੂੰ ਆਪ ਜੀ ਦਾ ਅਨੰਦ ਕਾਰਜ ਬੀਬੀ ਭੁਪਿੰਦਰ ਕੌਰ ਸਪੁੱਤਰੀ ਸ. ਅਮਰ ਸਿੰਘ ਨਾਲ ਗੁਰਮਤਿ ਮਰਿਯਾਦਾ ਅਨੁਸਾਰ ਹੋਇਆ। ਆਪ ਜੀ ਦੇ ਘਰ ਇੱਕ ਸਪੁੱਤਰ ਸ. ਅਮਨਦੀਪ ਸਿੰਘ (1988) ਅਤੇ ਇੱਕ ਸਪੁੱਤਰੀ ਇੰਦਰਪ੍ਰੀਤ ਕੌਰ (1990) ਨੇ ਜਨਮ ਲਿਆ।

ਧਰਮ ਯੁੱਧ ਮੋਰਚੇ ਵਿਚ ਆਪ ਨੂੰ ਜੇਲ੍ਹ ਵੀ ਕੱਟਣੀ ਪਈ, ਜਿਸ ਕਾਰਣ ਆਪ ਜੀ ਦੀ ਪੜ੍ਹਾਈ ਵਿਚ ਵਿਘਨ ਪਿਆ। ਬਤੌਰ ਲੇਖਕ ਆਪ ਜੀ ਦੀਆਂ ਰਚਨਾਵਾਂ ਵੱਖ-ਵੱਖ ਪੰਜਾਬੀ ਅਖ਼ਬਾਰਾਂ ਅਤੇ ਗੁਰਮਤਿ ਪ੍ਰਕਾਸ਼ ਵਿਚ ਛੱਪਦੀਆਂ ਰਹੀਆਂ ਹਨ। ਆਪਣੀ ਮੌਤ ਤੋਂ ਪਹਿਲਾਂ ਹੀ 1 ਜੁਲਾਈ, 2019 ਵਿਚ ਆਪ ਜੀ ਵੱਲੋਂ ਵਿਲੱਖਣ ਕਿਸਮ ਦੀ ਧਾਰਮਿਕ ਵਸੀਅਤ ਜਾਰੀ ਕੀਤੀ ਗਈ ਸੀ, ਜਿਸ ਅਨੁਸਾਰ ਉਨ੍ਹਾਂ ਦੀ ਮੰਗ ਸੀ ਕਿ ਉਨ੍ਹਾਂ ਦੀ ਮੌਤ ਤੋਂ ਬਾਅਦ ਇੱਕ ਕਾਰਜ ਵੀ ਅਜਿਹਾ ਨਾ ਕੀਤਾ ਜਾਵੇ, ਜੋ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਚਾਰਧਾਰਾ ਅਤੇ ਸਿੱਖ ਰਹਿਤ ਮਰਿਯਾਦਾ ਤੋਂ ਉੱਲਟ ਹੋਵੇ। ਇਹੀ ਕਾਰਨ ਹੈ ਕਿ ਮਿਤੀ 14 ਜੂਨ, 2022 ਨੂੰ ਉਨ੍ਹਾਂ ਦੇ ਦੇਹਾਂਤ ਤੋਂ ਬਾਅਦ ਉਨ੍ਹਾਂ ਦੀ ਲਿਖੀ ਵਸੀਅਤ ਅਨੁਸਾਰ ਹੀ ਸਾਰੇ ਅੰਤਿਮ ਕਾਰਜ ਪਰਿਵਾਰ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕੀਤੇ ਗਏ।

ਜ਼ਿੰਦਗੀ ਵਿਚਲੇ ਉਤਰਾਅ-ਚੜ੍ਹਾਅ, ਸਰੀਰਿਕ ਸਮੱਸਿਆਵਾਂ ਅਤੇ ਗੰਭੀਰ ਸਰੀਰਿਕ ਰੋਗਾਂ ਦੇ ਬਾਵਜੂਦ ਆਪ ਜੀ ਹਮੇਸ਼ਾਂ ਪੰਥ ਅਤੇ ਪੰਥ ਦੀ ਭਲਾਈ ਦੇ ਕਾਰਜਾਂ ਲਈ ਕਿਵੇਂ ਚੜ੍ਹਦੀ ਕਲਾ ਵਿਚ ਰਹਿੰਦੇ ਹੋਏ ਯਤਨਸ਼ੀਲ਼ ਰਿਹਾ ਜਾ ਸਕਦਾ ਹੈ, ਸਾਡੇ ਸਾਰਿਆਂ ਲਈ ਪ੍ਰੇਰਣਾ ਸ੍ਰੋਤ ਰਹੇਗਾ। ਆਪ ਜੀ ਨੇ ਹਰ ਦੁੱਖ-ਸੁੱਖ ਦੌਰਾਨ ਪ੍ਰਮਾਤਮਾ ਦਾ ਸ਼ੁਕਰਾਨਾ ਕੀਤਾ ਅਤੇ ਮਿਸਾਲੀ ਜੀਵਨ ਜੀਵਿਆ ਹੈ। ਆਪਣੇ ਵਿਦਿਆਰਥੀਆਂ ਲਈ ਆਪ ਹਮੇਸ਼ਾਂ ਹੀ ਰੋਲ ਮਾਡਲ ਬਣੇ ਰਹੇ ਹਨ। ਮੈਨੂੰ ਇਸ ਗੱਲ ਦਾ ਮਾਣ ਹੈ ਕਿ ਆਪ ਜਿਹਾ ਉਸਤਾਦ ਮੈਨੂੰ ਨਸੀਬ ਹੋਇਆ ਸੀ।

ਮਿਤੀ 6 ਜੁਲਾਈ, 2022 ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਵਿਸ਼ੇਸ਼ ਇਕੱਤਰਤਾ ਵਿਚ ਇਸ ਮਹਾਨ ਨਿਸ਼ਕਾਮ ਪ੍ਰਚਾਰਕ ਪ੍ਰਿੰ. ਸੁਰਿੰਦਰ ਸਿੰਘ ਜੀ ਦੀ ਯਾਦ ਨੂੰ ਹਮੇਸ਼ਾ ਕਾਇਮ ਰੱਖਣ ਲਈ ਉਨ੍ਹਾਂ ਦੀ ਤਸਵੀਰ ਕੇਂਦਰੀ ਸਿੱਖ ਅਜਾਇਬ ਘਰ ਵਿਚ ਲਗਾਏ ਜਾਣ ਦਾ ਫ਼ੈਸਲਾ ਕੀਤਾ ਗਿਆ ਸੀ, ਉਮੀਦ ਹੈ ਕਿ ਸ਼੍ਰੋਮਣੀ ਕਮੇਟੀ ਆਪਣੇ ਫ਼ੈਸਲੇ 'ਤੇ ਫੌਰੀ ਕਾਰਵਾਈ ਕਰੇਗੀ।

# ਕਥਾ-ਵਾਰਤਾ (ਕਹਾਣੀ- ਸੰਗ੍ਰਹਿ) ਪੁਸਤਕ ਦਾ ਰਵਿਊ




| ਰੀਵਿਊ ਕਰਤਾ | : | ਡਾ. ਸਰਬਜੀਤ ਸਿੰਘ |
|---|---|---|
| ਸਿਰਲੇਖ | : | ਕਥਾ- ਵਾਰਤਾ (ਕਹਾਣੀ- ਸੰਗ੍ਰਹਿ) |
| ਮੁੱਖ ਸੰਪਾਦਕ | : | ਸ. ਲਖਵੀਰ ਸਿੰਘ |
| ਸੰਪਾਦਕ | : | ਡਾ. ਗੁਰਮੁਖ ਸਿੰਘ, ਡਾ. ਮਨਜੀਤ ਕੌਰ |
| ਕੁੱਲ ਪੰਨੇ | : | 200 |
| ਮੁੱਲ | : | 90 ਰੁਪਏ |
| ਸਾਲ | : | 2015 |
| ਪ੍ਰਕਾਸ਼ਕ | : | ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ ਪਟਿਆਲਾ, |
| ਆਈ.ਐੱਸ.ਬੀ. ਐੱਨ | : | 978-81-302-0338-6 |

ਡਾ. ਸਰਬਜੀਤ ਸਿੰਘ
ਅਸਿਸਟੈਂਟ ਪ੍ਰੋਫੈਸਰ, ਪੰਜਾਬੀ ਵਿਭਾਗ, ਖ਼ਾਲਸਾ ਕਾਲਜ, ਪਟਿਆਲਾ
9417626925
(Punjab Mail USA)



ਜਾਣਕਾਰੀ ਦਾ ਮਨੁੱਖੀ ਜ਼ਿੰਦਗੀ ਵਿਚ ਹਮੇਸ਼ਾ ਹੀ ਵੱਡਾ ਮਹੱਤਵ ਰਿਹਾ ਹੈ। 'ਕਹਾਣੀ' ਪੰਜਾਬੀ ਸਾਹਿਤ ਦਾ ਉਹ ਰੂਪ ਹੈ, ਜੋ ਵਿਅਕਤੀ ਦੀ ਪਛਾਣ ਦਾ ਸਫਰ ਹੈ। ਮਨੁੱਖ ਦੀ ਇਹ ਪ੍ਰਾਪਤੀ ਹੈ ਕਿ ਉਸ ਕੋਲ ਭਾਸ਼ਾ ਅਤੇ ਸਿਰਜਣ ਪ੍ਰਕਿਰਿਆ ਹੈ। ਲੇਖਕ, ਗਲਪ ਦੀ ਸਹਾਇਤਾ ਨਾਲ ਸਮਾਜ ਦੇ ਸਾਹਮਣੇ ਵੱਖ-ਵੱਖ ਪਹਿਲੂਆਂ ਨੂੰ ਪਾਤਰਾਂ ਰਾਹੀਂ ਪੇਸ਼ ਕਰਦਾ ਹੈ। ਅੱਜ ਦਾ ਵਿਦਿਆਰਥੀ ਬੌਧਿਕ ਪੱਧਰ 'ਤੇ ਬਹੁਤ ਚੇਤੰਨ ਹੈ ਅਤੇ ਪੂਰੇ ਵਿਸ਼ਵ ਬਾਰੇ ਜਾਣਕਾਰੀ ਰੱਖਦਾ ਹੈ ਪਰ ਨਾਲ-ਨਾਲ ਉਹ ਆਪਣੇ ਸਾਹਿਤ ਅਤੇ ਸੱਭਿਆਚਾਰ ਨਾਲ ਜੁੜਿਆ ਰਹੇ, ਇਸ ਲਈ ਅਜਿਹੀਆਂ ਪੁਸਤਕਾਂ ਦੀ ਜ਼ਰੂਰਤ ਹੈ। ਇਸ ਪੁਸਤਕ ਵਿਚ ਕੁੱਲ 10 ਕਹਾਣੀਆਂ ਹਨ, ਜੋ ਸਮਾਜ ਦੇ ਵੱਖ-ਵੱਖ ਪਹਿਲੂਆਂ ਦੀ ਪੇਸ਼ਕਾਰੀ ਕਰਦੀਆਂ ਹੋਈਆਂ, ਸਮਾਜ ਸਾਹਮਣੇ ਬਹੁਤ ਸਾਰੇ ਪ੍ਰਸ਼ਨ ਵੀ ਖੜ੍ਹੇ ਕਰਦੀਆਂ ਹਨ। ਵਿਦਿਆਰਥੀ, ਇਨ੍ਹਾਂ ਸੂਖਮ ਪਹਿਲੂਆਂ 'ਤੇ ਚਰਚਾ ਕਰਨ ਅਤੇ ਸੰਵੇਦਨਸ਼ੀਲ ਮੁੱਦਿਆਂ ਨੂੰ ਸਮਝ ਸਕਣ, ਇਸ ਲਈ ਇਹ ਪੁਸਤਕ ਬਹੁਤ ਲਾਹੇਵੰਦ ਹੈ। ਇਸ ਕਹਾਣੀ ਸੰਗ੍ਰਹਿ ਦੇ ਸੰਪਾਦਕ ਵਜੋਂ ਡਾ. ਗੁਰਮੁੱਖ ਸਿੰਘ ਅਤੇ ਡਾ. ਮਨਜੀਤ ਕੌਰ ਨੇ ਇਕਾਂਗੀਆਂ ਬਾਰੇ ਜੋ ਭੂਮਿਕਾ ਵਿਚ ਆਪਣੇ ਵਿਚਾਰ ਰੱਖੇ ਹਨ। ਉਹ ਵਰਤਮਾਨ ਸਮੇਂ ਦੀ ਪ੍ਰਸੰਗਿਕਤਾ ਵਿਚ ਬਹੁਤ ਢੁੱਕਵੇਂ ਅਤੇ ਸਾਰਥਕ ਹਨ। ਅਸੀਂ ਇਸ ਪੁਸਤਕ ਚਰਚਾ ਵਿਚ ਉਨ੍ਹਾਂ ਦੇ ਕੁੱਝ ਅੰਸ਼ ਆਪ ਦੇ ਸਨਮੁਖ ਕਰ ਰਹੇ ਹਾਂ। ਪਹਿਲੀ ਕਹਾਣੀ ਉਜਾੜ ਕੁਲਵੰਤ ਸਿੰਘ ਵਿਰਕ ਦੀ ਹੈ, ਜਿਸ ਵਿਚ ਲੇਖਕ, ਪਿੰਡ ਦੀ ਭਾਈਚਾਰਕ ਸਾਂਝ ਦੀ ਗੱਲ ਕਰਦਾ ਹੈ। ਕਹਾਣੀ ਦੇ ਕੇਂਦਰ ਵਿਚ ਪ੍ਰੰਪਰਾ ਅਤੇ ਰੂਪਾਂਤਰਣ ਦਾ ਵਿਸ਼ਾ ਹੈ ਅਤੇ ਲੋਕ ਜੀਵਨ ਲਗਾਤਾਰ ਬਦਲ ਰਿਹਾ ਹੈ। ਕਹਾਣੀ ਦੇ ਕੇਂਦਰੀ ਭਾਵ ਵਜੋਂ ਇਹ ਦੱਸਣ ਦੀ ਕੋਸ਼ਿਸ਼ ਕੀਤੀ ਗਈ ਹੈ ਕਿ ਬਦਲਾਅ ਕਿਵੇਂ ਵਿਅਕਤੀ ਦੇ ਮਨੋਬਲ ਨੂੰ ਸੱਟ ਮਾਰਦਾ ਹੈ, ਜਿਸ ਦਾ ਨਤੀਜਾ ਭਾਈਚਾਰਾ ਟੁੱਟਦਾ ਹੈ। ਕਹਾਣੀ ਦਾ ਮੁੱਖ ਪਾਤਰ ਆਲਾ ਸਿੰਘ ਹੈ। ਦੂਜੀ ਕਹਾਣੀ 'ਘਰ' ਪ੍ਰੇਮ ਪ੍ਰਕਾਸ਼ ਦੀ ਹੈ। ਇਹ ਕਹਾਣੀ ਇਕ ਪੱਤਰ ਦੇ ਰੂਪ ਵਿਚ ਪੇਸ਼ ਹੁੰਦੀ ਹੈ। ਕਹਾਣੀ, ਇਸਤਰੀ ਦੀ ਪਹਿਚਾਣ ਦੇ ਸਮਾਜਿਕ, ਮਾਨਸਿਕ ਸਰੋਕਾਰਾਂ ਨੂੰ ਸਮੇਂ ਦੇ ਵਰਤਾਰਿਆਂ ਅਧੀਨ ਕਰਕੇ ਪੇਸ਼ ਕਰਦੀ ਹੈ। ਕਹਾਣੀ ਦੱਸਦੀ ਹੈ ਕਿ ਔਰਤ ਮਨ ਦੇ ਕੀ-ਕੀ ਸਰੋਕਾਰ, ਸੁਪਨੇ ਅਤੇ ਧਾਰਨਾਵਾਂ ਹਨ। ਤੀਜੀ ਕਹਾਣੀ 'ਲੰਘਦਿਆਂ ਵੜਦਿਆਂ' ਸੁਖਵੰਤ ਕੌਰ ਮਾਨ ਦੀ ਹੈ। ਕਹਾਣੀ 'ਚ ਪੰਜਾਬੀ ਸਮਾਜ ਵਿਚ ਦਰਪੇਸ਼ ਨਵੀਂ ਸਮੱਸਿਆ, ਬੱਚਿਆਂ ਵਲੋਂ ਮਾਪਿਆਂ ਨੂੰ ਇਕੱਲੇ ਛੱਡ ਕੇ ਵਿਦੇਸ਼ੀ ਧਰਤੀ ਦੇ ਪੱਕੇ ਵਸਨੀਕ ਹੋ ਜਾਣਾ ਹੈ। ਕਹਾਣੀਕਾਰ ਨੇ ਤਾਈ ਪਾਤਰ ਰਾਹੀਂ ਇਕਲਾਪੇ ਦੀ ਜ਼ਿੰਦਗੀ ਭੋਗ ਰਹੇ ਬਜ਼ੁਰਗਾਂ ਦੀ ਹਕੀਕਤ ਪੇਸ਼ ਕੀਤੀ ਹੈ। ਔਰਤ ਦੇ ਜੀਵਨ ਦੇ ਬਚਪਨ, ਜਵਾਨੀ ਅਤੇ ਬੁਢੇਪੇ ਨੂੰ ਆਧਾਰ ਬਣਾਕੇ ਇੱਕ ਅਜਿਹੇ ਪਾਤਰ ਦੀ ਗੱਲ ਕੀਤੀ ਹੈ, ਜੋ ਅਜਿਹੇ ਵਰਤਾਰੇ ਦੀ ਸ਼ਿਕਾਰ ਹੈ। ਚੌਥੀ ਕਹਾਣੀ 'ਦਰਦ' ਜਿੰਦਰ ਦੀ ਹੈ। ਕਹਾਣੀ, ਦੇਸ਼-ਵੰਡ ਅਤੇ ਸੱਭਿਆਚਾਰਕ ਸਾਂਝ ਨੂੰ ਪੇਸ਼ ਕਰਦੀ ਹੈ। ਕਹਾਣੀ ਪੰਜਾਬੀਅਤ ਦੇ ਸੰਕਲਪ ਵਿਚੋਂ ਪੈਦਾ ਹੋਏ, ਅਜਿਹੇ ਵਿਅਕਤੀ ਦੀ ਸਿਰਜਣਾ ਕਰਦੀ ਹੈ, ਜੋ ਸਰਹੱਦ 'ਤੇ ਦੁਸ਼ਮਣ ਵਜੋਂ ਲੜ ਰਿਹਾ ਪਰ ਸਰੀਰ ਅਤੇ ਮਨ ਤੋਂ ਇੱਕ ਹੈ। ਦੇਸ਼-ਵੰਡ ਵੇਲੇ ਦਾ ਵੰਡਿਆ ਪੰਜਾਬ ਅਤੇ ਪੰਜਾਬੀ, ਇੱਕ ਅਜਿਹੇ ਦਰਦ ਦੇ ਅਧੀਨ ਆਪਣੀ ਹੋਣੀ ਭੋਗ ਰਿਹਾ ਹੈ। ਪੰਜਵੀਂ ਕਹਾਣੀ 'ਕਸਤੂਰੀ' ਜਸਵਿੰਦਰ ਸਿੰਘ ਦੀ ਹੈ। ਕਹਾਣੀ ਵਿਚ 'ਕਸਤੂਰੀ' ਮੈਟਾਫਰ, ਇੱਕ ਅਜਿਹੇ ਮਨੁੱਖ ਦੀ ਪੇਸ਼ਕਾਰੀ ਕਰਦਾ ਹੈ, ਜੋ ਹਮੇਸ਼ਾ ਭਟਕਣ ਅਤੇ ਭਾਲ 'ਚ ਰਹਿੰਦਾ ਹੈ। ਕਹਾਣੀ ਵਿਚ ਕਸਤੂਰੀ ਮਿਰਗ ਦੀ ਭਟਕਣਾ ਨਾਲ ਜੁੜਿਆ ਹੋਇਆ ਮੈਟਾਫਰ ਹੈ, ਜੋ ਭਟਕਣ ਅਧੀਨ ਆਪਣੀ ਮਹਿਕ ਨੂੰ ਬਾਹਰੋਂ ਲੱਭਦਾ ਹੈ, ਇਸ ਤਰ੍ਹਾਂ ਵਰਤਮਾਨ 'ਚ ਮਨੁੱਖ ਦੀ ਤਲਾਸ਼ ਹੈ, ਜੋ ਹਮੇਸ਼ਾ ਭਟਕਣ ਦੀ ਸ਼ਿਕਾਰ ਹੈ। ਛੇਵੀਂ ਕਹਾਣੀ 'ਵਾਰਸ' ਤਲਵਿੰਦਰ ਸਿੰਘ ਦੀ ਹੈ। ਕਹਾਣੀ ਮਨੁੱਖ ਦੇ ਬਦਲਦੇ ਵਰਤਮਾਨ ਅਤੇ ਉਸਦੀ ਹੋਂਦ ਦੇ ਪਹਿਲੂਆਂ ਨੂੰ ਪੇਸ਼ ਕਰਦੀ ਹੈ। ਲੇਖਕ ਇੱਕ ਅਜਿਹੇ ਮਸਲੇ ਦੀ ਨਿਸ਼ਾਨਦੇਹੀ ਕਰਦਾ ਹੈ, ਜਿਸ ਵਿਚ ਸਾਧਾਰਨ ਵਿਅਕਤੀ ਦਾ ਰੋਟੀ ਦੀ ਭਾਲ 'ਚ ਪਿੰਡ ਤੋਂ ਸ਼ਹਿਰ, ਸ਼ਹਿਰ ਤੋਂ ਮਹਾਂਨਗਰ ਅਤੇ ਪਰਦੇਸ ਵਿਚ ਜਾਕੇ ਉੱਥੇ ਦਾ ਹੋ ਜਾਣਾ ਹੈ। ਕਹਾਣੀ ਅਜਿਹੇ ਮਨੁੱਖ ਦੀ ਇੱਛਾ ਦੀ ਪੇਸ਼ਕਾਰੀ ਕਰਦੀ ਹੈ, ਜੋ ਵਿਸ਼ਵੀਕਰਨ ਦੇ ਇਸ ਸਮੇਂ 'ਚ ਆਪਣੀਆਂ ਜੜ੍ਹਾਂ ਤੋਂ ਦੂਰ ਜਾ ਚੁੱਕਾ ਹੈ ਪਰ ਅੰਤਲੇ ਸਮੇਂ ਆਪਣੀ ਮਿੱਟੀ ਦਾ ਵਾਰਸ ਬਣਨਾ ਚਾਹੁੰਦਾ ਹੈ। ਸੱਤਵੀਂ ਕਹਾਣੀ 'ਸਬੱਬ' ਹਰਜੀਤ ਅਟਵਾਲ ਦੀ ਹੈ। ਕਹਾਣੀ ਵਿਚ ਲੇਖਕ ਪਰਵਾਸੀ ਸੋਚ ਦੇ ਧਾਰਨੀ ਮਤਲਬੀ ਮਨੁੱਖ ਦੀ ਮਤਲਬੀ ਸੋਚ ਦੀ ਪੇਸ਼ਕਾਰੀ ਕਰਦਾ ਹੈ। ਵਰਤਮਾਨ 'ਚ ਮਨੁੱਖ ਆਪਣੇ ਮਨੋਰਥ ਦੀ ਪੂਰਤੀ ਕਰਦਾ ਹੋਇਆ ਕਿਸੇ ਦੀ ਮੌਤ ਦੀ ਦੁਖਦਾਈ ਘਟਨਾ ਵਿਚ ਵੀ ਮੌਕੇ ਦੀ ਤਲਾਸ਼ ਕਰਦਾ ਹੈ। ਕਹਾਣੀ ਵਿਚ ਅਜਿਹੇ ਮਤਲਬੀ ਪਾਤਰ, ਗੁਰਮੀਤ ਦੀ ਮੌਤ ਨੂੰ ਸਬੱਬ ਸਮਝ ਕੇ ਦੁੱਖ ਵੰਡਾਉਣ ਦੀ ਥਾਂ ਆਪਣੇ ਮਤਲਬ ਪੂਰਾ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਅੱਠਵੀਂ ਕਹਾਣੀ 'ਸੁੱਚਾ ਤਿੱਲਾ' ਮਕਸੂਦ ਸਾਕਿਬ ਦੀ ਹੈ। ਕਹਾਣੀ ਵਿਚ ਲੇਖਕ ਦੇਸ਼-ਵੰਡ ਦੇ ਸ਼ਿਕਾਰ ਪੰਜਾਬੀ ਬੰਦੇ ਦੀ ਪੇਸ਼ਕਾਰੀ ਕਰਦਾ ਹੈ, ਜੋ ਪੂਰਬੀ ਪੰਜਾਬ ਅਤੇ ਪੱਛਮੀ ਪੰਜਾਬ ਵਿਅਕਤੀ ਦੀ ਸਾਂਝ ਦੀ ਗੱਲ ਕਰਦਾ ਹੈ। ਕਹਾਣੀ ਵਿਚ ਸੁੱਚਾ ਤਿੱਲਾ ਅਜਿਹਾ ਹੈ, ਜੋ ਪੂਰਬੀ ਪੰਜਾਬ ਤੋਂ ਉੱਜੜ ਕੇ ਪੱਛਮੀ ਪੰਜਾਬ ਵਿਚ ਵਸਦੇ ਬਾਬਾ ਹੁਕਮਾ, ਪੱਛਮੀ ਪੰਜਾਬ ਤੋਂ ਉੱਜੜ ਕੇ ਆਏ ਮਨੋਹਰ ਲਾਲ ਵਿਚਲੀ ਸਾਂਝ ਦਾ ਮੁਦੱਈ ਹੈ। ਨੌਵੀਂ ਕਹਾਣੀ 'ਨੋ ਹੈੱਡਜ਼ ਡਾਊਨ, ਡੈਡੀ' ਬਲਵਿੰਦਰ ਗਰੇਵਾਲ ਦੀ ਹੈ। ਇਹ ਕਹਾਣੀ ਪੰਜਾਬੀ ਕਹਾਣੀ ਜਗਤ ਵਿਚ ਹਾਸ਼ੀਆਗਤ ਨੌਜਵਾਨ ਪੀੜ੍ਹੀ ਦੀ ਅਵਾਜ ਬਣਦੀ ਹੈ। ਕਹਾਣੀ ਸਮਕਾਲੀ ਨੌਜਵਾਨ ਦੇ ਨਸ਼ੇ ਦੇ ਚੱਕਰਵਿਊ ਨੂੰ ਕਥਾ-ਵਸਤੂ ਵਜੋਂ ਚੁਣਦੀ ਹੋਈ, ਇੱਕ ਅਜਿਹੇ ਘਟਨਾਕ੍ਰਮ ਦੀ ਪੇਸ਼ਕਾਰੀ ਕਰਦੀ ਹੈ, ਜਿਸ ਵਿਚ ਨੌਜੁਆਨ, ਮਾਪਿਆਂ ਦੀ ਕੀਤੀ ਕਲਪਨਾ ਅਨੁਸਾਰ ਜਦੋਂ ਖਰਾ ਨਹੀਂ ਉਤਰਦਾ, ਤਾਂ ਨਸ਼ਿਆਂ ਦੀ ਦਲਦਲ ਵਿਚ ਪਹੁੰਚਦਾ ਹੈ। ਦਸਵੀਂ ਕਹਾਣੀ 'ਤੂੰ ਨਿਹਾਲਾ ਨਾ ਬਣੀਂ' ਸਾਂਵਲ ਧਾਮੀ ਹੈ। ਇਹ ਕਹਾਣੀ ਇਕ ਅਜਿਹੇ ਵਰਤਾਰੇ ਦੀ ਪੇਸ਼ਕਾਰੀ ਹੈ, ਜਿਸ ਵਿਚ ਮਨੁੱਖ ਆਪਣੇ ਨਿੱਜੀ ਫਾਇਦਿਆਂ ਤੱਕ ਸੀਮਤ ਹੋ ਕੇ ਰਹਿ ਗਿਆ ਹੈ। ਕਹਾਣੀ ਇਸ ਘਟਨਾਕ੍ਰਮ ਨੂੰ ਸ਼ਹਿਰ, ਤਾਕਤ ਅਤੇ ਪੂੰਜੀਵਾਦੀ ਪ੍ਰਬੰਧ ਦੇ ਸਮਕਾਲੀ ਪਿਛੋਕੜੀ ਪ੍ਰਸੰਗ ਨਾਲ ਜੋੜ ਕੇ ਪੇਸ਼ ਕਰਦੀ ਹੈ। ਕਹਾਣੀ ਵਿਚ ਲੇਖਕ ਇੱਕ ਅਜਿਹੇ ਵਿਅਕਤੀ ਦੀ ਗੱਲ ਕੀਤੀ ਹੈ, ਜੋ ਸਾਂਝੇ ਘਰ ਵਿਚੋਂ ਪੜ੍ਹ ਕੇ ਕਾਮਯਾਬ ਹੁੰਦਾ ਹੈ ਤੇ ਬਾਅਦ 'ਚ ਨਿੱਜ ਵੱਸ ਹੋ ਕੇ ਸਾਂਝੀਆਂ ਜ਼ਿੰਮੇਵਾਰੀਆਂ ਤੋਂ ਭੱਜਦਾ ਹੈ। ਪੁਸਤਕ ਵਿਚ ਸ਼ਾਮਲ ਕਹਾਣੀਆਂ ਵਿਸ਼ੇ ਪੱਖ ਤੋਂ ਗਹਿਣ ਚਿੰਤਨ ਮੰਗਦੀਆਂ ਹਨ। ਕਹਾਣੀਆਂ, ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੇ ਸੰਕਲਪ ਦੀ ਪਛਾਣ ਦੇ ਮਸਲਿਆਂ ਦੀ ਪੇਸ਼ਕਾਰੀ ਕਰਦੀਆਂ ਹੋਈਆਂ ਸਮਕਾਲੀ ਮੁੱਦਿਆਂ 'ਤੇ ਧਿਆਨ ਕੇਂਦਰਿਤ ਕਰਦੀਆਂ ਹਨ। ਇਸ ਪੁਸਤਕ ਦੇ ਸੰਪਾਦਕਾਂ ਨੇ ਬਹੁਤ ਹੀ ਮਹੱਤਵਪੂਰਨ ਕਾਰਜ ਕਰਕੇ ਵੱਖ-ਵੱਖ ਪਹਿਲੂਆਂ ਨਾਲ ਸਬੰਧਤ ਵੱਖ-ਵੱਖ ਲਿਖਤਾਂ ਨੂੰ ਇਕੱਤਰ ਕਰਕੇ, ਵਿਦਿਆਰਥੀਆਂ ਦੇ ਸਨਮੁੱਖ ਪੇਸ਼ ਕੀਤਾ ਹੈ, ਤਾਂ ਜੋ ਉਹ ਗੰਭੀਰ ਤੋਂ ਗੰਭੀਰ ਸਥਿਤੀ ਵਿਚ ਵੀ ਅਜਿਹੀਆਂ ਰਚਨਾਵਾਂ ਤੋਂ ਸੇਧ ਪ੍ਰਾਪਤ ਕਰਕੇ, ਦ੍ਰਿੜ੍ਹਤਾ ਨਾਲ ਅੱਗੇ ਸਕਣ। ਪੁਸਤਕ ਦੇ ਵਿਚ ਅਭਿਆਸ ਲਈ ਪ੍ਰਸ਼ਨ, ਲੇਖਕ ਬਾਰੇ ਅਤੇ ਕਹਾਣੀ ਬਾਰੇ ਬਹੁਤ ਹੀ ਢੁੱਕਵੀਂ ਜਾਣਕਾਰੀ ਦਿੱਤੀ ਗਈ ਹੈ।

# ਮੁਫ਼ਤਖੋਰੇ ਬਣਾਉਣਾ ਪੰਜਾਬੀਆਂ/ਸਿੱਖਾਂ ਦੀ ਅਣਖ ਨੂੰ ਵੰਗਾਰ


-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
(Punjab Mail USA)




ਪੰਜਾਬ ਦੀਆਂ ਸਾਰੀਆਂ ਸਿਆਸੀ ਪਾਰਟੀਆਂ ਦੀਆਂ ਸਰਕਾਰਾਂ ਨੇ ਵੋਟਾਂ ਬਟੋਰਨ ਦੇ ਇਰਾਦੇ ਨਾਲ ਲੋਕ ਲੁਭਾਊ ਸਕੀਮਾਂ ਸ਼ੁਰੂ ਕਰਕੇ ਪੰਜਾਬੀਆਂ ਨੂੰ ਮੁਫ਼ਤਖ਼ੋਰੇ ਤੇ ਮੰਗਤੇ ਬਣਾ ਰਹੀਆਂ ਹਨ। ਇਕ ਕਿਸਮ ਨਾਲ ਪੰਜਾਬੀਆਂ ਨੂੰ ਮੁਫ਼ਤਖ਼ੋਰੇ ਬਣਾਕੇ ਉਨ੍ਹਾਂ ਦੀ ਅਣਖ਼ ਨੂੰ ਵੰਗਾਰਿਆ ਜਾ ਰਿਹਾ ਹੈ। ਅਣਖ਼, ਗੌਰਵ, ਮਿਹਨਤੀ ਪ੍ਰਵਿਰਤੀ, ਫ਼ਰਾਖਦਿਲੀ, ਬਹਾਦਰੀ, ਨਿਡਰਤਾ, ਕਿਰਤ ਕਰਨਾ, ਵੰਡ ਛਕਣਾ ਅਤੇ ਦਲੇਰੀ ਪੰਜਾਬੀਆਂ ਦੇ ਅਜਿਹੇ ਗੁਣ ਹਨ, ਜਿਨ੍ਹਾਂ ਕਰਕੇ ਸੰਸਾਰ ਵਿਚ ਉਨ੍ਹਾਂ ਦੀ ਕਦਰ ਕੀਤੀ ਜਾ ਰਹੀ ਹੈ। ਇਨ੍ਹਾਂ ਗੁਣਾ ਕਰਕੇ ਦੁਨੀਆਂ ਪੰਜਾਬੀਆਂ/ਸਿੱਖਾਂ 'ਤੇ ਮਾਣ ਕਰ ਰਹੀ ਹੈ। ਕਰੋਨਾ ਦੇ ਦੌਰਾਨ ਸੰਸਾਰ ਭਰ ਵਿਚ ਪੰਜਾਬੀਆਂ/ਸਿੱਖਾਂ ਨੇ ਲੋੜਵੰਦਾਂ ਨੂੰ ਲੰਗਰ ਲਗਾ ਕੇ ਭੋਜਨ ਛਕਾਇਆ ਹੈ, ਜਿਸ ਦੀ ਹਰ ਖੇਤਰ ਤੇ ਦੇਸ਼ ਵਿਚੋਂ ਪ੍ਰਸ਼ੰਸਾ ਕੀਤੀ ਗਈ ਹੈ। ਪੰਜਾਬੀਆਂ/ਸਿੱਖਾਂ ਨੇ ਕਰੋਨਾ ਦੌਰਾਨ ਸੰਸਾਰ ਵਿਚ ਕਿਸੇ ਨੂੰ ਵੀ ਭੁੱਖਾ ਨਹੀਂ ਰਹਿਣ ਦਿੱਤਾ। ਪ੍ਰੰਤੂ ਬਹੁਤ ਅਫ਼ਸੋਸ ਨਾਲ ਲਿਖਣਾ ਪੈ ਰਿਹਾ ਹੈ ਕਿ ਪੰਜਾਬ ਦੀਆਂ ਸਾਰੀਆਂ ਸਰਕਾਰਾਂ ਨੇ ਪੰਜਾਬੀਆਂ ਨੂੰ ਮੁਫ਼ਤਖ਼ੋਰੇ ਬਣਾਉਣ ਵਿਚ ਕੋਈ ਕਸਰ ਬਾਕੀ ਨਹੀਂ ਛੱਡੀ। ਹੁਣ ਤੱਕ ਪੰਜਾਬ ਸਰਕਾਰ ਕਿਸਾਨਾਂ ਨੂੰ 2 ਲੱਖ ਕਰੋੜ ਰੁਪਏ ਦੀ ਮੁਫ਼ਤ ਬਿਜਲੀ ਸਬਸਿਡੀ ਦੇ ਰੂਪ ਵਿਚ ਦੇ ਚੁੱਕੀ ਹੈ। ਇੰਨੀ ਰਕਮ ਨਾਲ 10,000 ਮੈਗਾਵਾਟ ਬਿਜਲੀ ਪੈਦਾ ਕਰਨ ਵਾਲੇ 30 ਥਰਮਲ ਪਲਾਂਟ ਲਗਾਏ ਜਾ ਸਕਦੇ ਸਨ। ਪੰਜਾਬ ਸਿਰ ਇਸ ਸਮੇਂ ਕੁੱਲ ਕਰਜ਼ੇ ਦਾ ਦੋ ਤਿਹਾਈ ਸਬਸਿਡੀ ਦੇ ਰੂਪ ਵਿਚ ਦਿੱਤਾ ਜਾ ਚੁੱਕਾ ਹੈ। ਲੋਕ ਲੁਭਾਊ ਸਕੀਮਾਂ ਦਾ ਸਾਰਾ ਭਾਰ ਟੈਕਸ ਦੇਣ ਵਾਲੇ ਲੋਕਾਂ 'ਤੇ ਪਾਇਆ ਜਾ ਰਿਹਾ ਹੈ। ਉਨ੍ਹਾਂ ਲੋਕਾਂ ਦਾ ਕੀ ਕਸੂਰ ਹੈ, ਜਿਹੜੇ ਇਨ੍ਹਾਂ ਲੋਕ ਲਭਾਊ ਸਕੀਮਾਂ ਦਾ ਭਾਰ ਉਠਾ ਰਹੇ ਹਨ? ਪੰਜਾਬ ਸਰਕਾਰ ਦੇ ਬਜਟ ਦਾ 53 ਫ਼ੀਸਦੀ ਕਰਜ਼ੇ ਦਾ ਵਿਆਜ ਵਾਪਸ ਕਰਨ ਲਈ ਖ਼ਰਚਿਆ ਜਾ ਰਿਹਾ ਹੈ। ਪੰਜਾਬ ਸਿਰ ਕਰਜ਼ੇ ਦੇ ਬੋਝ ਕਰਕੇ ਪਿੰਡਾਂ ਦੇ ਵਿਕਾਸ ਲਈ ਪੰਜਾਬ ਸਰਕਾਰ ਪਿਛਲੇ 10 ਸਾਲਾਂ ਤੋਂ ਇਕ ਪੈਸਾ ਵੀ ਖ਼ਰਚ ਨਹੀਂ ਕਰ ਰਹੀ। ਕੇਂਦਰ ਦੀਆਂ ਸਕੀਮਾਂ ਰਾਹੀਂ ਬੁਤਾ ਸਾਰਿਆ ਜਾ ਰਿਹਾ ਹੈ। ਪੰਜਾਬ ਦੀ ਇਸ ਤੋਂ ਵੱਡੀ ਤਰਾਸਦੀ ਕੀ ਹੋਵੇਗੀ? ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਰਬੱਤ ਦੇ ਭਲੇ ਦਾ ਸੰਦੇਸ਼ ਦਿੱਤਾ ਸੀ, ਉਨ੍ਹਾਂ ਨਾਮ ਜਪੋ, ਕਿਰਤ ਕਰੋ ਤੇ ਵੰਡ ਛਕੋ ਦਾ ਸਿਧਾਂਤ ਦਿੱਤਾ ਸੀ। ਵੈੱਲਫੇਅਰ ਰਾਜ ਦਾ ਸੰਕਲਪ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਨੇ ਦਿੱਤਾ ਸੀ। ਵਰਤਮਾਨ ਸਰਕਾਰਾਂ ਉਨ੍ਹਾਂ ਦੇ ਵੈਲਫੇਅਰ ਰਾਜ ਦੀ ਥਾਂ ਲੋਕਾਂ ਨੂੰ ਮੁਫ਼ਤਖ਼ੋਰੇ ਬਣਾਉਣ ਲੱਗ ਪਈਆਂ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਤਾਂ ਕਿਰਤ ਕਰਨ ਲਈ ਕਿਹਾ ਸੀ ਪ੍ਰੰਤੂ ਸਰਕਾਰਾਂ ਨੇ ਲੋਕਾਈ ਨੂੰ ਕਿਰਤ ਕਰਨ ਦੀ ਥਾਂ ਵਿਹਲੇ ਬੈਠ ਕੇ ਖਾਣ ਦਾ ਸੰਕਲਪ ਵੋਟਾਂ ਲੈਣ ਲਈ ਦੇ ਦਿੱਤਾ ਹੈ। ਸੋਚਣ ਵਾਲੀ ਗੱਲ ਹੈ ਕਿ ਅਸੀਂ ਆਪੋ ਆਪਣੇ ਪਰਿਵਾਰਾਂ ਨੂੰ ਪਾਲਣ ਲਈ ਕੰਮ ਕਰਕੇ ਪੈਸੇ ਇਕੱਠੇ ਕਰਦੇ ਹਾਂ ਤੇ ਫਿਰ ਉਨ੍ਹਾਂ ਨੂੰ ਖ਼ਰਚਦੇ ਹਾਂ। ਜੇਕਰ ਅਸੀਂ ਕਮਾਵਾਂਗੇ ਨਹੀਂ ਤਾਂ ਗੁਜ਼ਾਰਾ ਕਿਵੇਂ ਹੋਵੇਗਾ। ਪਰਿਵਾਰ ਕਿਵੇਂ ਪਲਣਗੇ? ਬਿਲਕੁਲ ਇਹ ਹੀ ਫਾਰਮੂਲਾ ਸਰਕਾਰਾਂ 'ਤੇ ਲਾਗੂ ਹੁੰਦਾ ਹੈ। ਜੇਕਰ ਸਰਕਾਰ ਦੀ ਆਮਦਨ ਨਹੀਂ ਹੋਵੇਗੀ, ਤਾਂ ਉਹ ਖ਼ਰਚਾ ਕਿਥੋਂ ਕਰਨਗੇ? ਸਰਕਾਰਾਂ ਲੋਕਾਈ ਨੂੰ ਮੁਫਤ ਵਿਚ ਬਿਜਲੀ, ਪਾਣੀ, ਆਟਾ ਦਾਲਾਂ, ਇਸਤਰੀਆਂ ਨੂੰ ਬੱਸਾਂ ਵਿਚ ਮੁਫ਼ਤ ਸਫਰ ਦੀ ਸਹੂਲਤ ਆਦਿ ਦੇ ਰਹੀਆਂ ਹਨ। ਸਰਕਾਰ ਦੇ ਖ਼ਰਚੇ ਕਰਨ ਲਈ ਜਦੋਂ ਆਮਦਨ ਨਹੀਂ ਤਾਂ ਸਰਕਾਰ ਕਰਜ਼ਾ ਹੀ ਲਵੇਗੀ। ਕਰਜ਼ਾ ਕਿਤਨੀ ਦੇਰ ਤੱਕ ਲਿਆ ਜਾ ਸਕਦਾ ਹੈ। ਪੰਜਾਬ ਸਰਕਾਰ ਨੇ ਆਪਣੀਆਂ ਬਹੁਤੀਆਂ ਇਮਾਰਤਾਂ ਗਹਿਣੇ ਕਰ ਦਿੱਤੀਆਂ ਹਨ। ਤਿੰਨ ਲੱਖ ਕਰੋੜ ਰੁਪਏ ਤੋਂ ਵਧੇਰੇ ਕਰਜ਼ਾ ਸਰਕਾਰ ਦੇ ਸਿਰ ਚੜ੍ਹ ਗਿਆ ਹੈ। ਇਹ ਲੋਕ ਲੁਭਾਊ ਸਕੀਮਾਂ ਪੰਜਾਬ ਦੇ ਲੋਕਾਂ ਦਾ ਨੁਕਸਾਨ ਕਰ ਰਹੀਆਂ ਅਤੇ ਮਾਨਸਿਕ ਗ਼ੁਲਾਮੀ ਵੱਲ ਧੱਕ ਰਹੀਆਂ ਹਨ। ਸਰਕਾਰਾਂ ਲੋਕਾਂ ਨੂੰ ਆਪਣੇ ਪਿੱਠੂ ਬਣਾ ਰਹੀਆਂ ਹਨ। ਕਿਰਤੀ ਪੰਜਾਬੀਆਂ ਨੂੰ ਆਪਣੇ 'ਤੇ ਨਿਰਭਰ ਕਰ ਰਹੀਆਂ ਹਨ, ਤਾਂ ਜੋ ਲੋਕਾਈ ਉਨ੍ਹਾਂ ਦੀਆਂ ਮਨਮਰਜ਼ੀਆਂ ਵਿਰੁੱਧ ਬੋਲ ਨਾ ਸਕਣ। ਪਿੰਡਾਂ ਵਿਚ ਕਿਸਾਨਾਂ ਨੂੰ ਫਸਲਾਂ ਦੀ ਪੈਦਾਵਾਰ ਲਈ ਪੰਜਾਬ ਦੇ ਮਜ਼ਦੂਰ ਨਹੀਂ ਮਿਲ ਰਹੇ। ਪੰਜਾਬੀ ਮਜ਼ਦੂਰਾਂ ਨੂੰ ਮਜ਼ਦੂਰੀ ਕਰਨ ਦੀ ਲੋੜ ਨਹੀਂ ਕਿਉਂਕਿ ਸਰਕਾਰ ਸਭ ਕੁਝ ਮੁਫ਼ਤ ਦਿੰਦੀ ਹੈ। ਉਹ ਘਰ ਬੈਠੇ ਖਾਂਦੇ ਹਨ। ਇਸ ਕਰਕੇ ਦੂਜੇ ਰਾਜਾਂ ਬਿਹਾਰ, ਉਤਰ ਪ੍ਰਦੇਸ਼ ਦੇ ਮਜ਼ਦੂਰ ਆ ਕੇ ਕੰਮ ਕਰਦੇ ਹਨ। ਸਰਕਾਰਾਂ ਨੂੰ ਪੰਜਾਬ ਦੀ ਅਣਖ ਅਤੇ ਸਵੈਮਾਣਤਾ ਬਰਕਰਾਰ ਰੱਖਣ ਲਈ ਲੋਕ ਲੁਭਾਊ ਸਕੀਮਾਂ ਬੰਦ ਕਰਨੀਆਂ ਚਾਹੀਦੀਆਂ ਹਨ। ਇਹ ਨਾ ਹੋਵੇ ਕਿ ਸਰਕਾਰ ਨੂੰ ਬੈਂਕਾਂ ਵੀ ਕਰਜ਼ਾ ਦੇਣਾ ਬੰਦ ਕਰ ਦੇਣ। ਸਭ ਤੋਂ ਪਹਿਲਾਂ ਸ਼੍ਰੀਮਤੀ ਰਾਜਿੰਦਰ ਕੌਰ ਭੱਠਲ ਨੇ ਜਨਵਰੀ 1997 ਵਿਚ 7 ਏਕੜ ਤੱਕ ਜ਼ਮੀਨ ਦੇ ਮਾਲਕ ਕਿਸਾਨਾਂ ਨੂੰ ਖੇਤੀਬਾੜੀ ਲਈ ਬਿਜਲੀ ਮੁਫ਼ਤ ਅਤੇ ਬਾਕੀ ਸਾਰੇ ਕਿਸਾਨਾਂ ਨੂੰ 50 ਰੁਪਏ ਪ੍ਰਤੀ ਹਾਰਸ ਪਾਵਰ ਦੇ ਹਿਸਾਬ ਨਾਲ ਸਹੂਲਤ ਦੇਣ ਦਾ ਐਲਾਨ ਕੀਤਾ ਸੀ। ਉਸ ਤੋਂ ਬਾਅਦ ਮਰਹੂਮ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਫਰਵਰੀ 1997 ਵਿਚ ਸਾਰੇ ਕਿਸਾਨਾਂ ਨੂੰ ਮੁਫ਼ਤ ਬਿਜਲੀ ਦੇਣ ਦਾ ਫੈਸਲਾ ਕਰ ਦਿੱਤਾ। ਵੱਡੇ ਕਿਸਾਨ ਜਿਹੜੇ ਬਿਲ ਦੇ ਸਕਦੇ ਹਨ, ਉਨ੍ਹਾਂ ਦੀ ਬਿਜਲੀ ਵੀ ਮੁਆਫ਼ ਕਰ ਦਿੱਤੀ। 2002 ਵਿਚ ਜਦੋਂ ਕੈਪਟਨ ਅਮਰਿੰਦਰ ਸਿੰਘ ਮੁੱਖ ਮੰਤਰੀ ਬਣੇ, ਤਾਂ ਉਨ੍ਹਾਂ ਕਿਸਾਨਾਂ ਨੂੰ ਮੁਫ਼ਤ ਬਿਜਲੀ ਦੇਣੀ ਬੰਦ ਕਰ ਦਿੱਤੀ। 2005 ਤੱਕ ਇਹ ਫੈਸਲਾ ਲਾਗੂ ਰਿਹਾ ਪ੍ਰੰਤੂ ਕੈਪਟਨ ਅਮਰਿੰਦਰ ਸਿੰਘ 'ਤੇ ਪੰਜਾਬ ਦੇ ਕਾਂਗਰਸੀਆਂ ਦਾ ਦਬਾਅ ਪਿਆ, ਜਿਸ ਕਰਕੇ ਉਸ ਨੇ ਫਿਰ ਦੁਬਾਰਾ ਪ੍ਰਕਾਸ਼ ਸਿੰਘ ਬਾਦਲ ਵਾਲਾ ਮੁਫ਼ਤ ਬਿਜਲੀ ਦੇਣ ਦਾ ਫ਼ੈਸਲਾ ਲਾਗੂ ਕਰ ਦਿੱਤਾ। ਉਸ ਤੋਂ ਬਾਅਦ ਹੁਣ ਤੱਕ ਬਿਜਲੀ ਮੁਫ਼ਤ ਦਿੱਤੀ ਜਾ ਰਹੀ ਹੈ। ਇਕ ਪਾਸੇ ਸਰਕਾਰ ਕਣਕ ਝੋਨੇ ਦੀ ਥਾਂ ਬਦਲਵੀਂਆਂ ਫਸਲਾਂ ਬੀਜਣ ਲਈ ਕਹਿ ਰਹੀ ਹੈ, ਕਿਉਂਕਿ ਜ਼ਮੀਨਦੋਜ਼ ਪਾਣੀ ਪੱਧਰ ਹਰ ਸਾਲ ਨੀਵਾਂ ਹੋ ਰਿਹਾ ਹੈ। ਟਿਊਬਵੈਲਾਂ ਦੇ ਬੋਰ ਡੂੰਘੇ ਕਰਨੇ ਪੈ ਰਹੇ ਹਨ। ਕਿਸਾਨਾਂ 'ਤੇ ਵਾਧੂ ਦਾ ਖ਼ਰਚਾ ਪੈ ਰਿਹਾ ਹੈ। ਦੂਜੇ ਪਾਸੇ ਸਰਕਾਰ ਝੋਨੇ ਦੀ ਕਾਸ਼ਤ ਲਈ ਮੁਫ਼ਤ ਬਿਜਲੀ ਦੇ ਕੇ ਅਸਿੱਧੇ ਢੰਗ ਨਾਲ ਝੋਨੇ ਦੀ ਕਾਸ਼ਤ ਨੂੰ ਪ੍ਰਤੋਸ਼ਾਹਤ ਕਰ ਰਹੀ ਹੈ। ਜੇਕਰ ਮੁਲ ਦਾ ਪਾਣੀ ਹੋਵੇਗਾ, ਤਾਂ ਕਿਸਾਨ ਸੋਚ ਸਮਝ ਕੇ ਧਰਤੀ ਵਿਚੋਂ ਪਾਣੀ ਕੱਢੇਗਾ। ਕਿਸਾਨਾਂ ਨੂੰ ਵੀ ਇਸ ਦਾ ਨੁਕਸਾਨ ਹੋ ਰਿਹਾ ਹੈ। ਬਹੁਤਾ ਪਾਣੀ ਨਿਕਲਣ ਅਤੇ ਲਗਾਤਾਰ ਮੋਟਰਾਂ ਦੇ ਚਲਣ ਨਾਲ ਪਾਣੀ ਦਾ ਪੱਧਰ ਨੀਵਾਂ ਹੋ ਰਿਹਾ ਹੈ ਅਤੇ ਬੋਰ ਬੰਦ ਹੋ ਰਹੇ ਹਨ। ਪਾਣੀ ਦਾ ਪੱਧਰ ਨੀਵਾਂ ਹੋਣ ਕਰਕੇ ਸਮਬਰਸੀਵਲ ਬੋਰ 'ਤੇ ਖ਼ਰਚਾ ਜ਼ਿਆਦਾ ਹੋਣ ਕਰਕੇ ਮਹਿੰਗਾ ਹੋ ਗਿਆ ਹੈ। ਜੇਕਰ ਝੋਨੇ ਤੋਂ ਕਿਸਾਨ ਦੀ ਆਮਦਨ ਵੱਧਦੀ ਹੈ, ਤਾਂ ਨਾਲ ਹੀ ਖ਼ਰਚਾ ਵੀ ਵੱਧ ਰਿਹਾ ਹੈ। ਇਸੇ ਤਰ੍ਹਾਂ 1997 ਵਿਚ ਪ੍ਰਕਾਸ਼ ਸਿੰਘ ਬਾਦਲ ਨੇ 60 ਸਾਲ ਤੋਂ ਉਪਰ ਇਸਤਰੀਆਂ ਅਤੇ 65 ਸਾਲ ਤੋਂ ਉਪਰ ਮਰਦਾਂ ਦਾ ਬੱਸਾਂ ਵਿਚ ਸਫਰ ਕਰਨਾ ਮੁਫ਼ਤ ਕਰ ਦਿੱਤਾ। ਗੱਲ ਏਥੇ ਹੀ ਖ਼ਤਮ ਨਹੀਂ ਹੋਈ, ਕੈਪਟਨ ਅਮਰਿੰਦਰ ਸਿੰਘ ਨੇ 2017 ਵਿਚ ਸਾਰੀਆਂ ਇਸਤਰੀਆਂ ਨੂੰ ਬੱਸਾਂ ਵਿਚ ਮੁਫਤ ਸਫਰ ਕਰਨ ਦੀ ਸਹੂਲਤ ਦੇ ਦਿੱਤੀ। ਇਸ ਸਮੇਂ ਪੰਜਾਬ ਰੋਡਵੇਜ ਅਤੇ ਪੈਪਸੂ ਰੋਡਵੇਜ਼ ਦਾ ਦੀਵਾਲਾ ਨਿਕਲਣ ਵਾਲਾ ਹੈ। ਅਮਲੇ ਨੂੰ ਤਨਖਾਹਾਂ ਅਤੇ ਸੇਵਾਮੁਕਤ ਕਰਮਚਾਰੀਆਂ ਨੂੰ ਪੈਨਸ਼ਨਾਂ ਅਤੇ ਮੈਡੀਕਲ ਖਰਚੇ ਦੇਣ ਵਿਚ ਮੁਸ਼ਕਲ ਆ ਰਹੀ ਹੈ। ਉਹ ਧਰਨੇ ਅਤੇ ਮੁਜ਼ਾਹਰੇ ਕਰ ਰਹੇ ਹਨ। ਪ੍ਰਕਾਸ਼ ਸਿੰਘ ਬਾਦਲ ਸਰਕਾਰ ਨੇ ਸਮਾਜ ਦੇ ਅਨੁਸੂਚਿਤ ਅਤੇ ਪਛੜੀਆਂ ਸ਼੍ਰੇਣੀਆਂ ਦੇ ਪਰਿਵਾਰਾਂ ਨੂੰ ਮੁਫ਼ਤ ਆਟਾ ਦਾਲ ਦੇਣਾ ਸ਼ੁਰੂ ਕਰ ਦਿੱਤਾ। 2007 ਵਿਚ ਕੇਂਦਰ ਸਰਕਾਰ ਦੇ ਫੂਡ ਸਕਿਉਰਿਟੀ ਐਕਟ ਵਿਚ ਮਰਜ ਕਰਕੇ ਆਟਾ ਦਾਲ ਦੇਣੀ ਜਾਰੀ ਰੱਖੀ। ਨਹਿਰੀ ਪਾਣੀ ਵੀ ਮੁਫ਼ਤ ਮਿਲ ਰਿਹਾ ਹੈ। ਬਾਦਲ ਸਾਹਿਬ ਨੇ ਤਾਂ ਸਰਕਾਰ ਤੇ ਆਪਣਾ ਕਬਜ਼ਾ ਬਣਾਈ ਰੱਖਣ ਲਈ 100 ਵਰਗ ਗਜ਼ ਦੇ ਰਿਹਾਇਸ਼ੀ ਮਕਾਨਾਂ ਵਾਲਿਆਂ ਨੂੰ ਪੀਣ ਵਾਲਾ ਪਾਣੀ ਵੀ ਮੁਫ਼ਤ ਦੇਣਾ ਸ਼ੁਰੂ ਕਰ ਦਿੱਤਾ। ਇਥੇ ਹੀ ਗੱਲ ਖ਼ਤਮ ਨਹੀਂ ਹੁੰਦੀ, ਉਨ੍ਹਾਂ ਕੇਂਦਰ ਸਰਕਾਰ ਦੀ ਮਦਦ ਨਾਲ 'ਮੁੱਖ ਮੰਤਰੀ ਤੀਰਥ ਯਾਤਰਾ' ਸਕੀਮ ਸ਼ੁਰੂ ਕਰ ਦਿੱਤੀ। ਇਸ ਸਕੀਮ ਅਧੀਨ ਪੰਜਾਬੀਆਂ ਨੂੰ ਮੁਫ਼ਤ ਵਿਚ ਵਿਸ਼ੇਸ਼ ਰੇਲ ਗੱਡੀਆਂ ਰਾਹੀਂ ਤੀਰਥ ਸਥਾਨਾਂ ਦੇ ਦਰਸ਼ਨ ਕਰਵਾਉਣ ਲਈ ਪੰਜਾਬ ਸਰਕਾਰ ਦੇ ਖ਼ਰਚੇ 'ਤੇ ਲਿਜਾਇਆ ਜਾਂਦਾ ਸੀ। ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਨੇ 2017 ਵਿੱਚ ਇਹ ਸਕੀਮ ਬੰਦ ਕਰ ਦਿੱਤੀ। ਆਮ ਆਦਮੀ ਪਾਰਟੀ ਨੇ ਤਾਂ ਚੋਣਾਂ ਤੋਂ ਪਹਿਲਾਂ ਲੋਕਾਂ ਨੂੰ ਮੁਫ਼ਤ ਦੀਆਂ ਗਾਰੰਟੀਆਂ ਦੇਣੀਆਂ ਸ਼ੁਰੂ ਕਰ ਦਿੱਤੀਆਂ। ਸਰਕਾਰ ਬਣਨ ਤੋਂ ਬਾਅਦ ਇਨ੍ਹਾਂ ਗਾਰੰਟੀਆਂ ਵਿਚ ਜੁਲਾਈ 2022 ਤੋਂ ਹਰ ਪਰਿਵਾਰ ਦੀ ਪ੍ਰਤੀ ਮਹੀਨਾ 300 ਯੂਨਿਟ ਤੱਕ ਦੀ ਬਿਜਲੀ ਮੁਆਫ਼ ਕਰ ਦਿੱਤੀ। ਇਸ ਤੋਂ ਪਹਿਲਾਂ ਅਨੁਸੂਚਿਤ ਜਾਤੀਆਂ ਅਤੇ ਕਬੀਲਿਆਂ ਦੇ ਪਰਿਵਾਰਾਂ ਨੂੰ 300 ਯੂਨਿਟ ਤੱਕ ਪਹਿਲਾਂ ਹੀ ਮੁਫ਼ਤ ਬਿਜਲੀ ਦਿੱਤੀ ਜਾ ਰਹੀ ਸੀ। ਬਿਜਲੀ ਨਿਗਮ ਘਾਟੇ ਵਿਚ ਜਾ ਰਿਹਾ ਹੈ। ਲੋਕਾਂ ਨੂੰ ਮੁਫ਼ਤ ਵਿਚ ਬਿਜਲੀ ਦਿੱਤੀ ਜਾ ਰਹੀ ਹੈ। ਸਰਕਾਰ ਦੀਆਂ ਮੁਫ਼ਤ ਵਾਲੀਆਂ ਲੋਕ ਭਲਾਈ ਸਕੀਮਾਂ ਕਰਕੇ ਪੰਜਾਬ ਦੀ ਆਰਥਿਕਤਾ ਤਬਾਹ ਹੋ ਗਈ ਹੈ। ਕਿਸੇ ਵੀ ਸਮੇਂ ਸਰਕਾਰ ਦੀਵਾਲੀਆਪਣ ਘੋਸ਼ਿਤ ਕਰਨ ਲਈ ਮਜ਼ਬੂਰ ਹੋ ਸਕਦੀ ਹੈ।





ਵਕਤ ਬਦਲ ਚੁੱਕਾ ਹੈ, ਵਕਤ ਦੇ ਨਾਲ ਬਦਲ ਚੁੱਕੇ ਨੇ Entertainment ਦੇ ਸਾਧਨ ਵੀ
e-Baba Entertainment App ਨੂੰ Download ਕਰੋ।




ਹੁਣ ਕਿਸੇ ਵੀ Company ਦੇ ਬਣੇ Android TV 'ਚ eBaba App ਡਾਊਨਲੋਡ ਕਰੋ ਜਾਂ ਸਮਾਰਟ TV ਦੀ HDMI Port 'ਚ Google TV Dongle ਲਾਵੋ ਤੇ eBaba ਡਾਊਨਲੋਡ ਕਰਕੇ ਰਿਮੋਟ ਦੀ ਵਰਤੋਂ ਰਾਹੀਂ, ਵੱਡੀ TV Screen ਉਤੇ ਬਹੁਤ ਸਾਰੇ English, Punjabi, Hindi ਅਤੇ Urdu ਦੇ TV Channel ਫ੍ਰੀ 'ਚ ਵੇਖੋ ਅਤੇ ਰੇਡੀਓ 'ਚ ਸੁਣੋ, also eBaba Entertainment App available for your ਸਮਾਰਟ phone on app store and Play store.




Cast Dongle ਦੀ ਮਦਦ ਨਾਲ ਆਪਣੀ ਪਸੰਦੀਦਾ TV Channel ਜਾਂ Movies ਆਪਣੇ TV 'ਤੇ ਵੀ ਦੇਖ ਸਕਦੇ ਹੋ ਅਤੇ Drive ਕਰਦੇ ਵੇਲੇ Bluetooth ਨਾਲ ਰੇਡਿਓ ਵੀ ਸੁਣ ਸਕਦੇ ਹੋ।





ਇਸ ਲਈ ਜਲਦੀ ਤੋਂ ਜਲਦੀ ਇਹ App Download ਕਰੋ ਅਤੇ ਆਪਣੇ ਦੋਸਤਾਂ ਨਾਲ ਵੀ ਇਹ ਜਾਣਕਾਰੀ Share ਕਰੋ।

# ਭਾਰਤ ਵਿਚ ਵਿਰਾਸਤ ਦੇ ਨਵੇਂ ਕਾਨੂੰਨਾਂ ਦੇ ਮਾਰੂ ਪ੍ਰਭਾਵ

ਪ੍ਰੋਫ਼ੈਸਰ ਬਸੰਤ ਸਿੰਘ ਬਰਾੜ
305 ਮਾਡਲ ਟਾਊਨ (ਫੇਜ਼-1)
ਬਠਿੰਡਾ—151001
ਫੋਨ: 09814941214
(Punjab Mail USA)





ਭਾਰਤ ਵਿਚ ਇਸ ਵੇਲੇ ਲਾਗੂ ਵਿਰਾਸਤ ਦੇ ਕਾਨੂੰਨਾਂ ਅਤੇ ਮਾਦਾ ਭਰੂਣ ਹੱਤਿਆ ਦਾ ਸਿੱਧਾ ਸੰਬੰਧ ਹੈ। ਇਹ ਘਿਨਾਉਣਾ ਅਤੇ ਅਣਮਨੁੱਖੀ ਜੁਰਮ ਸਿਰਫ਼ ਅਲਟਰਾ-ਸਾਊਂਡ ਮਸ਼ੀਨਾਂ ਆਉਣ ਨਾਲ ਨਹੀਂ ਵਧਿਆ। ਇਸ ਦੀਆਂ ਜੜ੍ਹਾਂ ਜਾਇਦਾਦ ਦੀ ਵਿਰਾਸਤ ਦੇ ਗਲਤ ਕਾਨੂੰਨਾਂ ਵਿਚ ਹਨ। ਔਰਤਾਂ ਨੂੰ ਬਰਾਬਰ ਦੇ ਹੱਕ ਦੇਣ ਦਾ ਕੋਈ ਵੀ ਸਮਝਦਾਰ ਵਿਅਕਤੀ ਵਿਰੋਧ ਨਹੀਂ ਕਰੇਗਾ, ਪ੍ਰੰਤੂ ਜੇਕਰ ਸਮਾਜਿਕ ਅਤੇ ਆਰਥਿਕ ਸਥਿਤੀ ਨੂੰ ਅੱਖੋਂ ਓਹਲੇ ਕਰਕੇ ਤਥਾਕਥਿਤ ਵਿਦਵਾਨਾਂ ਦੁਆਰਾ ਸਿਰਫ਼ ਵੋਟ ਬੈਂਕ ਪੱਕਾ ਕਰਨ ਲਈ ਅਜੀਬ ਕਾਨੂੰਨ ਬਣਾ ਦਿੱਤੇ ਜਾਣ, ਤਾਂ ਇਨ੍ਹਾਂ ਦੇ ਨਤੀਜੇ ਘਾਤਕ ਸਿੱਧ ਹੁੰਦੇ ਹਨ।

ਭਾਰਤ ਵਿਚ ਇਕਸਾਰ ਵਿਰਾਸਤੀ ਕਾਨੂੰਨ ਲਾਗੂ ਕਰਨ ਲਈ 7 ਜੂਨ, 1956 ਨੂੰ 'ਹਿੰਦੂ ਵਿਰਾਸਤ ਕਾਨੂੰਨ' ਲਾਗੂ ਕੀਤਾ ਗਿਆ ਸੀ, ਜਿਸ ਰਾਹੀਂ ਔਰਤਾਂ ਨੂੰ ਆਪਣੇ ਮਾਪਿਆਂ ਦੀ ਜਾਇਦਾਦ 'ਚੋਂ ਹਿੱਸਾ ਲੈ ਸਕਣ ਦਾ ਅਧਿਕਾਰ ਦਿੱਤਾ ਗਿਆ ਸੀ। 'ਹਿੰਦੂ' ਸ਼ਬਦ ਵਿਚ ਸਿੱਖ, ਜੈਨ ਅਤੇ ਬੋਧੀ ਵੀ ਸ਼ਾਮਲ ਹਨ। ਮੁਸਲਮਾਨ, ਈਸਾਈ, ਪਾਰਸੀ ਅਤੇ ਯਹੂਦੀ ਇਸ ਤੋਂ ਬਾਹਰ ਹਨ। 1956 ਦੇ ਕਾਨੂੰਨ ਨੇ ਬਹੁਤੀ ਉਥਲ-ਪੁਥਲ ਨਹੀਂ ਕੀਤੀ ਸੀ ਕਿਉਂਕਿ ਜਾਇਦਾਦ ਦਾ ਮਾਲਕ ਲੋੜ ਅਨੁਸਾਰ ਵਸੀਅਤ ਕਰ ਸਕਦਾ ਸੀ ਅਤੇ ਔਰਤਾਂ ਖ਼ੁਦ ਵੀ ਅਦਾਲਤ ਵਿਚ ਬਿਆਨ ਦੇ ਕੇ ਆਪਣਾ ਹਿੱਸਾ ਭਰਾਵਾਂ ਦੇ ਹੱਕ ਵਿਚ ਛੱਡ ਸਕਦੀਆਂ ਸਨ।

ਇਸ ਵਿਰਾਸਤ ਦੇ ਕਾਨੂੰਨ ਵਿਚ ਬੁਨਿਆਦੀ ਤਬਦੀਲੀ ਕਰਕੇ 'ਹਿੰਦੂ ਵਿਰਾਸਤ (ਸੋਧ) ਐਕਟ 2005' ਪਾਸ ਕਰ ਦਿੱਤਾ ਗਿਆ ਅਤੇ ਇਹ 9 ਸਤੰਬਰ, 2005 ਤੋਂ ਲਾਗੂ ਕਰ ਦਿੱਤਾ ਗਿਆ। ਇਸ ਕਾਨੂੰਨ ਦੇ ਤਹਿਤ ਜਾਇਦਾਦ ਦਾ ਮਾਲਕ ਆਪਣੀ ਜੱਦੀ ਜਾਇਦਾਦ ਬਾਰੇ ਵਸੀਅਤ ਨਹੀਂ ਕਰ ਸਕਦਾ। ਔਰਤਾਂ ਵੀ ਅਦਾਲਤ ਵਿਚ ਬਿਆਨ ਦੇ ਕੇ ਮਾਪਿਆਂ ਦੀ ਜਾਇਦਾਦ ਵਿਚੋਂ ਆਪਣਾ ਹਿੱਸਾ ਨਹੀਂ ਛੱਡ ਸਕਦੀਆਂ। ਉਨ੍ਹਾਂ ਦਾ ਬਰਾਬਰ ਹਿੱਸਾ ਉਨ੍ਹਾਂ ਦੇ ਨਾਮ 'ਤੇ ਚੜ੍ਹਨਾ ਲਾਜ਼ਮੀ ਹੈ। ਜੇ ਕਿਸੇ ਦੀ ਵਿਆਹੀ ਲੜਕੀ ਗੁਜ਼ਰ ਵੀ ਚੁੱਕੀ ਹੈ, ਤਾਂ ਵੀ ਉਸ ਦੀ ਸਾਰੀ ਸੰਤਾਨ ਦੇ ਨਾਮ ਉਸ ਦਾ ਹਿੱਸਾ ਚੜ੍ਹਨਾ ਲਾਜ਼ਮੀ ਹੈ। 20 ਦਸੰਬਰ, 2004 ਤੋਂ ਪਹਿਲਾਂ ਦੀਆਂ ਰਜਿਸਟਰਡ ਵਸੀਅਤਾਂ ਅਤੇ ਬਟਵਾਰਿਆਂ ਉਤੇ ਇਹ ਕਾਨੂੰਨ ਲਾਗੂ ਨਹੀਂ ਹੈ। ਆਪਣੇ ਜੀਵਨ ਕਾਲ ਵਿਚ ਮਾਲਕ ਜੋ ਚਾਹੇ ਕਰ ਸਕਦਾ ਹੈ। ਇਸੇ ਲਈ ਪੰਜਾਬ ਅਤੇ ਹਰਿਆਣਾ ਸਰਕਾਰਾਂ ਨੇ ਸਮਝਦਾਰੀ ਵਰਤ ਕੇ ਪਰਿਵਾਰਕ ਵੰਡ ਉੱਪਰ ਹਰ ਕਿਸਮ ਦਾ ਖਰਚਾ ਮਾਫ਼ ਕੀਤਾ ਹੋਇਆ ਹੈ। ਫਿਰ ਵੀ ਇਸ ਕਾਨੂੰਨ ਬਾਰੇ ਘੱਟ ਪਤਾ ਹੋਣ ਕਰਕੇ ਬਹੁਤੇ ਕਿਸਾਨ ਇਸ ਵੱਡੀ ਛੋਟ ਦਾ ਫ਼ਾਇਦਾ ਨਹੀਂ ਉਠਾ ਰਹੇ।

ਵਰਤਮਾਨ ਸਥਿਤੀ ਅਨੁਸਾਰ ਕੁਝ ਤੱਥ ਗੰਭੀਰ ਸੋਚ ਵਿਚਾਰ ਦੀ ਮੰਗ ਕਰਦੇ ਹਨ। ਅੱਜਕੱਲ੍ਹ ਪੇਂਡੂ ਲੜਕੀਆਂ ਪੜ੍ਹਾਈ ਦੇ ਖੇਤਰ ਵਿਚ ਮੁੰਡਿਆਂ ਨਾਲੋਂ ਬਹੁਤ ਅੱਗੇ ਜਾ ਰਹੀਆਂ ਹਨ। ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਦੇ ਨਤੀਜੇ ਹੀ ਨਹੀਂ, ਬਲਕਿ ਨੌਕਰੀਆਂ ਵਿਚ ਚੁਣੇ ਜਾਣ ਵਾਲਿਆਂ ਦੀਆਂ ਲਿਸਟਾਂ ਵੀ ਇਸ ਦੀਆਂ ਗਵਾਹ ਹਨ। ਹਰ ਮਾਂ-ਬਾਪ ਦੀ ਇੱਛਾ ਹੁੰਦੀ ਹੈ ਕਿ ਉਨ੍ਹਾਂ ਦੇ ਬੱਚੇ ਵੱਧ ਤੋਂ ਵੱਧ ਪੜ੍ਹਨ ਅਤੇ ਤਰੱਕੀ ਕਰਨ। ਪਿੰਡ-ਪਿੰਡ ਖੁੱਲ੍ਹ ਚੁੱਕੇ ਅੰਗ੍ਰੇਜ਼ੀ ਮਾਧਿਅਮ ਵਾਲੇ ਸਕੂਲਾਂ ਤੋਂ ਲੈ ਕੇ ਉੱਚੇ ਪੱਧਰ ਦੀ ਵਿੱਦਿਆ ਬਹੁਤ ਮਹਿੰਗੀ ਹੋ ਗਈ ਹੈ। ਚੰਗੀ ਨੌਕਰੀ ਤੱਕ ਪਹੁੰਚਣ ਤੇ ਘੱਟੋ-ਘੱਟ 20-25 ਲੱਖ ਰੁਪਏ ਖਰਚ ਹੋ ਜਾਂਦੇ ਹਨ। ਕੁਦਰਤੀ ਤੌਰ 'ਤੇ ਵਿਆਹ ਤੋਂ ਬਾਅਦ ਲੜਕੀਆਂ ਦੀ ਸਾਰੀ ਤਨਖਾਹ ਸਹੁਰਿਆਂ ਦੇ ਘਰ ਜਾਣੀ ਹੀ ਹੁੰਦੀ ਹੈ।

ਦੁੱਖ ਇਸ ਗੱਲ ਦਾ ਹੈ ਕਿ ਰਿਸ਼ਤੇ ਦੀ ਗੱਲ ਕਰਨ ਵੇਲੇ ਮੁੰਡੇ ਵਾਲੇ ਲੜਕੀ ਦੀ ਪੜ੍ਹਾਈ ਅਤੇ ਨੌਕਰੀ ਨੂੰ ਕੋਈ ਅਹਿਮੀਅਤ ਨਹੀਂ ਦਿੰਦੇ। ਲੜਕੇ ਵਾਲੇ ਆਪਣੀ ਜ਼ਮੀਨ ਅਤੇ ਲੜਕੇ ਦੇ ਝੂਠੇ-ਸੱਚੇ ਗੁਣਾਂ ਦਾ ਗਾਇਨ ਕਰਦੇ ਰਹਿੰਦੇ ਹਨ। ਲੜਕਾ ਭਾਵੇਂ ਲੰਡੀ ਜੀਪ ਲੈ ਕੇ, ਕੰਨਾਂ ਵਿਚ ਈਅਰ-ਪਲੱਗ ਲਾ ਕੇ ਘੁੰਮਣ ਵਾਲਾ ਗੁਪਤ ਨਸ਼ੇੜੀ ਹੀ ਹੋਵੇ, ਉਸ ਦੇ ਮਾਪੇ ਧੌਂਸ ਨਾਲ ਮੋਟਾ ਦਹੇਜ ਮੰਗਦੇ ਹਨ ਅਤੇ ਯੋਗ ਲੜਕਿਆਂ ਦੀ ਘਾਟ ਕਰਕੇ ਧੀ ਵਾਲਿਆਂ ਨੂੰ ਸਭ ਕੁਝ ਮਨਜ਼ੂਰ ਕਰਨਾ ਪੈਂਦਾ ਹੈ। ਕਾਨੂੰਨ ਅਨੁਸਾਰ ਤਾਂ ਦਹੇਜ ਲੈਣਾ ਅਤੇ ਦੇਣਾ ਜੁਰਮ ਹੈ, ਪਰ ਇਹ ਸਗੋਂ ਵਧਦਾ ਹੀ ਜਾਂਦਾ ਹੈ। ਮੁੰਡੇ ਦੇ ਹਿੱਸੇ ਜਿੰਨੇ ਕਿੱਲੇ ਜ਼ਮੀਨ ਆਉਂਦੀ ਹੋਵੇ, ਉਸ ਤੋਂ ਦੁੱਗਣੇ ਲੱਖ ਦਾ ਵਰਤਮਾਨ ਦਹੇਜ ਰੇਟ ਚੱਲ ਰਿਹਾ ਹੈ।


ਹੁਣ ਸਵਾਲ ਇਹ ਉਠਦਾ ਹੈ ਕਿ ਜੇ ਲੜਕੀ ਨੂੰ ਮਹਿੰਗੀ ਪੜ੍ਹਾਈ ਕਰਵਾ ਕੇ, ਵਿਆਹ ਉੱਤੇ ਵਿਤੋਂ ਬਾਹਰ ਖਰਚ ਕਰਕੇ ਮਾਪਿਆਂ ਨੂੰ ਆਪਣੀ ਜ਼ਮੀਨ ਜਾਇਦਾਦ ਵਿਚੋਂ ਬਰਾਬਰ ਹਿੱਸਾ ਦੇਣਾ ਵੀ ਲਾਜ਼ਮੀ ਹੈ, ਤਾਂ ਨਤੀਜਾ ਕੀ ਹੋਵੇਗਾ? ਇਹ ਨਤੀਜਾ ਸਭ ਦੇ ਸਾਹਮਣੇ ਹੈ ਅਤੇ ਦੁਖੀ ਹਿਰਦੇ ਨਾਲ ਕਹਿਣਾ ਪੈਂਦਾ ਹੈ ਕਿ ਜਿਵੇਂ-ਜਿਵੇਂ ਇਸ ਮਾਰੂ ਕਾਨੂੰਨ ਦੇ ਬੁਰੇ ਨਤੀਜੇ ਸਾਹਮਣੇ ਆਉਂਦੇ ਜਾਂਦੇ ਹਨ, ਕੰਨਿਆ ਭਰੂਣ-ਹੱਤਿਆ ਦਾ ਪਾਪ ਵਧਦਾ ਹੀ ਜਾਂਦਾ ਹੈ। ਸਰਕਾਰ 'ਬੇਟੀ ਬਚਾਓ, ਬੇਟੀ ਪੜ੍ਹਾਓ' ਦਾ ਪ੍ਰਚਾਰ ਕਰਨ 'ਚ ਜੁਟੀ ਹੈ, ਪਰ ਇਸ ਬੁਰਾਈ ਦੇ ਮੂਲ਼ ਕਾਰਨ ਦੀ ਕੋਈ ਪੜਚੋਲ ਨਹੀਂ ਕਰਦਾ।

ਭਾਵੇਂ ਇਹ ਕਾਨੂੰਨ ਸ਼ਹਿਰੀ ਜਾਇਦਾਦਾਂ 'ਤੇ ਵੀ ਲਾਗੂ ਹੈ, ਪਰ ਸ਼ਹਿਰਾਂ ਵਾਲੇ ਪੜ੍ਹੇ-ਲਿਖੇ ਅਤੇ ਪੈਸੇ ਵਾਲੇ ਹੋਣ ਕਰਕੇ ਕੋਈ ਨਾ ਕੋਈ ਪ੍ਰਬੰਧ ਕਰ ਲੈਂਦੇ ਹਨ। ਖੇਤੀ ਖੇਤਰ ਵਿਚ ਇਸ ਦਾ ਸਭ ਤੋਂ ਬੁਰਾ ਅਸਰ ਹੋ ਰਿਹਾ ਹੈ। ਪੇਂਡੂ ਸੱਭਿਆਚਾਰ ਅਨੁਸਾਰ ਲੜਕੀਆਂ ਆਪਣੇ ਹੀ ਪਿੰਡ ਵਿਚ ਬਿਲਕੁਲ ਨਹੀਂ ਵਿਆਹੀਆਂ ਜਾਦੀਆਂ। ਦੂਰ ਵਿਆਹੀ ਲੜਕੀ ਨੂੰ ਜਦ ਆਪਣੇ ਪੇਕਿਆਂ ਦੀ ਜ਼ਮੀਨ ਮਿਲ ਗਈ, ਤਾਂ ਉਸ ਦੇ ਸਹੁਰੇ ਪਰਿਵਾਰ ਦੀ ਦੋ ਜਗ੍ਹਾ ਜ਼ਮੀਨ ਹੋ ਜਾਵੇਗੀ। ਅਗਲੀ ਪੀੜ੍ਹੀ ਵਿਚ ਇਹ ਹੋਰ ਜ਼ਿਆਦਾ ਥਾਂਵਾਂ 'ਤੇ ਹੋ ਜਾਵੇਗੀ। ਇਸ ਤਰ੍ਹਾਂ ਜ਼ਮੀਨਾਂ ਲੀਰ-ਲੀਰ ਹੋ ਜਾਣਗੀਆਂ। ਇੰਨੇ ਥਾਂਈਂ ਵਾਹੀ ਕਰਨਾ ਸੰਭਵ ਨਹੀਂ। ਇਸ ਲਈ ਵਿਆਹੀਆਂ ਔਰਤਾਂ ਨੂੰ ਪੇਕਿਆਂ ਦੀ ਜ਼ਮੀਨ ਵੇਚਣੀ ਹੀ ਪਵੇਗੀ। ਕੀ ਲੜਕੀ ਦਾ ਪੇਕਾ ਪਰਿਵਾਰ ਉਸ ਤੋਂ ਜ਼ਮੀਨ ਖਰੀਦੇਗਾ? ਮੁਸ਼ਕਿਲ ਹੈ। ਕੀ ਉਸ ਦੇ ਸਹੁਰੇ ਇਹ ਇਜਾਜ਼ਤ ਦੇਣਗੇ ਕਿ ਉਹ ਬਿਨਾਂ ਪੈਸੇ ਲਏ ਭਰਾਵਾਂ ਦੇ ਨਾਮ ਰਜਿਸਟਰੀ ਕਰਵਾ ਦੇਵੇ? ਬਿਲਕੁਲ ਨਹੀਂ। ਸ਼ਰੀਕ ਖਰੀਦਣਗੇ ਤਾਂ ਲੜਾਈ ਝਗੜੇ ਅਤੇ ਅਣਬਣ ਵਧੇਗੀ। ਜੱਟ ਨੂੰ ਜ਼ਮੀਨ ਤੋਂ ਵੱਧ ਕੁਝ ਵੀ ਪਿਆਰਾ ਨਹੀਂ ਹੁੰਦਾ। ਬਿਗਾਨਾ ਹਲ਼ ਉਸ ਦੀ ਜ਼ਮੀਨ 'ਤੇ ਨਹੀਂ, ਉਸ ਦੀ ਹਿੱਕ 'ਤੇ ਚੱਲਦਾ ਹੈ।

ਸਦੀਆਂ ਤੋਂ ਪੇਂਡੂ ਸਮਾਜ ਪਿਆਰ ਅਤੇ ਇਕਸੁਰਤਾ ਨਾਲ ਚੱਲ ਰਿਹਾ ਸੀ। ਪਹਿਲਾਂ ਲੜਕੀਆਂ ਦੀ ਪੜ੍ਹਾਈ ਨਾ ਹੋਣ ਕਰਕੇ ਉਨ੍ਹਾਂ ਦੇ ਵਿਆਹ ਵੇਲੇ ਗਹਿਣੇ, ਅੱਛੇ ਕੱਪੜੇ ਅਤੇ ਕੁਝ ਦਹੇਜ ਦੇ ਕੇ ਇਕ ਤਰ੍ਹਾਂ ਨਾਲ ਜ਼ਮੀਨ ਵਿਚੋਂ ਉਨ੍ਹਾਂ ਦਾ ਹਿੱਸਾ ਦੇ ਦਿੱਤਾ ਜਾਂਦਾ ਸੀ। ਤਿੱਥ ਤਿਉਹਾਰ 'ਤੇ ਕੱਪੜਾ ਲੱਤਾ ਦੇ ਕੇ ਅਤੇ ਨਾਨਕ ਛੱਕਾਂ ਭਰ ਕੇ ਲੜਕੀ ਦੇ ਪੇਕੇ ਪਿਆਰ ਵੀ ਪ੍ਰਗਟ ਕਰਦੇ ਸਨ ਅਤੇ ਅਣਕਹੇ ਢੰਗ ਨਾਲ ਜ਼ਮੀਨ ਦੀ ਆਮਦਨ ਦਾ ਹਿੱਸਾ ਵੀ ਦੇ ਦਿੰਦੇ ਸਨ। ਇਸ ਨਵੇਂ ਕਾਨੂੰਨ ਨੇ ਸੰਧਾਰੇ ਅਤੇ ਨਾਨਕ ਛੱਕਾਂ ਤਾਂ ਖਤਮ ਕਰਨੀਆਂ ਹੀ ਹਨ, ਸਗੋਂ ਮੋਹ-ਪਿਆਰ ਦੀਆਂ ਕੋਮਲ ਤੰਦਾਂ ਵੀ ਟੁੱਟ ਜਾਣਗੀਆਂ। ਭੈਣਾਂ ਕਾਂ ਉਡਾ ਕੇ ਵੀਰ ਦੇ ਬੋਤੇ ਨਹੀਂ ਉਡੀਕਣਗੀਆਂ। ਪੇਂਡੂ ਸਮਾਜ ਖੇਰੂੰ-ਖੇਰੂੰ ਹੋ ਜਾਵੇਗਾ।

ਕੀ ਇਸ ਤਰੀਕੇ ਨਾਲ ਔਰਤ ਦੀ ਸ਼ਕਤੀ ਵਧੇਗੀ? ਬਿਲਕੁਲ ਨਹੀਂ। ਉਸ ਦੇ ਪੇਕਿਆਂ ਦੀ ਜ਼ਮੀਨ ਦੀ ਆਮਦਨ ਉਸ ਦੇ ਸਹੁਰੇ ਘਰ ਜਾਵੇਗੀ, ਉਸ ਕੋਲ ਨਹੀਂ। ਸਗੋਂ ਉਹ ਕੜਿੱਕੀ ਵਿਚ ਫਸ ਜਾਵੇਗੀ। ਜੇ ਉਹ ਜ਼ਮੀਨ ਦਾ ਹਿੱਸਾ ਕੋਲ ਰੱਖੇਗੀ, ਤਾਂ ਪੇਕਿਆਂ ਨਾਲੋਂ ਟੁੱਟ ਜਾਵੇਗੀ ਅਤੇ ਜੇ ਉਹ ਮੁਫ਼ਤ ਵਾਪਸ ਕਰਨ ਲਈ ਕਹੇਗੀ, ਤਾਂ ਸਹੁਰੇ ਘਰ ਦੁਰਗਤੀ ਹੋਵੇਗੀ। ਅਜਿਹੇ ਕਾਨੂੰਨਾਂ ਦੀ ਮਾਰ ਹਮੇਸ਼ਾ ਗਰੀਬ ਅਤੇ ਅਣਪੜ੍ਹ ਵਰਗ ਨੂੰ ਪੈਂਦੀ ਹੈ। ਲੜਕੀਆਂ ਨੂੰ ਪੜ੍ਹਾ-ਲਿਖਾ ਕੇ ਨੌਕਰੀ ਦੇ ਯੋਗ ਬਣਾਉਣ ਨਾਲ ਹੀ ਉਨ੍ਹਾਂ ਨੂੰ ਸ਼ਕਤੀ ਮਿਲੇਗੀ, ਪੇਕਿਆਂ ਦੀ ਜ਼ਮੀਨ ਲੈ ਕੇ ਨਹੀਂ। ਅਣਵਿਆਹੀਆਂ ਲੜਕੀਆਂ ਦਾ ਮਾਪਿਆਂ ਦੀ ਜਾਇਦਾਦ ਵਿਚ ਪੂਰਾ ਹਿੱਸਾ ਹੋਣਾ ਜ਼ਰੂਰੀ ਹੈ, ਪ੍ਰੰਤੂ ਵਿਆਹ ਤੋਂ ਬਾਅਦ ਉਨ੍ਹਾਂ ਦਾ ਸਹੁਰਿਆਂ ਦੀ ਜਾਇਦਾਦ ਵਿਚ ਹਿੱਸਾ ਹੋਣਾ ਚਾਹੀਦਾ ਹੈ, ਜੋ ਹੁਣ ਬਿਲਕੁਲ ਨਹੀਂ ਹੈ। ਜੇਕਰ ਕਿਸੇ ਪਰਿਵਾਰ ਵਿਚ ਸਿਰਫ਼ ਲੜਕੀਆਂ ਹੀ ਹਨ, ਤਾਂ ਉਨ੍ਹਾਂ ਦਾ ਤਾਂ ਪੂਰਾ ਹੱਕ ਬਣਦਾ ਹੀ ਹੈ।

ਮਾਦਾ ਭਰੂਣ ਹੱਤਿਆ ਨੂੰ ਖਤਮ ਕਰਨ ਅਤੇ ਸਮਾਜ ਦੇ ਤਾਣੇ-ਬਾਣੇ ਨੂੰ ਬਚਾਉਣ ਲਈ ਇਸ ਘਾਤਕ ਕਾਨੂੰਨ ਵਿਚ ਲੋੜੀਂਦੀ ਤਰਮੀਮ ਹੋਣੀ ਚਾਹੀਦੀ ਹੈ। ਇਸ ਬਾਰੇ 2011 ਵਿਚ 'ਖੇਤ ਮਜ਼ਦੂਰ ਕਾਂਗਰਸ' ਨੇ ਮੰਗ ਉਠਾਈ ਸੀ, ਪ੍ਰੰਤੂ ਜਾਗਰੂਕਤਾ ਦੀ ਕਮੀ ਕਰਕੇ ਅਜੇ ਤੱਕ ਇਹ ਜਨਤਕ ਮੁਹਿੰਮ ਨਹੀਂ ਬਣ ਸਕੀ। ਪਾਰਲੀਮੈਂਟ ਵਿਚ ਜ਼ਿਆਦਾ ਮੈਂਬਰ ਸ਼ਹਿਰਾਂ ਵਿਚ ਰਹਿਣ ਵਾਲੇ ਜਾਂ ਘੱਟ ਪੜ੍ਹੇ-ਲਿਖੇ ਪੇਂਡੂ ਹੁੰਦੇ ਹਨ। ਉਨ੍ਹਾਂ ਤੋਂ ਬਹੁਤੀ ਉਮੀਦ ਨਹੀਂ ਰੱਖੀ ਜਾ ਸਕਦੀ। ਕੁਝ ਦੇਰ ਪਹਿਲਾਂ ਮਸ਼ਹੂਰ ਅਰਥਸ਼ਾਸਤਰੀ ਸਰਦਾਰਾ ਸਿੰਘ ਜੌਹਲ ਨੇ ਇਹ ਮੰਗ ਉਠਾਈ ਸੀ, ਪਰ ਉਹ ਅਣਗੌਲ਼ੀ ਹੀ ਰਹਿ ਗਈ। ਪੇਂਡੂ ਅਰਥਚਾਰੇ ਅਤੇ ਸਮਾਜ ਨੂੰ ਬਚਾਉਣ ਲਈ ਹੁਣ ਇਕ ਹੋਰ ਸਰ ਛੋਟੂ ਰਾਮ ਚਾਹੀਦਾ ਹੈ, ਜਿਸ ਨੇ ਅੰਗਰੇਜ਼ਾਂ ਦੇ ਰਾਜ ਸਮੇਂ ਸਾਂਝੇ ਪੰਜਾਬ ਦੇ ਕਿਸਾਨ ਵਰਗ ਨੂੰ ਬਚਾਇਆ ਸੀ। ਪੰਜਾਬ ਵਿਚ ਹੋਣ ਵਾਲੀਆਂ 2017 ਦੀਆਂ ਚੋਣਾਂ ਬਾਰੇ ਜਾਰੀ ਹੋਏ ਇਕ ਪਾਰਟੀ ਦੇ ਮੈਨੀਫ਼ੈਸਟੋ ਵਿਚ ਸਰ ਛੋਟੂ ਰਾਮ ਦੁਆਰਾ ਕਰਵਾਏ ਗਏ ਸੁਧਾਰਾਂ ਦੀ ਗੱਲ ਕੀਤੀ ਗਈ ਹੈ। ਉਸ ਤੋਂ ਕੁਝ ਉਮੀਦ ਪੈਦਾ ਹੋਈ ਹੈ।




Editorial Board

Chief Editor
Gurjatinder Singh Randhawa

Sub Editors
Sandeep Kumar
Amit Saini

Distributor
Jai Singh

Website
Nikhil

Punjab Mail USA
9883 Novara Way,
Elk Grove, CA 95757
Ph: 916-320-9444
Fax : 916-209-8726
Email : punjabmailusa@yahoo.com
web : www.punjabmailusa.com

Punjab Mail USA News Paper and Staff Associated with. it are not responsible for any claims made by the advertisers and do not endorse any product or advertised in the Punjab Mail. All concerns are advised to Consult the Attorney at Law. All Disputes to Sacramento Jurisdiction.

ਲੇਖਕ ਦੇ ਵਿਚਾਰਾਂ ਨਾਲ ਪੰਜਾਬ ਮੇਲ ਦੇ ਸੰਪਾਦਕ ਅਤੇ ਇਸ ਦੇ ਸਟਾਫ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਗੁਰਦੁਆਰਾ ਘੱਲੂਘਾਰਾ ਸਾਹਿਬ ਜਿੱਥੇ ਖਾਲਸੇ ਨੇ ਜਿੱਤ ਪ੍ਰਾਪਤ ਕੀਤੀ

## 14 ਮਈ ਲਈ ਵਿਸ਼ੇਸ਼

ਬਲਵਿੰਦਰ ਬਾਲਮ
ਗੁਰਦਾਸਪੁਰ
ਉਂਕਾਰ ਨਗਰ ਪੰਜਾਬ
ਮੋਬ : 98156-25409
(Punjab Mail USA)





ਗੁਰਦਾਸਪੁਰ ਤੋਂ ਲਗਭਗ ਸੱਤ ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ ਪ੍ਰਸਿੱਧ ਇਤਿਹਾਸਕ ਗੁਰਦੁਆਰਾ ਘੱਲੂਘਾਰਾ ਸਾਹਿਬ। ਇਸ ਗੁਰਦੁਆਰੇ ਨੂੰ ਜਾਣ ਦੇ ਕਈ ਰਸਤੇ ਹਨ। ਗੁਰਦਾਸਪੁਰ ਤੋਂ ਸਿਧਵਾਂ ਮਾਨ ਚੋਪੜੇ ਤੋਂ ਕੋਟਲੀ ਸੈਣੀਆਂ ਹੁੰਦੇ ਹੋਏ ਘੱਲੂਘਾਰਾ ਗੁਰਦੁਆਰੇ ਨੂੰ ਵੀ ਰਸਤਾ ਪਹੁੰਚ ਜਾਂਦਾ ਹੈ। ਜੋ ਲਗਭਗ 18 ਕਿਲੋਮੀਟਰ ਦੂਰ ਪੈ ਹੀ ਜਾਂਦਾ ਹੈ। ਤਿੱਬੜੀ ਤੋਂ ਪੁਰਾਣੇ ਸ਼ਾਲੇ ਤੋਂ ਗੁੰਨੋਪੁਰ ਤੱਕ ਤੋਂ ਅੱਗੇ ਹੋਰ ਤਰ੍ਹਾਂ ਦਾ ਛੋਟਾ ਵੱਡਾ ਵਾਹਨ ਆਸਾਨੀ ਨਾਲ ਪਹੁੰਚ ਸਕਦਾ ਹੈ। ਇਸ ਰਸਤੇ ਦੀ ਦੂਰੀ ਲਗਭਗ 14 ਕੁ ਕਿਲੋਮੀਟਰ ਪੈ ਜਾਂਦੀ ਹੈ।

ਇਕ ਅੰਦਰੋਂ-ਅੰਦਰੀ ਰਸਤਾ ਹੈ (ਸ਼ਾਰਟ ਕੱਟ) ਤਿੱਬੜੀ ਤੋਂ ਪਿੰਡ ਚਾਵਾ ਨਮੀਨ ਕਰਾਲ ਹੁੰਦੇ ਹੋਏ ਸਿੱਧੇ ਗੁਰਦੁਆਰਾ ਘੱਲੂਘਾਰਾ ਸਾਹਿਬ ਰਸਤਾ ਸੱਤ ਕਿਲੋਮੀਟਰ ਦੂਰ ਪੈਂਦਾ ਹੈ।

ਇਸ ਗੁਰਦੁਆਰੇ ਨਾਲ ਸਿੰਘਾਂ ਦੀਆਂ ਸ਼ਹੀਦੀਆਂ ਦੇ ਜੁੜਣ ਦਾ ਪ੍ਰਸੰਗ ਹੈ। ਬੇਤਹਾਸ਼ਾ ਸਿੰਘ ਇਸ ਛੰਭ ਦੇ ਇਲਾਕੇ ਵਿਚ ਸ਼ਹੀਦ ਹੋਏ ਤੇ ਹਜ਼ਾਰਾਂ ਮੁਗਲਾਂ ਦੇ ਆਹੂ ਲਾਏ, ਜ਼ੁਲਮ, ਅੱਤਿਆਚਾਰ ਦੇ ਖ਼ਿਲਾਫ਼ ਸਿੰਘਾਂ ਡੱਟ ਕੇ ਮੁਕਾਬਲੇ ਕੀਤੇ ਤੇ ਫਤਿਹ ਹਾਸਲ ਕਰਕੇ ਚਲੇ ਗਏ। ਦੱਸਿਆ ਜਾਂਦਾ ਹੈ ਕਿ ਛੰਭ ਪਿੰਡ ਬਰੜਾ (ਛੰਭ ਕਾਹਨੂੰਵਾਨ) ਇਤਿਹਾਸਕ ਅਸਥਾਨ ਉਤੇ ਮੀਲਾਂ ਤੱਕ ਸੰਘਣਾ ਜੰਗਲ ਸੀ, ਜਦੋਂ ਲਾਹੌਰ ਦੇ ਸੂਬੇਦਾਰ ਲੱਖਪੱਤ ਰਾਏ ਨੇ 1746 ਈ. ਵਿਚ ਸਿੱਖਾਂ ਦਾ ਬਹੁਤ ਕਤਲੇਆਮ ਸ਼ੁਰੂ ਕੀਤਾ, ਤਾਂ 22 ਹਜ਼ਾਰ ਸਿੰਘਾਂ ਨੇ ਇਸ ਅਸਥਾਨ ਦੀ ਸ਼ਰਨ ਲਈ, ਲੱਖਪੱਤ ਰਾਏ ਨੇ ਲੱਖਾਂ ਦੀ ਗਿਣਤੀ ਵਿਚ ਫੌਜ ਲੈ ਕੇ ਸਿੰਘਾਂ 'ਤੇ ਹਮਲਾ ਕਰ ਦਿੱਤਾ, ਤਿੰਨ ਮਹੀਨੇ ਯੁੱਧ ਹੁੰਦਾ ਰਿਹਾ। ਉਦੋਂ ਉਸ ਦੀ ਪੇਸ਼ ਨਾ ਗਈ ਤਾਂ 10 ਜੂਨ ਨੂੰ ਉਸ ਨੇ ਜੰਗਲ ਨੂੰ ਅੱਗ ਲੁਆ ਦਿੱਤੀ, ਹੱਥ-ਹੱਥ ਦੀ ਲੜਾਈ ਹੋਈ। ਜੰਗਲ ਦੀ ਅੱਗ ਬਿਆਸ ਦਰਿਆ ਪਾਰ ਕਰਦਿਆਂ ਗਿਆਰਾਂ ਹਜ਼ਾਰ ਸਿੰਘਾਂ ਨੇ ਸ਼ਹੀਦੀਆਂ ਪ੍ਰਾਪਤ ਕੀਤੀਆਂ। ਇਤਿਹਾਸ ਵਿਚ ਇਹ ਘੋਰ ਯੁੱਧ ਛੋਟੇ ਘੱਲੂਘਾਰੇ ਦੇ ਨਾਂ ਨਾਲ ਪ੍ਰਸਿੱਧ ਹੋਇਆ।

ਇਥੋਂ ਦੀਆਂ ਕੁਝ ਬਜ਼ੁਰਗ ਸ਼ਖ਼ਸੀਅਤਾਂ ਨੇ ਘੱਲੂਘਾਰੇ ਬਾਰੇ ਦੱਸਿਆ ਕਿ ਐਮਨਾਬਾਦ ਵਿਚ ਸਿੱਘਾਂ ਨੇ ਵਿਸਾਖੀ ਮਨਾਉਣ ਦੀ ਕੋਸ਼ਿਸ ਕੀਤੀ, ਉਥੋਂ ਦਾ ਸੂਬੇਦਾਰ ਜਸਪਤ ਰਾਏ ਸੀ, ਉਸ ਦਾ ਵੱਡਾ ਭਰਾ ਲੱਖਪਤ ਲਾਹੌਰ ਦੇ ਸੂਬੇ ਦਾ ਦੀਵਾਨ ਸੀ, ਉਹ ਸਿੰਘਾਂ ਨੂੰ ਇਥੋਂ ਵਿਸਾਖੀ ਨਹੀਂ ਸੀ ਮਨਾਉਣ ਦੇਣੀ ਚਾਹੁੰਦਾ। ਸਿੰਘਾਂ ਤੰਬੂ ਲਗਾਏ ਹੋਏ ਸੀ। ਵਿਸਾਖੀ ਮਨਾਉਣ ਲਈ ਸਭ ਪ੍ਰਬੰਧ ਸਨ। ਸਿੰਘਾਂ ਨਾਲ ਜਸਪੱਤ ਤੇ ਉਸ ਦੀ ਫੌਜ ਦਾ ਯੁੱਧ ਹੋਇਆ। ਜੱਸਪੱਤ ਮਾਰਿਆ ਗਿਆ। ਉਸ ਦੀ ਘਰ ਦੀ ਆਪਣੇ ਜੇਠ ਕੋਲ ਲਾਹੌਰ ਜਾ ਕੇ ਵਾਸਤੇ ਪਾ-ਪਾ ਕੇ ਰੋਈ ਤਾਂ ਜਸਪੱਤ ਵੱਡੀ ਫੌਜ ਲੈ ਕੇ ਲਗਭਗ ਪੰਜਾਹ-ਸੱਠ ਹਜ਼ਾਰ ਦੇ ਕਰੀਬ ਸਿੰਘਾਂ ਦਾ ਨਾਮੋ-ਨਿਸ਼ਾਨ ਮਿਟਾਉਣ ਲਈ ਨਿਕਲਿਆ ਤੇ ਇਥੇ ਉਦੋਂ ਕਾਹਨੂੰਵਾਨ ਦਾ ਛੰਭ ਪੰਡੋਰੀ ਤੱਕ ਜੰਗਲ ਹੀ ਜੰਗਲ ਹੁੰਦਾ ਸੀ, ਇਕ ਪਾਸੇ ਸ਼ੂਕਦਾ ਦਰਿਆ ਤੇ ਇਕ ਪਾਸੇ ਖਤਰਨਾਕ ਛੰਭ ਤੇ ਸੰਘਣਾ ਜੰਗਲ। ਦੂਰ-ਦੂਰ ਤੱਕ ਪਰਿੰਦਾ ਤੱਕ ਨਾ ਲੱਭਦਾ। ਸਿੰਘ ਇਸ ਛੰਭ ਵਿਚ ਲੁਕੇ ਹੋਏ ਸੀ। ਸਿੰਘ ਰਾਤ ਬਰਾਤੇ ਦੁਸ਼ਮਣਾਂ ਦੇ ਤੰਬੂ ਲੁੱਟਦੇ ਤੇ ਮਾਰ-ਧਾੜ ਕਰਕੇ ਛੁਪਦੇ-ਛੁਪਦੇ ਟਿਕਾਣੇ 'ਤੇ ਆ ਲੁਕਦੇ।

ਲੱਖਪੱਤ ਨੇ ਇਕ ਪਾਸੇ ਖੂੰਖਾਰ ਕੁੱਤੇ, ਦੂਸਰੇ ਪਾਸੇ ਫੌਜ ਤੇ ਤੀਸਰੇ ਪਾਸੇ ਆਪ ਘੇਰਾ ਪਾ ਕੇ ਚੌਥੇ ਪਾਸੇ ਛੰਭ ਜੰਗਲ ਨੂੰ ਅੱਗ ਲਗਾ ਦਿੱਤਾ। ਵਾਹਿਗੁਰੂ ਆਪ ਸਹਾਈ ਹੋਇਆ। ਇਸ ਯੁੱਧ ਵਿਚ ਲਗਭਗ ਗਿਆਰਾਂ ਹਜ਼ਾਰ ਸਿੰਘ ਸ਼ਹੀਦ ਹੋਏ। ਕੁਝ ਅੱਗ ਦੇ ਘੇਰੇ 'ਚੋਂ ਬਾਹਰ ਨਿਕਲ ਗਏ, ਆਖ਼ਿਰ ਇਕ ਵੀ ਸਿੰਘ ਲੱਖਪੱਤ ਦੇ ਹੱਥ ਨਾ ਲੱਗਾ, ਤਾਂ ਉਹ ਨਾਮੋਸ਼ੀ ਨਾਲ ਵਾਪਸ ਮੁੜ ਗਿਆ।

ਇਸ ਯੁੱਧ ਵਾਲੇ ਸਥਾਨ 'ਤੇ ਉਨ੍ਹਾਂ ਸਮਿਆਂ ਵਿਚ ਕੁਝ ਕਮਰੇ ਖੜ੍ਹੇ ਕੀਤੇ ਗਏ ਸਨ। ਹਾਲਾਤ ਆਪਣੇ ਹੱਥਾਂ ਵਿਚ ਦਿੱਸਦਾ ਆਇਆ, ਤਾਂ ਸਿੰਘਾਂ ਨੇ ਇਸ ਜਗ੍ਹਾ 'ਤੇ ਇਨ੍ਹਾਂ ਕਮਰਿਆਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ। ਇਹ ਮੁਸਲਮਾਨਾਂ ਦਾ ਪਿੰਡ ਸੀ। ਇਥੇ ਇਕ ਮਸੀਤ ਸੀ, ਜੋ ਉਸ ਸਮੇਂ ਹੀ ਢਹਿ ਗਈ ਸੀ। ਉਸ ਸਮੇਂ ਦੀ ਇਕ ਬੇਰੀ ਅਜੇ ਵੀ ਮੌਜੂਦ ਹੈ, ਜਿਸ ਨੂੰ ਬੇਰੀ ਸਾਹਿਬ ਕਹਿੰਦੇ ਹਨ। ਦੱਸਿਆ ਜਾਂਦਾ ਹੈ ਕਿ ਇਥੇ ਇਕ ਛੱਪੜੀ ਵੀ ਮੌਜੂਦ ਹੁੰਦੀ ਸੀ, ਜੋ ਅੱਜਕੱਲ੍ਹ ਨਜ਼ਰ ਨਹੀਂ ਆਉਂਦੀ। 1947 ਤੋਂ ਪਹਿਲਾਂ ਲਗਭਗ 8 ਕਮਰੇ ਸੀ। ਇਸ ਗੁਰਦੁਆਰੇ ਦੇ 1955 ਦੇ ਹੜ੍ਹਾਂ ਵਿਚ ਬਰਾਂਡੇ ਤੇ ਕਮਰੇ ਰੁੜੇ ਗਏ ਤੇ 1960 ਦੇ ਕਰੀਬ ਦੁਬਾਰਾ ਕੁਝ ਕਮਰੇ ਬਣਾਏ ਗਏ।



ਅੱਜ ਤੋਂ ਲਗਭਗ ਡੇਢ ਸਾਲ ਪਹਿਲਾਂ ਇਸ ਪੁਰਾਣੀ ਇਮਾਰਤ ਨੂੰ ਢਾਹਿਆ, ਤਾਂ ਇਸ ਵਿਚ ਕਈ ਪੁਰਾਤਨ ਚੀਜ਼ਾਂ ਮਿਲੀਆਂ। ਪੌੜੀਆਂ ਥੱਲਿਓਂ ਇਕ ਗੜਵਾ, ਵੱਡਾ ਜੰਦਰਾ, ਪੰਜ ਤੀਰ ਕਮਾਨ ਇਕ ਸ਼ਸਤਰ, ਸ੍ਰੀ ਸਾਹਿਬ, ਇਕ ਦਾਤਰੀ ਤੇ ਇਕ ਹਲਵਾਡਾ। ਅੱਜਕੱਲ੍ਹ ਇਸ ਗੁਰਦੁਆਰੇ ਦੀ ਇਮਾਰਤ, ਸਾਜ-ਸੱਜਾ ਲਈ ਤਿਆਰ ਹੋ ਰਹੀ ਹੈ। ਵੱਡਾ ਦੀਵਾਨ ਹਾਲ ਬਣ ਰਿਹਾ ਹੈ, ਇਸ ਗੁਰਦੁਆਰੇ ਨੂੰ ਸ. ਅਵਤਾਰ ਸਿੰਘ ਸਾਹ ਨੇ ਗਿਆਰਾ ਕਨਾਲਾਂ ਜ਼ਮੀਨ ਦਿੱਤੀ, ਜਿਹੜੇ ਪਿੰਡ ਗੁੰਨੋਪੁਰ ਦੇ ਵਾਸੀ ਹਨ, ਸ. ਸਵਰਨ ਸਿੰਘ ਪਟਵਾਰੀ ਪਿੰਡ ਗੁੰਨੋਪੁਰ ਨੇ 2 ਕਨਾਲਾਂ ਜ਼ਮੀਨ ਦਿੱਤੀ।

ਸ਼੍ਰੋਮਣੀ ਕਮੇਟੀ ਨੇ ਇਸ ਗੁਰਦੁਆਰੇ ਦੇ ਨਿਰਮਾਣ ਲਈ ਇਕ ਲੱਖ ਇੱਟ ਦਿੱਤੀ। ਇਲਾਕੇ ਦੀਆਂ ਸੰਗਤਾਂ ਦਾ ਬਹੁਤ ਸਹਿਯੋਗ ਹੈ। ਗੁਰੂਘਰ ਨਾਲ ਪ੍ਰੇਮ, ਸਤਿਕਾਰ ਤੇ ਸ਼ਰਧਾ ਰੱਖਦੇ ਹੋਏ ਧਨੋਂ-ਮਨੋਂ-ਧਨੋਂ ਸੇਵਾਵਾਂ ਸਮਰਪਿਤ ਕਰਦੇ ਹਨ। ਇਸ ਗੁਰਦੁਆਰੇ ਦੇ ਪ੍ਰਧਾਨ ਹਨ, ਮਾਸਟਰ ਜੌਹਰ ਸਿੰਘ, ਹੋਰ 17 ਮੈਂਬਰ ਹਨ ਇਲਾਕੇ ਦੇ ਪਿੰਡਾਂ ਦੇ। ਸ਼ਹੀਦੀ ਸਿੰਘਾਂ ਦੀ ਯਾਦ ਨੂੰ ਸਮਰਪਿਤ ਇਸ ਗੁਰਦੁਆਰੇ ਵਿਚ ਵਿਸਾਖੀ ਦਾ ਮੇਲਾ ਧੂਮ-ਧਾਮ ਨਾਲ ਮਨਾਇਆ ਜਾਂਦਾ ਹੈ। ਦਸ-ਗਿਆਰਾਂ ਦਸੰਬਰ ਨੂੰ ਸਾਲਾਨਾ ਜੋੜ ਮੇਲਾ ਲੱਗਦਾ ਹੈ। ਹਜ਼ਾਰਾਂ ਲੱਖਾਂ ਦੀ ਗਿਣਤੀ ਵਿਚ ਹਰ ਸਾਲ ਸੰਗਤਾਂ ਆਉਂਦੀਆਂ ਹਨ। ਜਦ ਜੂਨ 1946 ਦੇ ਸ਼ਹੀਦ ਸਿੰਘਾਂ ਦੀ ਯਾਦ ਵਿਚ ਭਾਰੀ ਕੀਰਤਨ ਦਰਬਾਰ ਤੇ ਲੰਗਰ ਸੇਵਾਵਾਂ ਮੁਹੱਈਆ ਕੀਤੀਆਂ ਜਾਂਦੀਆਂ ਹਨ। ਹਰ ਮੱਸਿਆ 'ਤੇ ਹਜ਼ਾਰਾਂ ਸੰਗਤਾਂ ਸ਼ਰਧਾ ਨਾਲ ਪਹੁੰਚਦੀਆਂ ਹਨ। ਸਾਲ ਵਿਚ ਦੋ ਵਾਰੀ ਮਈ ਦੇ ਮਹੀਨੇ ਰੈਣ ਸਬਾਈ ਕੀਰਤਨ ਦਾ ਖ਼ੂਬਸੂਰਤ ਆਯੋਜਨ ਕੀਤਾ ਜਾਂਦਾ ਹੈ। ਚੌਵੀ ਘੰਟੇ ਲੰਗਰ ਚੱਲਦਾ ਰਹਿੰਦਾ ਹੈ।

ਸ਼ਹੀਦ ਸਿੰਘਾਂ ਦੀ ਯਾਦ ਨੂੰ ਸਮਰਪਿਤ ਇਹ ਘੱਲੂਘਾਰਾ ਗੁਰਦੁਆਰਾ ਚੜ੍ਹਦੇ ਸੂਰਜ ਵਾਂਗ ਉਨ੍ਹਾਂ ਦੀ ਯਾਦ ਨੂੰ ਤਾਜ਼ਾ ਰੱਖੇਗਾ।



# ਲੋਪ ਹੋ ਰਹੀਆਂ ਦੇਸੀ ਖੇਡਾਂ

1980 ਤੋਂ ਲੈ ਕੇ 1990-95 ਕੁ ਤੱਕ ਪੰਜਾਬ ਦੇ ਮੁਹੱਲਿਆਂ ਵਿਚ ਖੇਡੀਆਂ ਜਾਣ ਵਾਲ਼ੀਆਂ ਖੇਡਾਂ ਬਹੁਤ ਪ੍ਰਚਲਿਤ ਸਨ। ਜਿਨ੍ਹਾਂ ਦਾ ਬਚਪਨ ਇਨ੍ਹਾਂ ਸਾਲਾਂ ਵਿਚ ਗੁਜ਼ਰਿਆ ਹੈ, ਉਨ੍ਹਾਂ ਨੇ ਇਹ ਖੇਡਾਂ ਜ਼ਰੂਰ ਖੇਡੀਆਂ ਹੋਣਗੀਆਂ। ਇਹ ਖੇਡਾਂ ਸਾਡੇ ਸੱਭਿਆਚਾਰ ਦਾ ਇੱਕ

**ਅਮਰਬੀਰ ਸਿੰਘ ਚੀਮਾ**
ਸਰਹਿੰਦ, ਜ਼ਿਲ੍ਹਾ ਫ਼ਤਿਹਗੜ੍ਹ ਸਾਹਿਬ
ਮੋਬਾਈਲ ਨੰ: 98889-40211
(Punjab Mail USA)



ਅਨਿੱਖੜਵਾਂ ਅੰਗ ਰਹੀਆਂ ਹਨ। ਫਿਰ ਹੌਲੀ-ਹੌਲੀ ਇਹ ਖੇਡਾਂ ਸਾਡੇ ਅਮੀਰ ਸੱਭਿਆਚਾਰ ਵਿਚੋਂ ਅਲੋਪ ਹੁੰਦੀਆਂ ਗਈਆਂ। ਇਨ੍ਹਾਂ ਦੇਸੀ ਖੇਡਾਂ ਨੂੰ ਖ਼ਤਮ ਕਰਨ ਵਿਚ ਸਭ ਤੋਂ ਪਹਿਲਾ ਯੋਗਦਾਨ ਟੈਲੀਵਿਜ਼ਨ ਦੇ ਹਿੱਸੇ ਆਇਆ। ਫਿਰ ਵੀਡੀਓ ਗੇਮਜ਼ ਦੇ ਆਉਣ ਨਾਲ਼ ਬੱਚੇ ਘਰਾਂ ਦੇ ਅੰਦਰ ਸਿਮਟ ਕੇ ਰਹਿ ਗਏ। ਰਹਿੰਦੀ ਕਸਰ ਮੋਬਾਈਲਾਂ, ਟੈਬਲਟਾਂ ਤੇ ਇੰਟਰਨੈੱਟ ਨੇ ਪੂਰੀ ਕਰ ਦਿੱਤੀ।

ਉਹ ਕਿੰਨਾ ਸੁਹਣਾ ਬਚਪਨ ਸੀ, ਜਦੋਂ ਸਾਰੇ ਮੁਹੱਲੇ ਦੇ ਬੱਚੇ ਇਕੱਠੇ ਹੋ ਕੇ ਗਲੀਆਂ ਦੇ ਵਿਚ ਖੇਡਦੇ ਰਹਿੰਦੇ ਸਨ। ਸਰੀਰਕ ਤੰਦਰੁਸਤੀ ਦੇ ਨਾਲ਼-ਨਾਲ਼ ਇਹ ਖੇਡਾਂ ਆਪਸੀ ਭਾਈਚਾਰੇ ਦਾ ਪ੍ਰਤੀਕ ਵੀ ਮੰਨੀਆਂ ਜਾਂਦੀਆਂ ਸਨ। ਉਹ ਖੇਡਾਂ ਸਾਡੀ ਜ਼ਿੰਦਗੀ ਵਿਚੋਂ ਤਾਂ ਅਲੋਪ ਹੋ ਰਹੀਆਂ ਹਨ ਪਰ ਚੇਤਿਆਂ ਵਿਚੋਂ ਮਨਫ਼ੀ ਨਹੀਂ ਹੋਈਆਂ। ਬਾਰ-ਬਾਰ ਯਾਦ ਆਉਂਦੇ ਹਨ ਉਹ ਦਿਨ, ਜਦੋਂ ਅਸੀਂ ਭੈਣ-ਭਰਾ ਆਪਣੇ ਗੁਆਂਢੀ ਬੱਚਿਆਂ ਨਾਲ਼ ਖੇਡਦੇ ਹੁੰਦਾ ਸਾਂ।

ਛੋਟੇ-ਛੋਟੇ ਹੁੰਦੇ ਅਸੀਂ ਛੂਣ-ਛਲੀਕਾ ਖੇਡਦੇ ਹੁੰਦੇ ਸਾਂ। ਇਹ ਖੇਡ ਸਭ ਤੋਂ ਮੁੱਢਲੀ ਖੇਡ ਅਖਵਾਉਂਦੀ ਹੈ। ਬੱਚੇ ਸਭ ਤੋਂ ਪਹਿਲਾਂ ਇਹੀ ਖੇਡ ਖੇਡਣੀ ਸ਼ੁਰੂ ਕਰਦੇ ਹਨ। ਵਾਰੀ (ਜਿਸ ਨੂੰ ਪਿੱਤੀ ਜਾਂ ਦਾਈ ਵੀ ਕਿਹਾ ਜਾਂਦਾ ਹੈ) ਵਾਲ਼ੇ ਨੇ ਬਾਕੀ ਸਾਰਿਆਂ ਦੇ ਪਿੱਛੇ ਦੌੜ ਕੇ ਉਨ੍ਹਾਂ ਵਿਚੋਂ ਕਿਸੇ ਇੱਕ ਨੂੰ ਫੜਨਾ ਜਾਂ ਛੂਹਣਾ ਹੁੰਦਾ ਹੈ। ਜਿਹੜਾ ਛੂਹਿਆ ਜਾਂਦਾ ਹੈ, ਅਗਲੀ ਵਾਰੀ ਉਸ ਦੀ ਆ ਜਾਂਦੀ ਹੈ। ਲੁੱਕਣ-ਮੀਟੀ ਵੀ ਬੱਚਿਆਂ ਦੀ ਮਨਭਾਉਂਦੀ ਖੇਡ ਹੁੰਦੀ ਸੀ। ਇਸ ਖੇਡ ਨੂੰ ਲੁੱਕਣ-ਮਚਾਈ ਜਾਂ ਥੱਪ੍ਹਾ-ਐਕਸਪ੍ਰੈੱਸ ਵੀ ਕਿਹਾ ਜਾਂਦਾ ਹੈ। ਸਾਰੇ ਗਲੀ-ਗੁਆਂਢ ਦੇ ਬੱਚੇ ਇਹ ਖੇਡ ਹਨੇਰਾ ਹੁੰਦੇ ਤੱਕ ਖੇਡਦੇ ਰਹਿੰਦੇ ਸਨ। ਦਾਈ ਵਾਲ਼ੇ ਬੱਚੇ ਨੇ ਵਾਰੀ-ਵਾਰੀ ਸਾਰੇ ਅਲੱਗ-ਅਲੱਗ ਜਗ੍ਹਾ ਲੁਕੇ ਹੋਏ ਬੱਚਿਆਂ ਨੂੰ ਲੱਭਣਾ ਹੁੰਦਾ ਹੈ। ਜੇ ਸਾਰੇ ਜਣੇ ਲੱਭੇ ਗਏ, ਤਾਂ ਸਭ ਤੋਂ ਪਹਿਲਾਂ ਲੱਭੇ ਜਾਣ ਵਾਲ਼ੇ ਦੀ ਅਗਲੀ ਵਾਰੀ ਆ ਜਾਂਦੀ ਹੈ, ਦਾਈ ਵਾਲ਼ਾ ਸਾਰਿਆਂ ਨੂੰ ਲੱਭ-ਲੱਭ ਕੇ ਫਲਾਂ-ਐਕਸਪ੍ਰੈੱਸ, ਫਲਾਂ-ਐਕਸਪ੍ਰੈੱਸ ਕਹਿੰਦਾ ਰਹਿੰਦਾ ਹੈ। ਜਦੋਂ ਅਚਾਨਕ ਕਿਸੇ ਲੁਕੇ ਹੋਏ ਨੇ ਪਿੱਛੋਂ ਦੀ ਆ ਕੇ ਦਾਈ ਵਾਲ਼ੇ ਨੂੰ ਧੱਫਾ ਮਾਰ ਕੇ ਛੂਹ ਲੈਣ 'ਤੇ 'ਥੱਪ੍ਹਾ' ਕਹਿ ਦੇਣ ਨਾਲ਼ ਵਾਰੀ ਫਿਰ ਦੁਬਾਰਾ ਉਸੇ ਦੀ ਆ ਜਾਂਦੀ ਹੈ।

ਗੀਟੇ ਖੇਡਣ ਦਾ ਰਿਵਾਜ਼ ਵੀ ਸੀ। ਗੀਟੇ ਜ਼ਿਆਦਾਤਰ ਕੁੜੀਆਂ ਖੇਡਦੀਆਂ ਸਨ। ਇਸ ਵਿਚ 5-6 ਛੋਟੇ-ਛੋਟੇ ਗੋਲ਼ ਰੋੜਿਆਂ ਦੀ ਲੋੜ ਹੁੰਦੀ ਹੈ। ਖੇਡਣ ਵਾਲ਼ੀ ਕੁੜੀ ਨੇ ਇੱਕ ਗੀਟਾ ਹਵਾ ਵਿਚ ਉਛਾਲ ਕੇ ਉਸੇ ਹੱਥ ਨਾਲ਼ ਬਾਕੀ ਸਾਰੇ ਗੀਟੇ ਚੁੱਕ ਕੇ ਹਵਾ ਵਿਚ ਉਛਾਲਿਆ ਗੀਟਾ ਵੀ ਥੱਲੇ ਡਿਗਣ ਤੋਂ ਪਹਿਲਾਂ-ਪਹਿਲਾਂ ਉਸੇ ਹੱਥ ਵਿਚ ਬੋਚਣਾ ਹੁੰਦਾ ਹੈ। ਇਸ ਦੌਰਾਨ ਕੋਈ ਵੀ ਗੀਟਾ ਹੱਥੋਂ ਡਿੱਗ ਜਾਣ 'ਤੇ ਅਗਲੀ ਕੁੜੀ ਦੀ ਵਾਰੀ ਆ ਜਾਂਦੀ ਹੈ। ਘਰ ਦੇ ਵਿਹੜੇ ਜਾਂ ਚੌਂਤਰੇ 'ਤੇ ਪੀਚੋ ਖੇਡੀ ਜਾਂਦੀ ਸੀ। ਪੀਚੋ ਵੀ ਗੀਟਿਆਂ ਵਾਂਗ ਜ਼ਿਆਦਾਤਰ ਕੁੜੀਆਂ ਹੀ ਖੇਡਦੀਆਂ ਸਨ। ਇਸ ਵਿਚ ਟੁੱਟੇ ਹੋਏ ਘੜੇ ਦੀਆਂ ਠੀਕਰੀਆਂ ਦੀ ਜ਼ਰੂਰਤ ਹੁੰਦੀ ਹੈ। ਪੀਚੋ ਖੇਡਣ ਤੋਂ ਪਹਿਲਾਂ ਪੀਚੋ ਬਣਾਉਣੀ ਪੈਂਦੀ ਹੈ। ਇਸ ਵਿਚ ਦੋ ਲਾਈਨਾਂ ਵਿਚ ਪੰਜ-ਪੰਜ ਚੌਰਸ ਖ਼ਾਨੇ ਬਣਾ ਲਏ ਜਾਂਦੇ ਹਨ। ਪੀਚੋ ਵਾਲ਼ੀ ਠੀਕਰੀ ਨੂੰ ਵਾਰੀ-ਵਾਰੀ ਪਹਿਲੇ ਤੋਂ ਲੈ ਕੇ ਦਸਵੇਂ ਖ਼ਾਨੇ ਤੱਕ ਇੱਕ ਲੱਤ ਦੇ ਸਹਾਰੇ ਪੈਰ ਨਾਲ਼ ਠੋਹਕਰ ਮਾਰ ਕੇ ਲੈ ਜਾਣਾ ਹੁੰਦਾ ਹੈ। ਪੀਚੋ ਵਾਲ਼ੀ ਠੀਕਰੀ ਜਾਂ ਗੀਟੀ ਦੇ ਕਿਸੇ ਵੀ ਖ਼ਾਨੇ ਦੀ ਲਕੀਰ ਦੇ ਉੱਪਰ ਆ ਜਾਣ 'ਤੇ ਉਸ ਦੀ ਵਾਰੀ ਖ਼ਤਮ ਹੋ ਜਾਂਦੀ ਹੈ।

ਗੁੱਲੀ-ਡੰਡਾ ਨਿਰੋਲ ਮੁੰਡਿਆਂ ਦੀ ਖੇਡ ਹੈ। ਇਸ ਖੇਡ ਦੇ ਨਾਂ ਵਾਂਗ ਇਸ ਨੂੰ ਖੇਡਣ ਲਈ ਇੱਕ ਡੰਡੇ ਤੇ ਇੱਕ ਗੁੱਲੀ ਦੀ ਜ਼ਰੂਰਤ ਹੁੰਦੀ ਹੈ। ਗੁੱਲੀ 4-5 ਇੰਚ ਦਾ ਲੱਕੜ ਦਾ ਟੁਕੜਾ ਹੁੰਦਾ, ਜਿਹੜਾ ਕਿ ਦੋਹਾਂ ਪਾਸਿਆਂ ਤੋਂ ਤਿੱਖਾ ਘੜਿਆ ਹੁੰਦਾ ਹੈ, ਤਾਂ ਕਿ ਗੁੱਲੀ ਨੂੰ ਵਧੀਆ ਟੁੱਲ ਮਾਰਿਆ ਜਾ ਸਕੇ। ਗੁੱਲੀ ਨੂੰ ਇੱਕ ਨਿਰਧਾਰਿਤ ਜਗ੍ਹਾ 'ਤੇ ਰੱਖ ਕੇ ਉਸ ਦੇ ਇੱਕ ਪਾਸੇ ਡੰਡਾ ਮਾਰਿਆ ਜਾਂਦਾ ਹੈ, ਇਸ ਤਰ੍ਹਾਂ ਗੁੱਲੀ ਥੋੜ੍ਹੀ ਉੱਪਰ ਹਵਾ ਵਿਚ ਉੱਛਲਦੀ ਹੈ ਤੇ ਉਸ ਉੱਛਲਦੀ ਗੁੱਲੀ ਨੂੰ ਹਵਾ ਵਿਚੋਂ ਹੀ ਡੰਡੇ ਨਾਲ਼ ਜ਼ੋਰ ਦੀ ਮਾਰਨਾ ਹੁੰਦਾ ਹੈ, ਇਸ ਨੂੰ ਟੁੱਲ ਕਿਹਾ ਜਾਂਦਾ ਹੈ। ਟੁੱਲ ਮਾਰਨ ਤੋਂ ਬਾਅਦ ਖੇਡਣ ਵਾਲ਼ਾ ਡੰਡੇ ਨੂੰ ਹੇਠਾਂ ਰੱਖ ਦਿੰਦਾ ਹੈ ਤੇ ਦੂਜੇ ਪਾਸੇ ਜਿੱਥੇ ਜਾ ਕੇ ਗੁੱਲੀ ਡਿਗਦੀ ਹੈ, ਉੱਥੋਂ ਹੀ ਦੂਜੇ ਖੇਡਣ ਵਾਲ਼ੇ ਨੇ ਗੁੱਲੀ ਨਾਲ਼ ਹੇਠਾਂ ਪਏ ਡੰਡੇ 'ਤੇ ਨਿਸ਼ਾਨਾ ਲਾਉਣਾ ਹੁੰਦਾ ਹੈ। ਨਿਸ਼ਾਨਾ ਡੰਡੇ 'ਤੇ ਲੱਗਣ ਦੀ ਸੂਰਤ ਵਿਚ ਉਸ ਦੀ ਵਾਰੀ ਮੁੱਕ ਜਾਂਦੀ ਹੈ ਤੇ ਜੇ ਨਿਸ਼ਾਨਾ ਡੰਡੇ 'ਤੇ ਨਾ ਲੱਗੇ, ਤਾਂ ਓਨੀ ਦੇਰ ਉਹੀ ਖੇਡਣ ਵਾਲ਼ਾ ਵਾਰ-ਵਾਰ ਟੁੱਲ ਮਾਰਦਾ ਰਹਿੰਦਾ ਹੈ। ਇਸ ਵਿਚ ਖੇਡਣ ਵਾਲ਼ਿਆਂ ਦੀ ਕੋਈ ਨਿਰਧਾਰਿਤ ਗਿਣਤੀ ਨਹੀਂ ਹੁੰਦੀ। ਗੁੱਲੀ-ਡੰਡਾ ਖੇਡਣ ਪਿੱਛੇ ਸਾਨੂੰ ਘਰੋਂ ਮਾਪਿਆਂ ਦੇ ਡੰਡੇ ਦਾ ਡਰ ਵੀ ਰਹਿੰਦਾ ਸੀ ਕਿਉਂਕਿ ਗੁੱਲੀ ਦੋਹਾਂ ਪਾਸਿਆਂ ਤੋਂ ਤਿੱਖੀ ਹੁੰਦੀ ਹੈ, ਇਸ ਲਈ ਇਸ ਦਾ ਅੱਖ-ਮੂੰਹ 'ਤੇ ਲੱਗਣ ਦਾ ਵੀ ਡਰ ਰਹਿੰਦਾ ਹੈ।

ਪਿੱਠੂ-ਗਰਮ ਖੇਡਣ ਲਈ ਅਸੀਂ ਸਕੂਲੋਂ ਆਉਂਦੇ-ਆਉਂਦੇ ਸਲਾਹ ਕਰ ਲੈਂਦੇ ਤੇ ਬੈਗ-ਬਸਤੇ ਘਰ ਰੱਖ ਕੇ ਖੇਡਣ ਲਈ ਭੱਜ ਜਾਂਦੇ। ਉਹ ਟਿਊਸ਼ਨਾਂ ਦਾ ਜ਼ਮਾਨਾ ਨਹੀਂ ਸੀ ਕਿ ਸਕੂਲੋਂ ਆ ਕੇ ਟਿਊਸ਼ਨ ਪੜ੍ਹਨ ਜਾਂਦੇ, ਜਿਵੇਂ ਅੱਜ ਦੇ ਬੱਚੇ ਜਾਂਦੇ ਹਨ। ਇਹ ਖੇਡ ਦੋ ਟੀਮਾਂ ਵਿਚਾਲੇ ਹੁੰਦੀ ਹੈ ਤੇ ਬਿਲਕੁਲ ਆਪਣੇ ਨਾਂ ਦੇ ਵਾਂਗ ਹੀ ਹੈ। ਇਸ ਨੂੰ ਖੇਡਣ ਲਈ ਰਬੜ ਦੀ ਇੱਕ ਗੇਂਦ ਤੇ 5-6 ਇੱਟਾਂ ਦੇ ਛੋਟੇ-ਛੋਟੇ ਰੋੜੇ ਜਾਂ ਠੀਕਰੀਆਂ ਦੀ ਜ਼ਰੂਰਤ ਹੁੰਦੀ ਹੈ। ਇਨ੍ਹਾਂ ਰੋੜਿਆਂ ਨੂੰ ਇੱਕ-ਦੂਜੇ ਦੇ ਉੱਪਰ ਟਿਕਾ ਕੇ ਰੱਖ ਲਿਆ ਜਾਂਦਾ ਹੈ। ਪਿੱਤੀ ਵਾਲ਼ਾ ਮੁੰਡਾ ਮਿੱਥੀ ਦੂਰੀ ਤੋਂ ਗੇਂਦ ਨਾਲ਼ ਉਨ੍ਹਾਂ ਰੋੜਿਆਂ 'ਤੇ ਨਿਸ਼ਾਨਾ ਲਾਉਂਦਾ ਹੈ ਤੇ ਬਾਕੀ ਜਣੇ ਰੋੜਿਆਂ ਵਾਲ਼ੇ ਪਾਸੇ ਗੇਂਦ ਨੂੰ ਬੋਚਣ ਲਈ ਖੜ੍ਹ ਜਾਂਦੇ ਹਨ। ਨਿਸ਼ਾਨਾ ਖੁੰਝ ਜਾਣ 'ਤੇ ਅਤੇ ਸਾਹਮਣੇ ਤੋਂ ਗੇਂਦ ਬੋਚੀ ਜਾਣ 'ਤੇ ਉਸ ਦੀ ਪਿੱਤੀ ਮੁੱਕ ਜਾਂਦੀ ਹੈ।

ਪਰ ਨਿਸ਼ਾਨਾ ਲੱਗਣ 'ਤੇ ਜਦੋਂ ਰੋੜੇ ਗਿਰ ਜਾਂਦੇ ਹਨ, ਤਾਂ ਦੂਜੀ ਟੀਮ ਵਾਲ਼ਿਆਂ ਨੇ ਫਟਾਫਟ ਰੋੜੇ ਦੁਬਾਰਾ ਲਾਉਣੇ ਹੁੰਦੇ ਹਨ ਤੇ ਪਿੱਤੀ ਵਾਲ਼ਿਆਂ ਨੇ ਉਨ੍ਹਾਂ ਦੇ ਗੇਂਦ ਮਾਰ-ਮਾਰ ਕੇ ਉਨ੍ਹਾਂ ਨੂੰ ਰੋੜੇ ਲਾਉਣ ਤੋਂ ਰੋਕਣਾ ਹੁੰਦਾ ਹੈ। ਗੇਂਦ ਪਿੱਠ 'ਤੇ ਵੱਜਣ ਕਰ ਕੇ ਕਈ ਵਾਰੀ ਪਿੱਠ ਸੇਕੀ ਜਾਂਦੀ, ਇਸ ਲਈ ਇਸ ਖੇਡ ਨੂੰ ਪਿੱਠੂ-ਗਰਮ ਕਿਹਾ ਜਾਂਦਾ ਹੈ। ਬਾਂਦਰ-ਕਿੱਲਾ ਖੇਡਣ ਲਈ ਅਸੀਂ ਘਰੋਂ ਟੁੱਟੀਆਂ-ਪੁਰਾਣੀਆਂ ਜੁੱਤੀਆਂ ਵੀ ਚੁੱਕ ਕੇ ਲੈ ਜਾਂਦੇ। ਇਹ ਖੇਡ ਵੀ ਪਿੱਠੂ-ਗਰਮ ਵਰਗੀ ਹੀ ਹੈ, ਵੱਖਰੀ ਗੱਲ ਇਹ ਹੈ ਕਿ ਇਸ ਵਿਚ ਗੇਂਦ ਦੀ ਥਾਂ ਅਸੀਂ ਹੱਸਦੇ-ਹੱਸਦੇ ਜੁੱਤੀਆਂ ਵੀ ਖਾ ਲੈਂਦੇ। ਇਨ੍ਹਾਂ ਦੋਹਾਂ ਖੇਡਾਂ ਵਿਚ ਭੱਜ-ਨੱਠ ਬਹੁਤ ਹੁੰਦੀ। ਇਸ ਖੇਡ ਵਿਚ ਇੱਕ ਲੱਕੜ ਜਾਂ ਲੋਹੇ ਦਾ ਕਿੱਲਾ ਵਿਚਕਾਰ ਧਰਤੀ ਵਿਚ ਗੱਡ ਲਿਆ ਜਾਂਦਾ ਹੈ ਤੇ ਉਸ ਨਾਲ਼ 3-4 ਫੁੱਟ ਦੀ ਇੱਕ ਰੱਸੀ ਬੰਨ੍ਹ ਲਈ ਜਾਂਦੀ ਹੈ, ਜਿਸ ਨੂੰ ਬਾਂਦਰ-ਕਿੱਲਾ ਕਿਹਾ ਜਾਂਦਾ ਹੈ। ਉਸ ਕਿੱਲੇ ਦੇ ਆਲ਼ੇ-ਦੁਆਲ਼ੇ ਗੋਲ਼-ਚੱਕਰ ਬਣਾ ਕੇ ਸਾਰੇ ਜਣੇ ਆਪਣੀਆਂ ਜੁੱਤੀਆਂ ਤੇ ਚੱਪਲਾਂ ਉਸ ਵਿਚ ਰੱਖ ਦਿੰਦੇ ਹਨ। ਦਾਈ ਜਾਂ ਪਿੱਤੀ ਵਾਲ਼ਾ ਕਿੱਲੇ ਨਾਲ਼ ਬੰਨ੍ਹੀ ਰੱਸੀ ਨੂੰ ਆਪਣੇ ਹੱਥ ਵਿਚ ਫੜ ਕੇ ਚੱਕਰ ਦੇ ਵਿਚ ਘੁੰਮਦਾ ਰਹਿੰਦਾ ਹੈ। ਬਾਕੀ ਸਾਰਿਆਂ ਨੇ ਚੱਕਰ ਵਿਚੋਂ ਜੁੱਤੀਆਂ ਚੁੱਕਣੀਆਂ ਹੁੰਦੀਆਂ ਹਨ ਤੇ ਪਿੱਤੀ ਵਾਲ਼ੇ ਨੇ ਉਨ੍ਹਾਂ ਨੂੰ ਰੋਕਣਾ ਹੁੰਦਾ ਹੈ। ਜੁੱਤੀਆਂ ਚੁੱਕਣ ਦੌਰਾਨ ਪਿੱਤੀ ਵਾਲ਼ੇ ਵੱਲੋਂ ਕਿਸੇ ਨੂੰ ਛੂਹ ਲੈਣ 'ਤੇ ਉਸ ਦੀ ਪਿੱਤੀ ਆ ਜਾਂਦੀ ਹੈ, ਜਦਕਿ ਸਾਰੀਆਂ ਜੁੱਤੀਆਂ ਚੁੱਕਣੀਆਂ ਜਾਣ 'ਤੇ ਪਿੱਤੀ ਵਾਲ਼ਾ ਰੱਸੀ ਛੱਡ ਕੇ ਭੱਜ ਲੈਂਦਾ ਹੈ ਤੇ ਬਾਕੀ ਸਾਰੇ ਜਣੇ ਉਸ ਦੇ ਜੁੱਤੀਆਂ ਮਾਰਦੇ ਰਹਿੰਦੇ ਹਨ। ਅੰਤ ਵਿਚ ਜਦੋਂ ਜੁੱਤੀਆਂ ਪੈਂਦੀਆਂ ਹਨ, ਤਾਂ ਇਹ ਖੇਡ ਬਹੁਤ ਰੌਚਕ ਹੋ ਜਾਂਦੀ ਹੈ ਤੇ ਉਹ ਸਮੇਂ ਬੱਚੇ ਬਹੁਤ ਰੌਲਾ ਪਾਉਂਦੇ ਹਨ। ਪਰ ਕਈ ਬਾਰ ਕਿਸੇ ਦੇ ਜੁੱਤੀ ਜ਼ੋਰ ਦੀ ਵੱਜਣ ਕਰ ਕੇ ਬੱਚੇ ਆਪਸ ਵਿਚ ਲੜ ਵੀ ਪੈਂਦੇ ਸਨ।

ਛੁੱਟੀ ਵਾਲ਼ੇ ਦਿਨ ਅਸੀਂ ਬਹੁਤਾ ਸਮਾਂ ਬੰਟੇ ਖੇਡਦੇ। ਕੱਚ ਦੀਆਂ ਰੰਗ-ਬਰੰਗੀਆਂ ਗੋਲੀਆਂ ਨੂੰ ਬੰਟੇ ਕਿਹਾ ਜਾਂਦਾ ਹੈ। ਬੱਚੇ ਅੱਜ ਵੀ ਬੰਟੇ ਖੇਡਦੇ ਦੇਖੇ ਜਾਂਦੇ ਹਨ। ਇਹ ਫਰਵਰੀ ਜਾਂ ਮਾਰਚ ਮਹੀਨੇ ਜ਼ਿਆਦਾ ਖੇਡੇ ਜਾਂਦੇ ਹਨ। ਰੰਗ-ਬਿਰੰਗੇ, ਨਵੇਂ-ਪੁਰਾਣੇ ਬੰਟੇ ਕਈ ਤਰੀਕਿਆਂ ਨਾਲ਼ ਖੇਡੇ ਜਾਂਦੇ ਹਨ, ਜਿਵੇਂ ਕਿ ਚੁੰਡ, ਪਿਲ-ਟਕਾ, ਰਾਜਾ-ਰਾਣੀ, ਚੱਕਰੀ ਆਦਿ। ਚੁੰਡ ਖੇਡਣ ਵਾਲ਼ੇ ਸਾਰੇ ਬੱਚੇ ਬਰਾਬਰ-ਬਰਾਬਰ ਬੰਟੇ ਇਕੱਠੇ ਕਰ ਕੇ ਪਿੱਤੀ ਵਾਲ਼ੇ ਨੂੰ ਫੜਾ ਦਿੰਦੇ ਹਨ। ਉਹ ਮਿੱਥੀ ਦੂਰੀ 'ਤੇ ਖੜ੍ਹ ਕੇ ਸਾਰੇ ਬੰਟੇ ਘੁੱਤੀ ਵੱਲ ਸੁੱਟਦਾ ਹੈ ਤੇ ਬਾਕੀ ਜਣੇ ਉਸ ਨੂੰ ਕਿਸੇ ਇੱਕ ਬੰਟੇ 'ਤੇ ਨਿਸ਼ਾਨਾ ਲਾਉਣ ਲਈ ਆਖਦੇ ਹਨ। ਨਿਸ਼ਾਨਾ ਸਹੀ ਬੰਟੇ ਉੱਤੇ ਲੱਗਣ 'ਤੇ ਸਾਰੇ ਬੰਟੇ ਉਸ ਦੇ ਹੋ ਜਾਂਦੇ ਹਨ ਤੇ ਅਗਲੀ ਵਾਰੀ ਸ਼ੁਰੂ ਹੋ ਜਾਂਦੀ ਹੈ। ਜੇ ਨਿਸ਼ਾਨਾ ਗ਼ਲਤੀ ਨਾਲ਼ ਕਿਸੇ ਹੋਰ ਬੰਟੇ ਨੂੰ ਲੱਗ ਜਾਵੇ, ਤਾਂ ਉਸ ਨੂੰ ਇੱਕ ਬੰਟੇ ਦਾ ਜੁਰਮਾਨਾ ਭਰਨਾ ਪੈਂਦਾ ਹੈ, ਜਿਸ ਨੂੰ ਰਲੂਆ ਕਿਹਾ ਜਾਂਦਾ ਹੈ। ਪਿਲ-ਟਕਾ ਬੈਠ ਕੇ ਖੇਡੀ ਜਾਂਦੀ ਹੈ। ਇੱਕ ਜਣੇ ਨੇ ਦੂਜੇ ਦੇ ਬੰਟੇ 'ਤੇ ਨਿਸ਼ਾਨਾ (ਟਕਾ) ਲਾ ਕੇ ਆਪਣੇ ਬੰਟੇ ਨੂੰ ਪਿੱਲ (ਘੁੱਤੀ) ਵਿਚ ਵੀ ਪਾਉਣਾ ਹੁੰਦਾ ਹੈ। ਇਸ ਲਈ ਇਸ ਨੂੰ ਪਿਲ-ਟਲਾ ਕਿਹਾ ਜਾਂਦਾ ਹੈ। ਚੱਕਰੀ ਵਿਚ ਸਾਰੇ ਬੰਟੇ ਇੱਕ ਵੱਡੇ ਗੋਲ-ਚੱਕਰ ਵਿਚ ਰੱਖ ਲਏ ਜਾਂਦੇ ਹਨ। ਬੱਚਿਆਂ ਨੇ ਆਪਣੇ ਬੰਟੇ ਨਾਲ਼ ਗੋਲ-ਚੱਕਰ ਵਿਚ ਪਏ ਬੰਟਿਆਂ ਨੂੰ ਟਕਾ ਲਾ ਕੇ ਗੋਲ-ਚੱਕਰ ਵਿਚੋਂ ਬਾਹਰ ਕੱਢਣਾ ਹੁੰਦਾ ਹੈ। ਇਸ ਦੌਰਾਨ ਜੇ ਉਸ ਦਾ ਆਪਣਾ ਬੰਟਾ ਗੋਲ-ਚੱਕਰ ਦੇ ਵਿਚ ਰਹਿ ਜਾਵੇ, ਤਾਂ ਉਸ ਨੂੰ ਰਲੂਆ ਲੱਗ ਜਾਂਦਾ ਹੈ। ਰਾਜਾ-ਰਾਣੀ ਵਿਚ ਇੱਕ ਬੰਟਾ ਘੁੱਤੀ ਵਿਚ ਤੇ ਬਾਕੀ ਬੰਟੇ ਉਸ ਦੇ ਆਲ਼ੇ-ਦੁਆਲ਼ੇ ਰੱਖ ਲਏ ਜਾਂਦੇ ਹਨ। ਘੁੱਤੀ ਵਿਚ ਪਏ ਬੰਟੇ ਨੂੰ ਰਾਣੀ ਕਿਹਾ ਜਾਂਦਾ ਹੈ। ਇਸ ਵਿਚ ਵੀ ਚੁੰਡ ਵਾਂਗ ਹੀ ਪਿੱਤੀ ਵਾਲ਼ੇ ਨੇ ਮਿੱਥੀ ਦੂਰੀ ਤੋਂ ਨਿਸ਼ਾਨਾ ਲਾਉਣਾ ਹੁੰਦਾ ਹੈ, ਪਰ ਇਸ ਵਿਚ ਫ਼ਰਕ ਇਹ ਹੈ ਕਿ ਇੱਥੇ ਨਿਸ਼ਾਨਾ ਉਸ ਨੇ ਆਪਣੀ ਮਰਜ਼ੀ ਦੇ ਬੰਟੇ ਨੂੰ ਲਾਉਣਾ ਹੁੰਦਾ ਹੈ। ਜੇਕਰ ਉਸ ਦਾ ਨਿਸ਼ਾਨਾ ਘੁੱਤੀ ਵਿਚ ਪਏ ਬੰਟੇ ਨੂੰ ਲੱਗਣ 'ਤੇ ਉਹ ਬੰਟਾ ਘੁੱਤੀ ਵਿਚੋਂ ਬਾਹਰ ਆ ਜਾਵੇ, ਤਾਂ ਫਿਰ ਸਾਰੇ ਬੰਟੇ ਉਸ ਦੇ ਹੋ ਜਾਂਦੇ ਹਨ ਅਤੇ ਜੇ ਆਲ਼ੇ-ਦੁਆਲ਼ੇ ਪਏ ਕਿਸੇ ਬੰਟੇ 'ਤੇ ਲੱਗ ਜਾਵੇ, ਤਾਂ ਕੇਵਲ ਉਹ ਬੰਟਾ ਹੀ ਉਸ ਨੂੰ ਮਿਲਦਾ ਹੈ।

ਕੋਟਲਾ-ਛਪਾਕੀ ਮੁੰਡੇ-ਕੁੜੀਆਂ ਰਲ਼ ਕੇ ਖੇਡਦੇ ਹਨ। ਇਹ ਖੇਡ ਹੁਣ ਵੀ ਖੇਡੀ ਜਾਂਦੀ ਹੈ। ਪਿੰਡਾਂ ਵਿਚ ਅਜੇ ਵੀ ਇਸ ਦਾ ਰੁਝਾਨ ਹੈ ਪਰ ਪਹਿਲਾਂ ਵਾਂਗੂੰ ਨਹੀਂ ਕਿ ਹਰ ਰੋਜ਼ ਬੱਚੇ ਇਹ ਖ਼ੁਸ਼ੀਆਂ ਮਾਣਨ।

ਇਹ ਖੇਡ ਕਾਫ਼ੀ ਜ਼ਿਆਦਾ ਬੱਚੇ ਖੇਡਦੇ ਹਨ ਤੇ ਇਹ ਜ਼ਿਆਦਾਤਰ ਸਕੂਲਾਂ ਵਿਚ ਖੇਡੀ ਜਾਂਦੀ ਹੈ। ਪਿੱਤੀ ਵਾਲ਼ੇ ਬੱਚੇ ਤੋਂ ਬਿਨਾਂ ਬਾਕੀ ਸਾਰੇ ਇੱਕ ਵੱਡਾ ਗੋਲ ਧਾਰਾ ਬਣਾ ਲੈਂਦੇ ਹਨ। ਪਿੱਤੀ ਵਾਲ਼ੇ ਬੱਚਾ ਹੱਥ ਵਿਚ ਇੱਕ ਵਟੇਦਾਰ ਕੱਪੜਾ ਫੜ ਕੇ ਗੋਲ ਧਾਰੇ ਦੇ ਆਲ਼ੇ-ਦੁਆਲ਼ੇ ਚੱਕਰ ਲਾਉਂਦਿਆਂ ਇਹ ਗਾਣਾ ਗਾਉਣਾ ਹੁੰਦਾ ਹੈ:-

"ਕੋਟਲਾ-ਛਪਾਕੀ ਜੁੰਮੇ ਰਾਤ ਆਈ ਏ, ਜਿਹੜਾ ਅੱਗੇ ਪਿੱਛੇ ਦੇਖੇ ਓਹਦੀ ਸ਼ਾਮਤ ਆਈ ਏ।"

ਗਾਣਾ ਗਾਉਂਦੇ-ਗਾਉਂਦੇ ਉਸ ਨੇ ਆਪਣੇ ਹੱਥ ਵਾਲ਼ਾ ਕੱਪੜਾ ਕਿਸੇ ਇੱਕ ਬੱਚੇ ਦੇ ਪਿੱਛੇ ਰੱਖ ਦੇਣਾ ਹੁੰਦਾ ਹੈ। ਅਗਲੇ ਗੇੜੇ ਉਹ ਕੱਪੜਾ ਚੁੱਕ ਕੇ ਉਸ ਦੀ ਪਿੱਠ 'ਤੇ ਮਾਰ-ਮਾਰ ਕੇ ਪਿੱਠ ਸੇਕ ਦਿੰਦਾ ਅਤੇ ਜੇ ਉਸ ਨੂੰ ਕੱਪੜਾ ਰੱਖਣ ਸਮੇਂ ਹੀ ਪਤਾ ਲੱਗ ਜਾਂਦਾ, ਤਾਂ ਉਹ ਉਦੋਂ ਹੀ ਕੱਪੜਾ ਚੁੱਕ ਕੇ ਪਿੱਤੀ ਵਾਲ਼ੇ ਦੇ ਪਿੱਛੇ ਭੱਜਦਾ ਜਾਂਦਾ ਹੈ ਤੇ ਪਿੱਤੀ ਵਾਲ਼ਾ ਉਸ ਦੀ ਖ਼ਾਲੀ ਹੋਈ ਜਗ੍ਹਾ 'ਤੇ ਬੈਠ ਜਾਂਦਾ ਹੈ ਤੇ ਫਿਰ ਉਸ ਦੀ ਪਿੱਤੀ ਆ ਜਾਂਦੀ ਹੈ।


ਅਜੋਕੇ ਸਮੇਂ ਵੱਡਿਆਂ ਦੀ ਦੇਖਾ-ਦੇਖੀ ਬੱਚਿਆਂ ਦੇ ਮਨਾਂ ਵਿਚੋਂ ਵੀ ਮਿਲਵਰਤਨ ਦੀ ਭਾਵਨਾ ਘੱਟ ਰਹੀ ਹੈ। ਰਲ਼ ਕੇ ਖੇਡਣ ਲਈ ਨਾ ਪਹਿਲਾਂ ਵਾਂਗੂੰ ਚਾਅ ਹੈ, ਨਾ ਸਮਾਂ। ਔਖੇ ਅਤੇ ਬਹੁਤੇ ਸਿਲੇਬਸ ਕਾਰਨ ਬੱਚਿਆਂ ਦਾ ਬਚਪਨ ਕੋਹਲੂ ਦੇ ਬੈਲ ਵਰਗਾ ਹੋ ਗਿਆ ਹੈ। ਬੱਚੇ ਘਰੋਂ ਸਕੂਲ, ਸਕੂਲੋਂ ਘਰ ਤੇ ਮੁੜ ਟਿਊਸ਼ਨ ਪੜ੍ਹਨ ਲਈ ਜਾਂਦੇ ਹਨ। ਬੱਚਿਆਂ ਦੀਆਂ ਮਾਨਸਿਕ ਅਤੇ ਸਰੀਰਕ ਪੱਖੋਂ ਵੱਧਣ-ਫੁੱਲਣ ਵਾਲ਼ੀਆਂ ਘੜੀਆਂ ਅੱਜ ਦੀ ਅੱਗੇ ਵਧਣ ਤੇ ਮੁਕਾਬਲੇ ਦੀ ਦੌੜ ਨੇ ਖੋਹ ਲਈਆਂ ਹਨ।












# ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ

## 13 ਮਈ ਗੁਰਤਾਗੱਦੀ 'ਤੇ ਵਿਸ਼ੇਸ਼ ਲੇਖ

ਸੁਖਵਿੰਦਰ ਸਿੰਘ ਮੁੱਲਾਂਪੁਰ
ਮੋ: ਵਟਸਐਪ : 99141-84794
(Punjab Mail USA)





ਸੰਮਤ 1651 ਮੁਤਾਬਿਕ 1594 ਈ: ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਅੰਮ੍ਰਿਤਸਰ ਛੱਡ ਕੇ ਇੱਥੋਂ 6 ਕਿਲੋਮੀਟਰ ਦੂਰ ਪਿੰਡ ਵਡਾਲੀ ਵਿਖੇ ਜਾ ਬਿਰਾਜੇ ਸਨ। ਇੱਥੇ ਵਡਾਲੀ ਵਿਚ ਰਹਿੰਦਿਆਂ ਹੀ ਬ੍ਰਹਮ ਗਿਆਨੀ ਬਾਬਾ ਬੁੱਢਾ ਜੀ ਦਾ ਵਾਕ ਪੂਰਾ ਹੋਇਆ ਸੀ। ਸ੍ਰੀ ਗੁਰੂ ਅਰਜਨ ਦੇਵ ਜੀ ਦੇ ਘਰ ਤੇ ਮਾਤਾ ਗੰਗਾ ਜੀ ਦੀ ਕੁਖੋਂ ਸੰਮਤ 1652 ਸੰਨ 1595 ਈ: ਨੂੰ (ਗੁਰੂ) ਸ੍ਰੀ ਹਰਗੋਬਿੰਦ ਸਾਹਿਬ ਜੀ ਦਾ ਜਨਮ ਹੋਇਆ। ਸਾਰੇ ਸਿੱਖ ਜਗਤ ਵਿਚ ਅਥਾਹ ਖੁਸ਼ੀ ਹੋਈ। ਪੰਚਮ ਪਾਤਿਸ਼ਾਹ ਜੀ ਨੇ ਮਾਲਕ ਦਾ ਸ਼ੁਕਰਾਨਾ ਕਰਦਿਆਂ ਇਹ ਸ਼ਬਦ ਉਚਾਰਨ ਕੀਤਾ :

ਸਤਿਗੁਰ ਸਾਚੈ ਦੀਆਂ ਭੇਜਿ॥
ਚਿਰ ਜੀਵਨੁ ਉਪਜਿਆ ਸੰਜੋਗਿ॥
ਉਦਰੈ ਮਾਹਿ ਆਇ ਕੀਆ ਨਿਵਾਸੁ॥
ਮਾਤਾ ਕੇ ਮਨਿ ਬਹੁਤ ਬਿਗਾਸੁ ੧
ਜੰਮਿਆ ਪੂਤੁ ਭਗਤ ਗੋਵਿੰਦ ਕਾ॥
ਪ੍ਰਗਟਿਆ ਸਭ ਮਹਿ ਲਿਖਿਆ ਧੁਰ ਕਾ
(ਆਸਾ ਮਹੱਲਾ ੫ ਸ੍ਰੀ ਗੁਰੂ ਗੰਥ ਸਾਹਿਬ
(ਅੰਗ: ੩੯੬)

ਜਦ ਹਰਗੋਬਿੰਦ ਸਾਹਿਬ 2 ਸਾਲ ਦੇ ਹੋਏ ਤਾਂ ਪੰਚਮ ਪਾਤਿਸ਼ਾਹ ਵਡਾਲੀ ਛਡ ਕੇ ਅੰਮ੍ਰਿਤਸਰ ਰਹਿਣ ਲੱਗ ਪਏ।

**ਬਚਪਨ ਤੇ ਵਿਦਿਆ:** ਜਦ ਹਰਗੋਬਿੰਦ ਸਾਹਿਬ ਜੀ ਵਿਦਿਆ ਪ੍ਰਾਪਤੀ ਲਈ ਯੋਗ ਅਵਸਥਾ ਵਿਚ ਪਹੁੰਚੇ, ਤਾਂ ਵਿਦਿਆ ਦੇਣ ਦਾ ਕਾਰਜ ਬਾਬਾ ਬੁੱਢਾ ਜੀ ਨੂੰ ਸੌਂਪ ਦਿੱਤਾ ਗਿਆ। ਥੋੜੇ ਦਿਨਾਂ ਵਿਚ ਹੀ ਉਨ੍ਹਾਂ ਅੱਖਰ ਸਿੱਖ ਲਏ ਤੇ ਗੁਰਬਾਣੀ ਪੜ੍ਹਨ ਲੱਗ ਪਏ। ਉਸ ਪਿੱਛੋਂ ਉਨ੍ਹਾਂ ਨੂੰ ਸ਼ਸਤਰ ਚਲਾਉਣੇ, ਘੋੜ ਸਵਾਰੀ ਕਰਨੀ, ਹਿਕਮਤ ਤੇ ਰਸਾਇਣਕ ਵਿਦਿਆ ਆਦਿ ਸਿਖਾਈਆਂ ਗਈਆਂ।

**ਵਿਆਹ:** ਗੁਰੂ ਹਰਗੋਬਿੰਦ ਸਾਹਿਬ ਜੀ ਦੇ ਤਿੰਨ ਵਿਆਹ ਹੋਏ। (1) ਮਾਘ ਸੁਦੀ 7 ਸੰਮਤ 1661 ਸੰਨ 1604 ਈ: ਨੂੰ ਪਿੰਡ ਡੱਲੇ ਦੇ ਰਹਿਣ ਵਾਲੇ ਬਾਬਾ ਨਰਾਇਣ ਦਾਸ ਦੀ ਸਪੁੱਤਰੀ ਦਮੋਦਰੀ ਜੀ ਨਾਲ ਹੋਇਆ। (2) ਸੰਮਤ 1670 ਸੰਨ 1613 ਈ: ਨੂੰ ਬਾਬਾ ਹਰੀ ਚੰਦ ਜੀ ਬਾਬਾ ਬਕਾਲਾ ਨਿਵਾਸੀ ਦੀ ਸਪੁੱਤਰੀ ਬੀਬੀ ਨਾਨਕੀ ਨਾਲ ਹੋਇਆ। (3) ਸੰਮਤ 1672 ਸੰਨ 1615 ਈ: ਨੂੰ ਪਿੰਡ ਮੰਡਿਆਲੀ ਦੇ ਰਹਿਣ ਵਾਲੇ ਬਾਬਾ ਦਯਾ ਰਾਮ ਮਰਵਾਹੇ ਖੱਤਰੀ ਦੀ ਸਪੁੱਤਰੀ ਮਹਾਂਦੇਵੀ ਨਾਲ ਹੋਇਆ।

**ਗੁਰਆਈ ਮਿਲਣਾ** : ਸ੍ਰੀ ਗੁਰੂ ਰਾਮਦਾਸ ਜੀ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦੇ ਸਮੇਂ ਸ੍ਰੀ ਅੰਮ੍ਰਿਤਸਰ ਸਰੋਵਰ ਦੀ ਕਾਰ ਸੇਵਾ ਵਾਲੀ ਮਿੱਟੀ ਕੱਢਦਿਆਂ ਸ੍ਰੀ ਹਰਿਮੰਦਰ ਸਾਹਿਬ ਦੇ ਪੱਛਮ ਵੱਲ ਮਿੱਟੀ ਦਾ ਇਕ ਕੱਚਾ ਥੜਾ ਬਣ ਗਿਆ ਸੀ। ਗੁਰੂ ਅਰਜਨ ਦੇਵ ਜੀ ਨੇ ਸਰੋਵਰ ਨੂੰ ਪੱਕਾ ਕਰਨ ਅਤੇ ਹਰਿਮੰਦਰ ਸਾਹਿਬ ਦੀ ਉਸਾਰੀ ਸਮੇਂ ਆਪਣੇ ਆਰਾਮ ਲਈ ਇੱਥੇ ਇਕ ਕੋਠੜੀ ਬਣਵਾਈ ਸੀ, ਜਿਸ ਨੂੰ ਅੱਜਕੱਲ੍ਹ ਕੋਠਾ ਸਾਹਿਬ ਕਹਿੰਦੇ ਹਨ।

ਸੰਮਤ 1661 ਸਾਲ 1604 ਈ: ਵਿਚ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ, ਤਾਂ ਗੁਰੂ ਸਾਹਿਬ ਜੀ ਦੇ ਕਹਿਣ 'ਤੇ ਬਾਬਾ ਬੁੱਢਾ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੁਖ-ਆਸਣ ਕੋਠਾ ਸਾਹਿਬ ਵਿਖੇ ਕੀਤਾ। ਉਸ ਦਿਨ ਤੋਂ ਪੰਜਵੇਂ ਪਾਤਿਸ਼ਾਹ ਸੁਖ-ਆਸਣ ਵਾਲੇ ਪਲੰਘ ਸਾਹਿਬ ਦੇ ਥੱਲੇ ਦਰੀ ਉੱਤੇ ਚਾਦਰ ਵਿਛਾ ਕੇ ਰਾਤ ਨੂੰ ਬਿਰਾਜਦੇ ਰਹੇ। ਇਹ ਮਰਿਆਦਾ ਅੱਜ ਵੀ ਚੱਲੀ ਆ ਰਹੀ ਹੈ।

ਭਾਈ ਸੰਤੋਖ ਸਿੰਘ ਅਨੁਸਾਰ ਜਿਸ ਵੇਲੇ ਗੁਰੂ ਅਰਜਨ ਦੇਵ ਜੀ ਨੂੰ ਬਾਦਸ਼ਾਹ ਦੇ ਭੇਜੇ ਹੋਏ ਅਹਿਦੀਆਂ ਨੇ ਬੁਲਾਵੇ ਦਾ ਹੁਕਮ ਸੁਣਾਇਆ, ਤਾਂ ਸ੍ਰੀ ਗੁਰੂ ਅਰਜਨ ਦੇਵ ਮਹਾਰਾਜ ਜੀ ਨੇ ਲਾਹੌਰ ਜਾਣ ਤੋਂ ਪਹਿਲਾਂ ਬਾਬਾ ਬੁੱਢਾ ਜੀ ਨਾਲ ਸਲਾਹ ਕਰਕੇ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨੂੰ ਨਾਲ ਲੈ ਕੇ ਜੇਠ ਵਦੀ 8 ਸੰਮਤ 1663 ਸੰਨ 1606 ਈ: ਵਿਚ ਕੋਠਾ ਸਾਹਿਬ ਵਾਲੇ ਕਮਰੇ ਵਿਚ ਆ ਗਏ। ਉਥੇ ਹੀ ਭਾਈ ਗੁਰਦਾਸ ਜੀ ਨੂੰ ਬੁਲਾ ਲਿਆ।

ਪੰਚਮ ਪਾਤਿਸ਼ਾਹ ਨੇ (ਗੁਰੂ) ਹਰਿਗੋਬਿੰਦ ਸਾਹਿਬ ਅੱਗੇ ਪੰਜ ਪੈਸੇ ਤੇ ਨਾਰੀਅਲ ਰੱਖ ਕੇ ਤਿੰਨ ਪ੍ਰਕਰਮਾਂ ਕਰਕੇ ਮੱਥਾ ਟੇਕ ਕੇ ਕਿਹਾ ਕਿ ਇਹ ਸਾਡੇ ਬਾਅਦ ਸਾਡਾ ਗੁਰੂ ਰੂਪ ਹੋਵੇਗਾ। ਸਤਿਗੁਰਾਂ ਜੀ ਦੇ ਹੁਕਮ ਅਨੁਸਾਰ ਬਾਬਾ ਬੁੱਢਾ ਜੀ ਨੇ ਗੁਰੂ ਘਰ ਦੀ ਮਰਿਆਦਾ ਅਨੁਸਾਰ ਕੇਸਰ ਤੇ ਚੰਦਨ ਨਾਲ ਗੁਰਤਾਗੱਦੀ ਦਾ ਤਿਲਕ ਕਰ ਦਿੱਤਾ। ਉਸ ਟਾਇਮ (ਗੁਰੂ) ਹਰਿਗੋਬਿੰਦ ਸਾਹਿਬ ਜੀ ਦੀ ਉਮਰ 11 ਸਾਲ ਸੀ।

ਇਸ ਦੇ ਨਾਲ ਹੀ ਪੰਚਮ ਪਾਤਿਸ਼ਾਹ ਜੀ ਨੇ ਹਰਗੋਬਿੰਦ ਸਾਹਿਬ ਜੀ ਨੂੰ ਸ਼ਸਤਰਧਾਰੀ ਹੋਣ ਦਾ ਹੁਕਮ ਦਿੱਤਾ ਤੇ ਨਾਲ ਹੀ ਕਿਹਾ, ਹੁਣ ਤਖ਼ਤ 'ਤੇ ਬੈਠਣ ਦਾ ਸਮਾਂ ਆ ਗਿਆ ਹੈ, ਧਰਮ ਦਾ ਰਾਜ ਕਾਇਮ ਕਰਨ ਲਈ ਸ਼ਸਤਰ ਤੇ ਫ਼ੌਜ ਨੂੰ ਕਾਇਮ ਕਰਨਾ ਤੇ ਚੰਦੂ ਦੇ ਕਰਮਾਂ ਦਾ ਫਲ ਭੁਗਤਾਨ ਕਰਨਾ ਤੁਹਾਡੀ ਡਿਊਟੀ ਹੈ।

ਜੇਠ ਸੁਦੀ 4 ਸੰਮਤ 1663 ਸੰਨ 1606 ਈ: ਨੂੰ ਲਾਹੌਰ ਵਿਖੇ ਪੰਚਮ ਪਾਤਿਸ਼ਾਹ ਦੀ ਸ਼ਹੀਦੀ ਉਪਰੰਤ ਗੁਰਮਤਿ ਰਹੁ-ਰੀਤਾਂ ਅਨੁਸਾਰ ਸਤਿਗੁਰਾਂ ਨਿਮਤ ਕੋਠਾ ਸਾਹਿਬ ਵਾਲੇ ਕਮਰੇ ਅੰਦਰ ਬਾਬਾ ਬੁੱਢਾ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਆਰੰਭ ਕੀਤਾ। ਤੇਰਵੇਂ ਦਿਨ ਹਾੜ ਵਦੀ ਇਕ ਦੀ ਸੰਗਰਾਂਦ ਨੂੰ ਕੋਠਾ ਸਾਹਿਬ ਦੇ ਸਾਹਮਣੇ ਸਜੇ ਦੀਵਾਨ ਵਿਚ ਬਾਬਾ ਬੁੱਢਾ ਜੀ ਨੇ ਭੋਗ ਪਾਇਆ।

ਪੁਰਾਤਨ ਰੀਤੀ ਅਨੁਸਾਰ ਮਸੰਦ, ਸੇਲੀ, ਮਾਲਾ, ਟੋਪੀ ਲੈ ਕੇ ਆਏ, ਤਾਂ ਹਰਗੋਬਿੰਦ ਪਾਤਿਸ਼ਾਹ ਨੇ ਬਾਬਾ ਬੁੱਢਾ ਜੀ ਨੂੰ ਕਿਹਾ, ਇਹ ਸਮਾਨ ਤੋਸ਼ੇਖਾਨੇ ਪਹੁੰਚਾ ਦਿਓ ਅਤੇ ਸਾਨੂੰ ਦਸਤਾਰ ਪਹਿਨਾਓ, ਅਸੀਂ ਸ਼ਸਤਰ ਪਹਿਨ ਕੇ ਜੰਗ ਕਰਨੇ ਹਨ, ਤਾਂ ਬਾਬਾ ਬੁੱਢਾ ਜੀ ਨੇ ਉਹ ਸਮਾਨ ਤੋਸ਼ੇਖਾਨੇ ਪਹੁੰਚਾ ਦਿੱਤਾ ਅਤੇ ਪਾਠ ਦੇ ਭੋਗ ਦੀ ਅਰਦਾਸ ਉਪਰੰਤ ਬਾਬਾ ਬੁੱਢਾ ਜੀ ਨੇ ਸ੍ਰੀ ਹਰਗੋਬਿੰਦ ਪਾਤਿਸ਼ਾਹ ਨੂੰ ਪੱਗ ਬਨਾਈ (ਭਾਵ ਦਸਤਾਰ ਬੰਦੀ ਦੀ ਰਸਮ ਕੀਤੀ)।

ਫਿਰ ਬੇਦੀਆਂ, ਤਰੇਹਣਾ, ਭੱਲਿਆ, ਸੋਢੀਆਂ, ਮਸੰਦਾਂ, ਮੁਖੀ ਸਿੱਖਾਂ, ਸ਼ਹਿਰ ਦੇ ਪੰਤਵੰਤਿਆ, ਦੇਸ ਪ੍ਰਦੇਸ ਦੀਆਂ ਸੰਗਤਾਂ ਨੇ ਗੁਰੂ ਜੀ ਨੂੰ ਦਸਤਾਰਾਂ ਤੇ ਮਾਇਆ ਭੇਟ ਕੀਤੀ।

**ਮੀਰੀ-ਪੀਰੀ ਦੀਆਂ ਦੋ ਤਲਵਾਰਾਂ ਪਹਿਨਣੀਆਂ:** ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਤਖ਼ਤ ਦੀ ਰਚਨਾ ਚਾਹੁੰਦੇ ਸਨ, ਉਨ੍ਹਾਂ ਬਾਬਾ ਬੁੱਢਾ ਜੀ ਤੇ ਭਾਈ ਗੁਰਦਾਸ ਜੀ ਨਾਲ ਸਲਾਹ ਕਰਕੇ ਹਾੜ ਵਦੀ ਪੰਚਮੀ ਦਾ ਦਿਨ ਮੁਕਰਰ ਕਰਕੇ ਕੋਠਾ ਸਾਹਿਬ ਦੇ ਖੱਬੇ ਪਾਸੇ ਥਾਂ ਪੱਧਰਾ ਕਰਕੇ ਇੱਟਾਂ ਤੇ ਚੂਨਾਂ ਸਮੱਗਰੀ ਇਕੱਠੀ ਕਰਨ ਦਾ ਹੁਕਮ ਦਿੱਤਾ। ਦਿੱਤੇ ਸਮੇਂ ਅਨੁਸਾਰ ਹਰਗੋਬਿੰਦ ਸਾਹਿਬ, ਬਾਬਾ ਬੁੱਢਾ ਜੀ ਤੇ ਭਾਈ ਗੁਰਦਾਸ ਜੀ ਉੱਥੇ ਪਹੁੰਚ ਗਏ। ਅਰਦਾਸ ਉਪਰੰਤ ਸਤਿਗੁਰਾਂ ਨੇ ਤਖ਼ਤ ਦੀ ਪਹਿਲੀ ਇੱਟ ਆਪਣੇ ਪਵਿੱਤਰ ਕਰ ਕਮਲਾਂ ਨਾਲ ਰੱਖੀ। ਬਾਕੀ ਸਾਰੀ ਉਸਾਰੀ ਬਾਬਾ ਬੁੱਢਾ ਜੀ ਤੇ ਭਾਈ ਗੁਰਦਾਸ ਨੇ ਕੀਤੀ। ਥੋੜੇ ਸਮੇਂ ਵਿਚ 1608 ਨੂੰ ਤਖ਼ਤ ਦਾ ਥੜਾ ਤਿਆਰ ਹੋ ਗਿਆ। ਗੁਰੂ ਸਾਹਿਬ ਜੀ ਨੇ ਇਸ ਨੂੰ ਅਕਾਲ ਤਖ਼ਤ ਦਾ ਨਾਮ ਦਿੱਤਾ, ਇਹ ਉਸ ਪ੍ਰਮਾਤਮਾਂ ਅਕਾਲ ਪੁਰਖ ਦਾ ਅਕਾਲ ਤਖ਼ਤ ਹੈ।

ਤਖ਼ਤ ਨਸ਼ੀਨੀ ਦੇ ਤਿਲਕ ਸਮਾਗਮ ਦੀ ਤਰੀਕ ਹਾੜ ਸੁਦੀ ਦਸਵੀਂ ਮਿੱਥ ਕੇ ਸਤਿਗੁਰਾਂ ਨੇ ਸਗਤਾਂ ਨੂੰ ਹੁੰਮਹੁੰਮਾ ਕੇ ਪੁੱਜਣ ਹਿਤ ਹੁਕਮਨਾਵੇਂ ਭੇਜ ਦਿੱਤੇ, ਨਾਲ ਹੀ ਲਿਖ ਭੇਜਿਆ, ਸ਼ਸਤਰਾਂ ਅਤੇ ਵਧੀਆ ਘੋੜਿਆਂ ਦੀ ਭੇਟਾ ਲੈ ਕੇ ਆਓ।

ਹਾੜ ਸੁਦੀ ਦਸਵੀਂ ਨੂੰ ਸਤਿਗੁਰਾਂ ਦੇ ਬੈਠਣ ਲਈ ਸਿੰਘਾਸਣ ਸਿਜਾਇਆ ਗਿਆ। ਸਤਿਗੁਰਾਂ ਦੇ ਬਹੁਤ ਸੁੰਦਰ ਕੀਮਤੀ ਪੀਲੀ ਪੁਸ਼ਾਕ ਪਹਿਨੀ ਹੋਈ ਸੀ। ਸੁੰਦਰ ਦਸਤਾਰ ਉੱਪਰ ਜਿਗ੍ਹਾ ਤੇ ਕਲਗੀ ਸਜਾਈ ਹੋਈ ਸੀ। ਬਾਹਾਂ ਵਿਚ ਅੰਗਦ ਸੋਭ ਰਹੇ ਸਨ। ਪਿੰਡੇ ਉੱਤੇ ਢਾਲ ਸਜਾਈ ਫ਼ਬ ਰਹੀ ਸੀ। ਸਤਿਗੁਰੂ ਸਿੰਘਾਸਣ ਉੱਪਰ ਬਿਰਾਜਮਾਨ ਹੋ ਗਏ। ਸ੍ਰੀ ਅਕਾਲ ਤਖ਼ਤ ਦੇ ਸਾਹਮਣੇ ਸੰਗਤਾਂ ਨਾਲ ਦੀਵਾਨ ਭਰਿਆ ਹੋਇਆ ਸੀ।

ਸਤਿਗੁਰਾਂ ਨੇ ਹੁਕਮ ਕੀਤਾ, ਉਹ ਸ਼ਸਤਰ ਲਿਆਓ, ਜੋ ਅਸੀਂ ਬਣਵਾਏ ਹਨ। ਸਾਰੇ ਸ਼ਸਤਰ ਸਤਿਗੁਰਾਂ ਅੱਗੇ ਲਿਆ ਦਿੱਤੇ ਗਏ। ਸਤਿਗੁਰਾਂ ਜੀ ਦੇ ਹੁਕਮ ਅਨੁਸਾਰ ਬਾਬਾ ਬੁੱਢਾ ਜੀ ਨੇ ਦੋ ਸਿਰੀ ਸਾਹਿਬ ਸਤਿਗੁਰਾਂ ਨੂੰ ਪਹਿਨਾਏ। ਤੀਰਾਂ ਦਾ ਭਰਿਆ ਭੱਥਾ ਲੱਕ ਨਾਲ ਸਜਾਇਆ। ਖੱਬੇ ਹੱਥ ਵਿਚ ਭਾਰੀ ਧਨੁੱਖ ਪਕੜਿਆ ਅਤੇ ਸੱਜੇ ਹੱਥ ਵਿਚ ਤੀਰ ਪਕੜ ਕੇ ਘੁਮਾਇਆ।

ਸਤਿਗੁਰਾਂ ਦੇ ਤਖ਼ਤ 'ਤੇ ਬੈਠਣ ਸਬੰਧੀ ਭਾਈ ਗੁਰਦਾਸ ਜੀ ਆਪਣੀਆਂ ਵਾਰਾਂ ਵਿਚ ਇਸ ਤਰ੍ਹਾਂ ਲਿਖਦੇ ਹਨ :

ਪੰਜ ਪਿਆਲੇ, ਪੰਜਿ ਪੀਰ, ਛਠਮ ਪੀਰੁ ਬੈਠਾ ਗੁਰ ਭਾਰੀ।

ਅਰਜਨੁ ਕਾਇਆ ਪਲਟਿ ਕੈ ਮੂਰਤਿ ਹਰਗੋਬਿੰਦ ਸਵਾਰੀ। (ਭਾਈ ਗੁਰਦਾਸ)

ਮੁੱਖੀ ਸਿੱਖਾਂ ਅਤੇ ਸੰਗਤਾਂ ਨੇ ਦੋ ਤਲਵਾਰਾਂ ਪਹਿਨਣ ਦਾ ਕਾਰਨ ਪੁੱਛਿਆ, ਤਾਂ ਸਤਿਗੁਰਾਂ ਨੇ ਫੁਰਮਾਇਆ ਇਕ ਮੀਰੀ ਦੀ ਇਕ ਪੀਰੀ ਦੀ, ਇਕ ਸ਼ਕਤੀ ਦੀ ਇਕ ਭਗਤੀ ਦੀ, ਇਕ ਧਰਮ ਦੀ ਇਕ ਰਾਜਨੀਤੀ ਦੀ। ਸੰਗਤਾਂ ਵਲੋਂ ਲਿਆਂਦੇ ਸ਼ਸਤਰਾਂ ਨਾਲ ਵੱਡਾ ਢੇਰ ਲੱਗ ਗਿਆ ਸੀ ਅਤੇ ਘੋੜਿਆਂ ਦਾ ਪੂਰਾ ਤਬੇਲਾ ਬਣ ਗਿਆ ਸੀ।

**-ਸਮਾਪਤ**

# ਅੰਨੇ ਲੋਕ

## ਕੰਡੇ ਦਾ ਕੰਡਾ

-ਡਾ ਅਮਰੀਕ ਸਿੰਘ ਕੰਡਾ
1764, ਗੁਰੂ ਰਾਮ ਦਾਸ ਨਗਰ
ਨੇੜੇ ਨੈਸ਼ਲੇ ਮੋਗਾ
98557-35666
(Punjab Mail USA)



"ਆ ਯਾਰ, ਤੈਨੂੰ ਇਕ ਸ਼ਖਸੀਅਤ ਨਾਲ ਮਿਲਾਵਾਂ, ਤੇ ਨਾਲੇ ਤੇਰੀ ਇਕ ਬਹੁਤ ਵਧੀਆ ਖਬਰ ਵੀ ਬਣ ਜਾਵੇਗੀ।" ਮੇਰੇ ਇਕ ਦੋਸਤ ਨੇ ਕਿਹਾ।

"ਇਹ ਕੌਣ ਨੇ......?" ਮੈਂ ਪੁਛਿਆ

"ਇਹ ਤਾਂ ਬਹੁਤ ਹੀ ਪਹੁੰਚੀ ਹੋਈ ਸ਼ਖਸੀਅਤ ਨੇ, ਬਹੁਤ ਹੀ ਗੁਣੀ ਗਿਆਨੀ ਨੇ, ਇਨ੍ਹਾਂ ਕੋਲ ਤਾਂ ਹਜ਼ਾਰਾਂ ਲੋਕ ਆਉਂਦੇ ਨੇ, ਤੂੰ ਵੀ ਮਿਲ ਲੈ।" ਮੇਰੇ ਦੋਸਤ ਨੇ ਮੈਨੂੰ ਕਿਹਾ।

"ਕਾਹਤੋਂ......! .........ਕਾਹਤੋਂ?" ਮੈਂ ਦੂਜੀ ਵਾਰੀ ਪੁਛਿਆ, ਏਨੇ ਨੂੰ ਅਸੀਂ ਉਸ ਕੋਲ ਪਹੁੰਚ ਗਏ।

ਉਸ ਕੋਲ ਬਹੁਤ ਜ਼ਿਆਦਾ ਭੀੜ ਸੀ। ਇਕ ਆਦਮੀ ਜਿਹੜਾ ਬਾਹਰ ਇਕ ਵੱਡੇ ਹਾਲ ਕਮਰੇ ਦੇ ਗੇਟ 'ਤੇ ਖੜ੍ਹਾ ਸੀ, ਉਹ ਸਭ ਨੂੰ ਪਿਆਰ, ਸਤਿਕਾਰ ਨਾਲ ਹਾਲ ਕਮਰੇ 'ਚ ਬਿਠਾ ਰਿਹਾ ਸੀ। ਉਸ ਤੋਂ ਅੱਗੇ ਇਕ ਕੁੜੀ ਖੜ੍ਹੀ ਸੀ, ਜੋ ਉਸਦੇ ਕੋਲ ਹਰ ਨੂੰ ਨੰਬਰ ਮੁਤਾਬਕ ਅੰਦਰ ਭੇਜਦੀ ਸੀ। ਲੋਕਾਂ ਦੀ ਭੀੜ ਬਾਹਰ ਬੈਠੀ ਸੀ ਤੇ ਇਕ-ਇਕ ਕਰਕੇ ਉਸਨੂੰ ਨਮਸਕਾਰ ਕਰ ਰਹੀ ਸੀ। ਮੇਰੇ ਦੋਸਤ ਦੀ ਜਾਣ-ਪਹਿਚਾਣ ਹੋਣ ਕਾਰਨ ਅਸੀਂ ਸਿੱਧਾ ਹੀ ਅੰਦਰ ਚਲੇ ਗਏ। ਅਸੀਂ ਉਸ ਕੋਲ ਜਾ ਕੇ ਬੈਠੇ ਤੇ ਨਮਸਕਾਰ ਕੀਤੀ। ਉਸਨੇ ਸਾਡੇ ਵੱਲ ਬਿਨਾਂ ਵੇਖੇ ਹੀ ਸਾਡੀ ਨਮਸਕਾਰ ਦਾ ਜਵਾਬ ਦਿੱਤਾ। ਲੋਕਾਂ ਦੀ ਭੀੜ ਸਾਨੂੰ ਹੁਣ ਹੋਰ ਨਿਗਾਹ ਨਾਲ ਵੇਖ ਰਹੀ ਸੀ।

"ਇਹ ਜਨਮ ਤੋਂ ਹੀ ਅੰਨੇ ਨੇ........।" ਸ਼ਾਇਦ ਮੇਰੇ ਦੋਸਤ ਨੇ ਮੇਰੇ ਸਵਾਲ ਪੁੱਛਣ ਤੋਂ ਪਹਿਲਾਂ ਹੀ ਆਪਣਾ ਜਵਾਬ ਦੇ ਦਿੱਤਾ।

"ਇਹ ਮੇਰਾ ਦੋਸਤ ਤੁਹਾਨੂੰ ਮਿਲਣਾ ਚਾਹੁੰਦਾ ਸੀ, ਤੁਹਾਡੇ ਨਾਲ ਗੱਲ ਕਰਨੀ ਚਾਹੁੰਦਾ ਹੈ.......?" ਮੇਰੇ ਦੋਸਤ ਨੇ ਝਿਜਕਦੇ ਹੋਏ ਨੇ ਕਿਹਾ।

"ਹਾਂ ਤਾਂ ਪੁੱਛੋ ਭਗਤ ਜਨੋ ਕੀ ਪੁਛਦੇ ਹੋ.........?"

"ਤੁਸੀਂ ਕੀ ਕਰਦੇ ਹੋ......? ਮੇਰਾ ਮਤਲਬ ਤੁਸੀਂ ਕੀ ਕੰਮ ਕਰਦੇ ਹੋ........?"

"ਮੈਂ ਲੋਕਾਂ ਦੇ ਸਭ ਚੰਗੇ ਮਾੜੇ ਗ੍ਰਿਹਾਂ 'ਤੇ ਨਜ਼ਰ ਰੱਖਦਾਂ ਹਾਂ, ਤੇ ਉਨ੍ਹਾਂ ਦੇ ਉਪਾਏ ਦੱਸਦਾ ਹਾਂ, ਮੈਂ ਇਕ ਜੋਤਸ਼ੀ ਹਾਂ, ਮੈਂ ਇਹੀ ਲੋਕ ਸੇਵਾ ਕਰਦਾਂ ਹਾਂ।"

ਮੈਂ ਉਠਿਆ ਤੇ ਛੇਤੀ ਆਪਣਾ ਮੋਬਾਈਲ ਕੱਢਿਆ ਤੇ ਆਪਣੇ ਚੈਨਲ ਦੇ ਪੱਤਰਕਾਰ ਤੇ ਕੈਮਰਾਮੈਨ ਨੂੰ ਬੁਲਾਇਆ "ਅੰਨਾ ਆਦਮੀ ਲੋਕਾਂ ਦੇ ਗ੍ਰਿਹਾਂ ਨੂੰ ਆਪਣੇ ਘਰੇ ਬੈਠਾ ਵੇਖ ਰਿਹਾ, ਵਾਕ ਕਿਯਾ ਬਰੇਕਿੰਗ ਨਿਊਜ਼ ਹੈ।"

# ਖ਼ੁਰਾਕੀ ਸੰਕਟ ਤੋਂ ਚੌਕਸ ਰਹਿਣ ਦੀ ਲੋੜ


ਡਾ. ਅਮਨਪ੍ਰੀਤ ਸਿੰਘ ਬਰਾੜ
96537-90000
(Punjab Mail USA)






ਯੂ.ਐੱਨ.ਓ. ਦੀ ਗਲੋਬਲ ਫੂਡ ਕਰਾਈਸਸ ਰਿਪੋਰਟ 2022 ਮੁਤਾਬਕ ਦੁਨੀਆਂ ਦੇ 195 ਦੇਸ਼ਾਂ ਵਿਚੋਂ 53 ਦੇਸ਼ਾਂ ਦੇ ਲੋਕ ਖ਼ੁਰਾਕ ਦੀ ਸਮੱਸਿਆ ਨਾਲ ਜੂਝ ਰਹੇ ਹਨ। ਇਸ ਰਿਪੋਰਟ ਵਿਚ 2021 ਤੱਕ ਦੇ ਅੰਕੜੇ ਹਨ, ਜਿਨ੍ਹਾਂ ਮੁਤਾਬਕ 193 ਮਿਲੀਅਨ ਲੋਕਾਂ ਨੂੰ ਤੁਰੰਤ ਖੁਰਾਕੀ ਸਹਾਇਤਾ ਦੀ ਲੋੜ ਸੀ। ਇਨ੍ਹਾਂ ਦੇਸ਼ਾਂ ਵਿਚ 236 ਮਿਲੀਅਨ ਲੋਕ ਅਜਿਹੇ ਸਨ, ਜਿਹੜੇ ਖ਼ੁਰਾਕ ਪੱਖੋਂ ਤਨਾਅ ਵਿਚ ਰਹਿੰਦੇ ਸਨ ਕਿ ਪਤਾ ਨਹੀਂ ਅਗਲੇ ਡੰਗ ਰੋਟੀ ਮਿਲੂ ਕਿ ਨਹੀਂ। ਇਨ੍ਹਾਂ 53 ਦੇਸ਼ਾਂ ਵਿਚ ਸਾਡੇ ਗੁਆਂਢੀ ਦੇਸ਼ ਪਾਕਿਸਤਾਨ, ਅਫਗਾਨਿਸਤਾਨ, ਸ਼੍ਰੀਲੰਕਾ, ਬੰਗਲਾਦੇਸ਼ ਸ਼ਾਮਲ ਹਨ। ਜਿਸ ਤਰ੍ਹਾਂ ਆਮ ਹੁੰਦਾ ਹੈ ਕਿ ਬਹੁਤੀ ਵੇਰ ਖੁਰਾਕੀ ਸੰਕਟ ਦੇਸ਼ ਦੇ ਕੁਝ ਖਿਤਿਆਂ ਵਿਚ ਹੀ ਆਉਂਦਾ ਹੈ। ਜਿਵੇਂ ਓੜੀਸਾ ਦੇ ਕਾਲਾ ਹਾਂਡੀ ਜ਼ਿਲ੍ਹੇ ਵਿਚ ਸੋਕੇ ਕਾਰਨ 1985 ਭੁੱਖ ਨਾਲ ਮੌਤਾਂ ਹਈਆਂ ਸਨ। ਯੂ.ਐੱਨ.ਓ. ਦੀ ਪਹਿਲੀ ਉਪਰੋਕਤ ਰਿਪੋਰਟ 2016 ਵਿਚ ਆਈ, ਉਸ ਵਕਤ 48 ਦੇਸ਼ਾਂ ਵਿਚ 108 ਮਿਲੀਅਨ ਲੋਕਾਂ ਨੂੰ ਤੁਰੰਤ ਖੁਰਾਕ ਦੀ ਜ਼ਰੂਰਤ ਸੀ। ਭਾਵ 2016 ਤੋਂ 2021 ਤੱਕ 80 ਫੀਸਦੀ ਦਾ ਵਾਧਾ ਹੋਇਆ। ਇਸ ਵਿਚ ਅਜੇ ਯੂਕਰੇਨ ਤੇ ਰੂਸ ਦੀ ਲੜਾਈ ਦਾ ਅਸਰ ਸ਼ਾਮਲ ਨਹੀਂ, ਜਿਸ ਨੇ ਖ਼ੁਰਾਕ, ਊਰਜਾ ਅਤੇ ਰਸਾਇਣਕ ਖਾਦਾਂ ਦੀ ਉਪਲੱਬਤਾ 'ਤੇ ਅਸਰ ਪਾਇਆ ਹੈ।

ਗਲੋਬਲ ਰਿਪੋਰਟ ਮੁਤਾਬਕ ਭੁੱਖਮਰੀ ਜਾਂ ਖ਼ੁਰਾਕੀ ਸਮੱਸਿਆ ਦੇ ਤਿੰਨ ਮੁੱਖ ਕਾਰਨ ਹਨ (1) ਆਪਸ ਵਿਚ ਲੜਾਈ ਝਗੜਾ ਜਾਂ ਵਿਸ਼ਵਾਸ ਨਾ ਹੋਣਾ ਜਿਵੇਂ ਬੰਗਲਾਦੇਸ਼ ਵਿਚ ਰੋਹਿੰਗਿਆ ਅਤੇ ਪਾਕਿਸਤਾਨ ਵਿਚ ਅਫਗਾਨਿਸਤਾਨੀਆਂ ਦਾ ਆਉਣਾ ਜਾਣਾ (2) ਮੌਸਮ ਦੀ ਤਬਦੀਲੀ ਦਾ ਅਸਰ ਅਤੇ (3) ਆਰਥਿਕ ਪੱਖ ਜਿਵੇਂ ਲੋਕਾਂ ਨੂੰ ਢੁੱਕਵਾਂ ਰੋਜ਼ਗਾਰ ਨਾ ਮਿਲਣਾ ਅਤੇ ਮਹਿੰਗਾਈ ਵੱਧ ਜਾਣਾ।

ਕਈ ਵੇਰ ਅਸੀਂ ਇਨ੍ਹਾਂ ਤਿੰਨਾਂ ਵਿਚ ਸੁਧਾਰ ਲਿਆਉਣ ਦੇ ਚੱਕਰ ਵਿਚ ਇਹੋ ਜਿਹੀ ਪਾਲਿਸੀ ਬਣਾ ਬੈਠਦੇ ਹਾਂ, ਜਿਸ ਦਾ ਸਿੱਧਾ ਅਸਰ ਖੁਰਾਕ ਸਪਲਾਈ 'ਤੇ ਪੈਂਦਾ ਹੈ ਅਤੇ ਅਸੀਂ ਆਪਣੇ ਆਪ ਹੀ ਸਮੱਸਿਆ ਸਹੇੜ ਲੈਂਦੇ ਹਾਂ, ਜਿਵੇਂ ਕਿ ਇੰਗਲੈਂਡ ਵਿਚ ਫ਼ਲ ਅਤੇ ਸਬਜ਼ੀਆਂ ਦੀ ਉਪਲੱਬਧਾ 'ਤੇ ਪਿਆ ਹੈ ਅਤੇ ਉਥੇ ਇਨ੍ਹਾਂ ਦੀ ਖਰੀਦ 'ਤੇ ਪਾਬੰਦੀ ਲਗਾਉਣੀ ਪਈ। ਹੋਇਆ ਇਹ ਕਿ ਸਰਕਾਰ ਨੇ ਕਿਸਾਨਾਂ ਦੀ ਬਿਜਲੀ 'ਤੇ ਸਬਸਿਡੀ ਬੰਦ ਕਰ ਦਿੱਤੀ। ਜਿਹੜੀਆਂ ਸਬਜ਼ੀਆਂ ਕਿਸਾਨ ਗਰੀਨ ਹਾਊਸ ਵਿਚ ਬੀਜਦੇ ਸਨ, ਉਹ ਘਟਾ ਦਿੱਤੀਆਂ। ਉਧਰ ਜਿਹੜੇ ਦੇਸ਼ਾਂ ਤੋਂ ਇੰਗਲੈਂਡ ਸਬਜ਼ੀਆਂ ਦਰਾਮਦ ਕਰਦਾ ਸੀ, ਜਿਵੇਂ ਦੱਖਣੀ ਯੂਰਪ, ਨਾਰਥ ਅਫਰੀਕਾ ਅਤੇ ਸਪੇਨ। ਉਥੇ ਪੈਦਾਵਾਰ ਘੱਟ ਹੋਈ ਅਤੇ ਉਨ੍ਹਾਂ ਨੇ ਸਪਲਾਈ ਕਰਨ ਤੋਂ ਨਾਂਹ ਕਰ ਦਿੱਤੀ। ਨਤੀਜਾ ਪੌਂਡ ਹੁੰਦੇ ਹੋਏ ਵੀ ਲੋਕ ਆਲੂ-ਪਿਆਜ ਨੂੰ ਤਰਸਦੇ ਰਹੇ ਅਤੇ ਲੋੜੀਂਦੀ ਸਪਲਾਈ ਲਈ ਵਾਰ-ਵਾਰ ਬਾਜ਼ਾਰ ਜਾਣਾ ਪੈ ਰਿਹਾ ਸੀ ਕਿਉਂਕਿ ਮਿੱਥੀ ਮਿਕਦਾਰ ਤੋਂ ਵੱਧ ਵਸਤੂ ਇੱਕ ਵਾਰ ਨਹੀਂ ਖਰੀਦੀ ਜਾ ਸਕਦੀ। ਜਿਹੜੀ ਪੂੰਜੀ ਬਿਜਲੀ ਦੀ ਸਬਸਿਡੀ ਤੋਂ ਬਚਾਈ ਉਹਦਾ ਬੋਝ ਉਪਭੋਗਤਾ ਨੂੰ ਕਈ ਗੁਣਾ ਕਰਕੇ ਭਰਨਾ ਪਿਆ।

ਇਸੇ ਤਰ੍ਹਾਂ ਸ਼੍ਰੀਲੰਕਾ ਰਸਾਇਣਕ ਖਾਦਾਂ ਦਰਾਮਦ ਕਰਦੀ ਸੀ, ਦੇਸ਼ ਦੀ ਆਰਥਿਕਤਾ ਕਮਜ਼ੋਰ ਹੋਈ, ਫਾਰੈਨ ਐਕਸਚੇਂਜ ਬਚਾਉਣ ਲਈ ਐਲਾਨ ਕਰ ਦਿੱਤਾ, ਦੇਸ਼ ਵਿਚ ਆਰਗੈਨਿਕ ਖੇਤੀ ਹੋਵੇਗੀ। ਨਾਲ ਇਹ ਵੀ ਕਹਿ ਦਿੱਤਾ, ਸਰਕਾਰ ਘਟੀ ਪੈਦਾਵਾਰ ਦੀ ਭਰਪਾਈ ਕਰੇਗੀ। ਨਤੀਜਾ ਖੇਤੀ ਪੈਦਾਵਾਰ ਘੱਟ ਗਈ ਖੁਰਾਕੀ ਸੰਕਟ ਪੈਦਾ ਹੋ ਗਿਆ। ਜੋ ਹਾਲ ਦੇਸ਼ ਦਾ ਹੋਇਆ, ਸਭ ਨੇ ਦੇਖ ਲਿਆ।

ਭਾਰਤ ਵਿਚ ਅੱਜ ਲੋੜ ਅਨੁਸਾਰ ਖ਼ੁਰਾਕ ਪੈਦਾ ਹੋ ਰਹੀ ਹੈ ਅਤੇ ਕਈ ਫ਼ਸਲਾਂ ਖਾਸ ਕਰਕੇ ਸਬਜ਼ੀਆਂ ਦੀ ਪੈਦਾਵਾਰ ਅਤੇ ਮੰਡੀਕਰਨ ਦਾ ਕਈ ਵਾਰ ਤਾਲਮੇਲ ਨਾ ਬੈਠਣ ਕਾਰਨ ਕਿਸਾਨਾਂ ਨੂੰ ਭਾਰੀ ਨੁਕਸਾਨ ਹੋ ਰਿਹਾ ਹੈ, ਜਿਵੇਂ ਕਿ ਮਹਾਰਾਸ਼ਟਰ ਤੋਂ ਛਪੀ ਇੱਕ ਖਬਰ ਅਨੁਸਾਰ ਉਥੇ ਕਿਸਾਨ ਨੂੰ 512 ਕਿਲੋ ਪਿਆਜ ਵੇਚ ਕੇ ਢੋ-ਢੁਆਈ ਅਤੇ ਮੰਡੀ ਦੇ ਖਰਚੇ ਕੱਢ ਕੇ ਸਿਰਫ ਦੋ ਰੁਪਏ ਬਚੇ। ਪਿਆਜ ਪੈਦਾ ਕਰਨ ਦੀ ਮਿਹਨਤ, ਬੀਜ ਅਤੇ ਖਾਦ ਦੇ ਖਰਚੇ ਪਲਿਓਂ ਪੈ ਗਏ। ਜਦਕਿ ਪੰਜਾਬ ਵਿਚ ਖਰੀਦਦਾਰ ਨੂੰ ਪਿਆਜ ਉਸ ਸਮੇਂ 30/- ਰੁਪਏ ਕਿਲੋ ਮਿਲਦੇ ਸਨ। ਇਸੇ ਤਰ੍ਹਾਂ ਪੰਜਾਬ ਵਿਚ ਗੋਭੀ ਅਤੇ ਆਲੂ ਪੈਦਾ ਕਰਨ ਵਾਲਿਆਂ ਨੂੰ ਵੀ ਪਲਿਓਂ ਪੈਸੇ ਪਏ। ਇਸੇ ਸਮੇਂ ਪੰਜਾਬ ਵਿਚ ਬਦਲਵੀਆਂ ਫਸਲਾਂ ਜਿਵੇਂ ਸ਼ਿਮਲਾ ਮਿਰਚ ਕਿਸਾਨਾਂ ਦੀ ਇੱਕ-ਦੋ ਰੁਪਏ ਕਿਲੋ ਵਿਕੀ, ਪਰ ਖਪਤਕਾਰ ਨੂੰ 40 ਰੁਪਏ ਤੋਂ ਘੱਟ ਨਹੀਂ ਮਿਲਦੀ। ਇਸ ਤਰ੍ਹਾਂ ਸਾਡਾ ਦੇਸ਼ ਭਾਵੇਂ ਖਾਣ ਦੇ ਤੇਲ ਵਿਚ ਤਕਰੀਬਨ 70 ਫੀਸਦੀ ਦਰਾਮਦ ਕਰਦਾ ਹੈ, ਫੇਰ ਵੀ ਸਰ੍ਹੋਂ ਦੀ ਐੱਮ.ਐੱਸ.ਪੀ. 5450 ਰੁਪਏ ਕੁਇੰਟਲ ਹੈ, ਅੱਜ ਫਸਲ ਆਈ ਤਾਂ 4400 ਰੁਪਏ ਤੋਂ ਵੱਧ ਨਹੀਂ ਵਿਕੀ। ਇਸੇ ਸਰ੍ਹੋਂ ਦਾ ਭਾਅ ਪਿਛਲੇ ਸਾਲ 8000 ਰੁਪਏ ਕੁਇੰਟਲ ਤੱਕ ਸੀ, ਜਦੋਂ ਫਸਲ ਹੋਈ ਨਹੀਂ ਸੀ। ਇਸ ਵਾਰ ਫਸਲ ਹੋਈ, ਤਾਂ ਭਾਅ ਹੇਠਾਂ ਮਤਲਬ ਕਿਸਾਨ ਨੂੰ ਉੱਠਣ ਨਹੀਂ ਦੇਣੇ।

ਸਾਡੇ ਦੇਸ਼ ਵਿਚ ਵੀ ਅੱਜਕੱਲ੍ਹ ਕਈ ਸਰਕਾਰਾਂ ਨਵੇਂ-ਨਵੇਂ ਤਜ਼ਰਬੇ ਕਰ ਰਹੀਆਂ ਹਨ ਕਿਉਂਕਿ ਫੂਡ ਸਕਿਉਰਟੀ ਵੱਲੋਂ ਅੱਜ ਦੇਸ਼ ਪੂਰੀ ਤਰ੍ਹਾਂ ਤੰਦਰੁਸਤ ਹੈ ਅਤੇ ਬਰਾਮਦ ਦੀ ਸਮਰੱਥਾ ਵੀ ਰੱਖਦਾ ਹੈ ਪਰ ਸਾਡਾ ਸਰਪਲੱਸ ਅਤੇ ਲੋੜ ਦਾ ਫਰਕ ਬਹੁਤ ਥੋੜ੍ਹਾ ਹੈ ਅਤੇ ਸਾਨੂੰ ਹਰ ਵਕਤ ਚੌਕਸ ਰਹਿਣ ਦੀ ਜ਼ਰੂਰਤ ਹੈ ਕਿਉਂਕਿ ਸਾਡੀ ਆਬਾਦੀ ਬਹੁਤ ਜ਼ਿਆਦਾ ਹੈ ਅਤੇ ਮੌਸਮ ਅਤੇ ਮੌਨਸੂਨ ਦਾ ਪੈਦਾਵਾਰ 'ਤੇ ਬਹੁਤ ਵੱਡਾ ਅਸਰ ਹੈ। ਜਿੱਥੋਂ ਤੱਕ ਨਵੇਂ ਤਜ਼ਰਬਿਆਂ ਦੀ ਗੱਲ ਹੈ, ਕੁਦਰਤੀ ਖੇਤੀ, ਆਰਗੈਨਿਕ ਖੇਤੀ, ਨੈਨੋ ਯੂਰੀਆ, ਨੈਨੋ ਡੀ.ਏ.ਪੀ. ਅਤੇ ਨਿਊਟਰੀ ਮਿਲਟਸ ਵਰਗੀਆਂ ਸਕੀਮਾਂ ਜਾਂ ਬਿਜਲੀ ਸਬਸਿਡੀ 'ਤੇ ਕਟੌਤੀ ਸੂਬਿਆਂ ਦੀਆਂ ਸਰਕਾਰਾਂ ਨਾਲ ਚੰਗੀ ਤਰ੍ਹਾਂ ਸੋਚ ਵਿਚਾਰ ਕਰਕੇ ਹੀ ਅੱਗੇ ਲਿਆਉਣੀਆਂ ਚਾਹੀਦੀਆਂ ਹਨ, ਕਿਤੇ ਦੇਸ਼ ਦੁਬਾਰਾ ਖੁਰਾਕੀ ਸੰਕਟ ਵਿਚ ਨਾ ਘਿਰ ਜਾਵੇ।

ਇਸ ਵੇਲੇ ਸਾਡੇ ਦੇਸ਼ ਵਿਚ ਜਿੱਥੇ ਨਵੀਂ ਕਣਕ ਆ ਗਈ ਹੈ, ਉੱਥੇ ਜੋ ਐੱਫ.ਸੀ.ਆਈ. ਕੋਲ ਅਪ੍ਰੈਲ 2023 ਮਹੀਨੇ ਦੇ ਸ਼ੁਰੂ ਵਿਚ 83.45 ਲੱਖ ਟਨ ਸੀ। ਜਿਸ ਵਿਚ ਜ਼ਾਹਿਰ ਹੈ ਕਿ ਹੁਣ ਨਵਾਂ ਸਟਾਕ ਆਉਣ ਨਾਲ ਇਹ ਫਿਰ ਵੱਧ ਗਿਆ। ਪਰ ਇਥੇ ਇਹ ਜਾਨਣਾ ਵੀ ਜ਼ਰੂਰੀ ਹੈ ਕਿ ਸਰਕਾਰ ਨੇ ਪਹਿਲਾਂ ਹੀ ਕਣਕ ਦੀ ਬਰਾਮਦ 'ਤੇ ਰੋਕ ਵਧਾ ਦਿੱਤੀ। ਇਸ ਦਾ ਸਿੱਧਾ ਅਰਥ ਹੈ ਕਿ ਕਿਤੇ ਨਾ ਕਿਤੇ ਸਰਕਾਰ ਨੂੰ ਪਤਾ ਹੈ ਕਿ ਸਾਡੇ ਕੋਲ ਕਣਕ ਦੀ ਘਾਟ ਹੈ। ਪਰ ਇਸ ਦੇ ਬਾਵਜੂਦ ਵੀ ਕਣਕ ਐੱਮ.ਐੱਸ.ਪੀ. 'ਤੇ ਹੀ ਮਸਾਂ ਵਿੱਕ ਰਹੀ ਹੈ। ਪ੍ਰਾਈਵੇਟ ਖਰੀਦ ਘੱਟ ਹੈ, ਜਿਥੇ ਸਰਕਾਰੀ ਖਰੀਦ ਨਹੀਂ, ਉਥੇ ਐੱਮ.ਐੱਸ.ਪੀ. ਵੀ ਨਹੀਂ।

ਜਿਸ ਤਰ੍ਹਾਂ ਕਈ ਲੋਕ ਅੱਜ ਵੀ ਸਰਕਾਰੀ ਮੰਡੀਆਂ ਬੰਦ ਕਰਕੇ ਪ੍ਰਾਈਵੇਟ ਕੰਪੀਟੀਟਿਵ ਮੰਡੀਕਰਨ ਦੀ ਵਕਾਲਤ ਕਰਦੇ ਹਨ। ਜੇ ਸਰਕਾਰੀ ਖਰੀਦ ਬੰਦ ਹੁੰਦੀ, ਤਾਂ ਫਿਰ ਕੀ ਭਾਅ ਮਿਲਦਾ ਕਿਸਾਨਾਂ ਨੂੰ ਇਹਨਾਂ ਨਿੱਜੀ ਖਰੀਦਦਾਰਾਂ ਤੋਂ, ਸਰ੍ਹੋਂ ਦੇ ਭਾਅ ਤੋਂ ਅੰਦਾਜ਼ਾ ਲਗਾ ਲਉ। ਅੱਜ ਵੀ ਖਬਰ ਇਹ ਹੈ ਕਿ ਪ੍ਰਾਈਵੇਟ ਵਪਾਰੀ ਮੰਡੀਆਂ ਤੋਂ ਬਾਹਰ ਹਨ, ਕੀ ਇਹ ਮਿਲਾਂ/ ਚੁੱਕੀਆਂ ਬੰਦ ਕਰ ਦੇਣਗੇ ਜਾਂ ਕਿਤੋਂ ਹੋਰ ਖਰੀਦਣਗੇ, ਜਿੱਥੇ ਸਰਕਾਰੀ ਖਰੀਦ ਨਹੀਂ ਇਹ ਲੋਕ ਉਥੋਂ ਸਸਤੀ ਖਰੀਦ ਕੇ ਲਿਆਉਂਦੇ ਹਨ।

ਇਸ ਤੋਂ ਅੱਗੇ ਜਿੱਥੇ ਹਰੀ ਕ੍ਰਾਂਤੀ ਆਉਣ ਨਾਲ ਅਸੀਂ ਆਪਣੇ ਜੋਗੇ ਤਾਂ ਹੈਗੇ ਹਾਂ ਪਰ ਉੱਥੇ ਹੀ ਚਿੱਟੀ ਕ੍ਰਾਂਤੀ ਵਿਚ ਅਸੀਂ ਪਿਛੜ ਰਹੇ ਹਾਂ ਅਤੇ ਹੁਣ ਤਾਂ ਹਾਲ ਅਜਿਹਾ ਹੈ ਕਿ ਇਸ ਵਾਰ ਸਰਕਾਰ ਦੁੱਧ ਦਾ ਪਾਊਡਰ, ਘਿਓ, ਮੱਖਣ ਆਦਿ ਬਾਹਰੋਂ ਦਰਾਮਦ ਕਰਾਉਣ ਦੀ ਯੋਜਨਾ ਬਣਾ ਰਹੀ ਹੈ। ਦੱਸ ਸਾਲ ਪਹਿਲਾਂ ਇਹ ਹਾਲਾਤ ਸੀ ਪਰ ਉਸ ਤੋਂ ਬਾਅਦ ਫਿਰ ਵੀ ਅਸੀਂ ਕਾਫੀ ਦੁੱਧ ਤੋਂ ਬਣਨ ਵਾਲੀਆਂ ਉੱਚ ਗੁਣਵੱਤਾ ਦੇ ਪਦਾਰਥ ਬਰਾਮਦ ਕਰਦੇ ਰਹੇ ਹਾਂ। ਇਸ ਵਿਚ ਗੱਲ ਇਹ ਨਿਕਲ ਕੇ ਆ ਰਹੀ ਕਿ ਪਿਛਲੇ ਸਾਲ ਲੰਮਪੀ ਚਮੜੀ ਰੋਗ ਕਰਕੇ 189000 ਗਾਵਾਂ ਦੀ ਮੌਤ ਹੋ ਗਈ ਸੀ। ਇਸ ਤੋਂ ਇਲਾਵਾ ਜਦੋਂ ਦੀ ਕੇਂਦਰ ਸਰਕਾਰ ਨੇ ਫੰਡਰ ਹੋਈਆਂ ਮੱਝਾਂ ਗਾਵਾਂ ਦੇ ਛੱਡਣ ਵੇਚਣ 'ਤੇ ਰੋਕ ਲਗਾਈ ਹੈ, ਉਸ ਤੋਂ ਬਾਅਦ ਪਿੰਡਾਂ ਵਿਚ ਕਾਫੀ ਘਰਾਂ ਨੇ ਪਸ਼ੂ ਰੱਖਣੇ ਹੀ ਬੰਦ ਕਰ ਦਿੱਤੇ ਹਨ। ਇਸ ਵਿਚ ਮੁੱਖ ਕਾਰਨ ਸੀ ਕਿ ਜਦੋਂ ਕਿਸਾਨ ਫੰਡਰ ਗਾਂ ਨੂੰ ਗਊਸ਼ਾਲਾ ਛੱਡ ਕਿ ਆਉਂਦਾ, ਉਥੇ ਉਸ ਤੋਂ ਮੋਟੇ ਪੈਸੇ ਵਸੂਲੇ ਲਏ ਜਾਂਦੇ ਹਨ। ਪਰ ਉਸ ਤੋਂ ਬਾਅਦ ਵੀ ਉਨ੍ਹਾਂ ਗਾਵਾਂ ਨੂੰ ਮੋੜ ਕੇ ਸੜਕਾਂ 'ਤੇ ਛੱਡ ਦਿੱਤਾ ਜਾਂਦਾ ਹੈ। ਬਨਾਵਟੀ ਦੁੱਧ ਨੇ ਵੀ ਡੇਅਰੀ ਦੇ ਧੰਦੇ ਨੂੰ ਵੱਡੀ ਢਾਹ ਲਾਈ ਹੈ।

**ਨਿਚੋੜ:** ਅੱਜ ਜੋ ਸਾਡੇ ਹਾਲਾਤ ਹਨ, ਉਸ ਵਿਚ ਅਸੀਂ, ਡੇਅਰੀ ਪ੍ਰੋਡਕਟਸ, ਖਾਣ ਵਾਲਾ ਤੇਲ, ਦਾਲਾਂ ਵਿਚ ਤਾਂ ਸਵੈ ਨਿਰਭਰ ਨਹੀਂ ਹਾਂ। ਪਰ ਜਿਸ ਤਰ੍ਹਾਂ ਦੇ ਸਾਡੇ ਹਾਲਾਤ ਹਨ, ਕਿਤੇ ਅਸੀਂ ਅਨਾਜ ਦੀ ਪੈਦਾਵਾਰ ਵਿਚ ਵੀ ਹੇਠਾਂ ਨਾ ਆ ਜਾਈਏ। ਇਹ ਗੱਲ ਕਹਿਣ ਪਿੱਛੇ ਦੋ-ਤਿੰਨ ਸ਼ੰਕੇ ਹਨ। ਪਹਿਲਾ, ਸਰਕਾਰ ਕੁਦਰਤੀ ਖੇਤੀ ਨੂੰ ਤਰਜੀਹ ਦੇ ਰਹੀ ਹੈ, ਜਦਕਿ ਇਸ ਨਾਲ ਪੈਦਾਵਾਰ ਸਿੱਧੀ ਚੌਥਾ ਹਿੱਸਾ ਰਹਿ ਜਾਵੇਗੀ। ਇਸ ਵਿਚ ਅਜੇ ਲੋੜ ਹੈ ਕੁਦਰਤੀ ਖਾਦਾਂ/ ਜਾਂ ਸੂਖਮ ਜੀਵਾਂ 'ਤੇ ਹੋਰ ਖੋਜ ਕਰਨ ਦੀ, ਤਾਂ ਕਿ ਫਸਲਾਂ ਦੀ ਖੁਰਾਕੀ ਲੋੜ ਪੂਰੀ ਹੋ ਸਕੇ। ਦੂਜੀ ਗੱਲ ਹੈ ਕਿ ਇਸ ਵੇਲੇ ਸਰਕਾਰ ਮਿਲਟਸ ਯਾਨੀ ਮੋਟੇ ਅਨਾਜ ਨੂੰ ਤਰਜੀਹ ਦੇ ਰਹੀ ਹੈ, ਗੱਲ ਤਾਂ ਚੰਗੀ ਹੈ। ਪਰ ਇਹ ਧਿਆਨ ਵਿਚ ਰੱਖਣਾ ਚਾਹੀਦਾ ਹੈ ਕਿ ਅੱਜ ਵੀ ਜੋ ਕਿਸਮਾਂ ਮੋਟੇ ਅਨਾਜ ਦੀਆਂ ਹਨ, ਜਿਵੇਂ ਕਿ ਬਾਜਰਾ, ਜਵਾਰ, ਰਾਗੀ ਉਨ੍ਹਾਂ ਦਾ ਝਾੜ ਝੋਨੇ ਅਤੇ ਕਣਕ ਨਾਲੋਂ ਬਹੁਤ ਘੱਟ ਹੈ। ਇਨ੍ਹਾਂ ਫ਼ਸਲਾਂ ਦੀਆਂ ਬੀਮਾਰੀਆਂ ਜਿਨ੍ਹਾਂ ਕਰਕੇ ਇਨ੍ਹਾਂ ਨੂੰ ਛੱਡਿਆ ਗਿਆ ਸੀ, ਉਨ੍ਹਾਂ ਦੇ ਪੁਖਤਾ ਹੱਲ ਅਜੇ ਵੀ ਨਹੀਂ ਲੱਭੇ।

ਤੀਜਾ, ਜੋ ਇਸ ਵੇਲੇ ਨੈਨੋ ਯੂਰੀਆ ਅਤੇ ਡੀ.ਏ.ਪੀ. ਦੀ ਪ੍ਰੋੜਤਾ ਹੋ ਰਹੀ ਹੈ, ਉਸ ਵਿਚ ਹੋਰ ਰਿਸਰਚ ਕਰਨ ਦੀ ਲੋੜ ਹੈ। ਇਫਕੋ ਦੀ ਖੋਜ 'ਤੇ ਹੀ ਯੂਰੀਏ ਤੇ ਡੀ.ਏ.ਪੀ. ਦਾ ਕੋਟਾ ਨਾ ਘਟਾਓ। ਇਸ ਨਾਲ ਵਿਦੇਸ਼ੀ ਮੁਦਰਾ ਤਾਂ ਬਚ ਜਾਵੇਗੀ ਪਰ ਪੈਦਾਵਾਰ ਹੇਠਾਂ ਆ ਜਾਣੀ ਹੈ। ਚੌਥਾ, ਕਿਸਾਨਾਂ ਦੀ ਫ਼ਸਲਾਂ ਦੀ ਐੱਮ.ਐੱਸ.ਪੀ. ਕਾਨੂੰਨੀ ਦਾਇਰੇ ਵਿਚ ਲਿਆਂਦੀ ਜਾਵੇ, ਜਿਸ ਨਾਲ ਹਰ ਖੇਤਰ ਚਾਹੇ ਉਹ ਅਨਾਜ, ਫ਼ਲ, ਸਬਜ਼ੀਆਂ ਜਾਂ ਦੁੱਧ ਹੀ ਕਿਉਂ ਨਾ ਹੋਵੇ, ਉਹ ਤਹਿਸ਼ੁਦਾ ਰੇਟ ਤੋਂ ਹੇਠਾ ਨਾ ਵਿਕੇ, ਤਾਂ ਕਿ ਕਿਸਾਨੀ ਸਹਿਕਦੀ ਰਹਿ ਸਕੇ। ਅੱਜ ਸਾਨੂੰ ਦੂਜੇ ਦੇਸ਼ਾਂ ਦੀਆਂ ਗਲਤੀਆਂ ਤੋਂ ਸਬਕ ਸਿੱਖ ਕੇ ਆਪਣਾ ਘਰ ਹੋਰ ਮਜ਼ਬੂਤ ਕਰਨ ਦੀ ਲੋੜ, ਤਾਂ ਜੋ ਅਸੀਂ ਸਿਰਫ ਖ਼ੁਰਾਕ ਵਿਚ ਆਤਮਨਿਰਭਰ ਹੀ ਨਾਂਹ ਹੋਈਏ, ਸਗੋਂ ਅਸੀਂ ਆਪਣੇ ਅਨਾਜ ਨੂੰ ਬਾਹਰ ਭੇਜ ਕੇ ਵਿਦੇਸ਼ੀ ਮੁਦਰਾ ਕਮਾਈਏ ।

# ਆਬਾਦੀ ਵਿਚ ਵਾਧਾ


ਰਜਵਿੰਦਰ ਪਾਲ ਸ਼ਰਮਾ
ਪਿੰਡ ਕਾਲਝਰਾਣੀ
ਡਾਕਖਾਨਾ ਚੱਕ ਅਤਰ ਸਿੰਘ ਵਾਲਾ
ਤਹਿ ਅਤੇ ਜ਼ਿਲ੍ਹਾ-ਬਠਿੰਡਾ
70873-67969
(Punjab Mail USA)







ਕਦੇ ਸਮਾਂ ਸੀ ਜਦੋਂ ਅਬਾਦੀ ਪੱਖੋਂ ਭਾਰਤ ਦੁਨੀਆਂ ਵਿਚ ਦੂਜੇ ਦਰਜੇ ਵਿਚ ਸ਼ਾਮਲ ਹੁੰਦਾ ਸੀ ਪਰ ਬੀਤੇ ਦਿਨ 142 ਕਰੋੜ 86 ਲੱਖ ਗਿਣਤੀ ਨਾਲ ਭਾਰਤ ਚੀਨ ਨੂੰ ਪਛਾੜ ਕੇ ਪਹਿਲੇ ਨੰਬਰ 'ਤੇ ਪਹੁੰਚ ਗਿਆ ਹੈ। ਇਹ ਕੋਈ ਜ਼ਿਆਦਾ ਖੁਸ਼ੀ ਦੀ ਗੱਲ ਨਹੀਂ। ਮਹਿੰਗਾਈ ਅਤੇ ਬੇਰੋਜ਼ਗਾਰੀ ਨੇ ਪਹਿਲਾਂ ਹੀ ਆਮ ਵਿਅਕਤੀਆਂ ਦਾ ਦਿਵਾਲਾ ਕੱਢਿਆ ਹੋਇਆ ਹੈ। ਕਹਾਵਤ ਹੈ ਕਿ ਇੱਕ ਤਾਂ ਕਾਣੀ ਦੂਜਾ ਕਣ ਪੈ ਗਿਆ। ਕਰੋਨਾ, ਨੋਟਬੰਦੀ ਵਰਗੇ ਹਾਲਾਤਾਂ ਨੇ ਲੋਕਾਂ ਨੂੰ ਕੱਖੋਂ ਹੌਲੇ ਕਰ ਦਿੱਤਾ। ਭੁੱਖਮਰੀ ਦੇ ਪੇਸ਼ ਆ ਰਹੇ ਅੰਕੜਿਆਂ ਵਿਚ ਭਾਰਤ ਦੀ ਹਾਲਤ ਚੰਗੀ ਨਹੀਂ। ਗੁਆਂਢੀ ਦੇਸ਼ਾਂ ਨਾਲੋਂ ਵੀ ਇਹ ਦਿਨੋਂ-ਦਿਨ ਪਛੜ ਰਿਹਾ ਹੈ। ਨੌਜਵਾਨ ਪ੍ਰਵਾਸ ਕਰਦੇ ਹੋਏ ਵਿਦੇਸ਼ਾਂ ਵੱਲ ਵਹੀਰਾਂ ਘੱਤ ਰਹੇ ਹਨ। ਬ੍ਰੇਨ ਡਰੇਨ ਰੁੱਕ ਨਹੀਂ ਰਿਹਾ। ਕਾਲਜਾਂ , ਯੂਨੀਵਰਸਿਟੀ ਵਿਚ ਵਿਦਿਆਰਥੀਆਂ ਦੀ ਗਿਣਤੀ ਆਟੇ ਵਿਚ ਲੂਣ ਬਰਾਬਰ ਹੋਈ ਪਈ ਹੈ। ਭ੍ਰਿਸ਼ਟਾਚਾਰ ਅਤੇ ਨਸ਼ੇ ਰੁੱਕਣ ਦਾ ਨਾਮ ਨਹੀਂ ਲੈ ਰਹੇ, ਪ੍ਰਸ਼ਾਸਨ ਦੇ ਵੀ ਹੱਥ ਖੜ੍ਹੇ ਹੋ ਗਏ ਹਨ। ਨਾਜਾਇਜ਼ ਮਾਈਨਿੰਗ 'ਤੇ ਰੋਕ ਵੀ ਖਬਰਾਂ ਤੱਕ ਸਿਮਟ ਕੇ ਰਹਿ ਗਈ ਹੈ। ਅਜਿਹੇ ਸਮੇਂ ਜਦੋਂ ਦੇਸ਼ ਬਹੁਪੱਖੀ ਸੰਕਟਾਂ ਵਿਚ ਘਿਰਿਆ ਹੋਇਆ ਹੈ, ਆਬਾਦੀ ਦਾ ਹੋਰ ਵਧਣਾ ਭਵਿੱਖ ਲਈ ਖ਼ਤਰੇ ਦੀ ਘੰਟੀ ਹੈ। ਚੀਨ ਵਰਗੇ ਦੇਸ਼ਾਂ ਨੇ ਆਬਾਦੀ 'ਤੇ ਕੰਟਰੋਲ ਕੀਤਾ ਪਰ ਅਸੀਂ ਅਣਗੌਲਿਆਂ ਕਰਕੇ ਛੱਡਿਆ, ਜਿਸ ਦੇ ਭਵਿੱਖ ਵਿਚ ਗੰਭੀਰ ਸਿੱਟੇ ਨਿਕਲਣਗੇ। ਲੋੜ ਆਬਾਦੀ ਨੂੰ ਰੋਕਣ ਲਈ ਲੋੜੀਂਦੀ ਨੀਤੀ ਅਖਤਿਆਰ ਕਰਕੇ ਲਾਗੂ ਕਰਨ ਦੀ, ਤਾਂ ਜੋ ਵਾਤਾਵਰਨ ਅਤੇ ਭੋਜਨ 'ਤੇ ਪੈ ਰਹੇ ਬੋਝ ਨੂੰ ਘਟਾਇਆ ਜਾ ਸਕੇ।

# ਔਰਤਾਂ ਦੀ ਰਾਜਨੀਤੀ ਵਿਚ ਅੜਿੱਕਾ ਬਣ ਰਿਹਾ ਸਰਪੰਚਪਤੀ

## ਰਾਸ਼ਟਰੀ ਪੰਚਾਇਤੀ ਰਾਜ ਦਿਵਸ




ਪ੍ਰਿਅੰਕਾ ਸੌਰਭ
ਰਾਜਨੀਤੀ ਵਿਗਿਆਨ ਵਿਚ ਖੋਜ ਵਿਦਵਾਨ, ਹਿਸਾਰ, (ਹਰਿਆਣਾ)
ਮੋ : 70153-75570
(Punjab Mail USA)



ਭਾਰਤ ਦੀ ਆਬਾਦੀ ਦਾ ਲਗਭਗ ਅੱਧਾ ਹਿੱਸਾ ਔਰਤਾਂ ਹਨ। ਔਰਤਾਂ ਨਾ ਸਿਰਫ਼ ਮਨੁੱਖੀ ਜਾਤੀ ਨੂੰ ਕਾਇਮ ਰੱਖਣ ਵਿਚ ਉਨ੍ਹਾਂ ਦੀ ਮਹੱਤਤਾ ਕਰਕੇ, ਸਗੋਂ ਸਮਾਜਿਕ-ਆਰਥਿਕ ਤਰੱਕੀ ਵਿਚ ਉਨ੍ਹਾਂ ਦੇ ਮਹੱਤਵਪੂਰਨ ਯੋਗਦਾਨ ਕਾਰਨ ਵੀ ਸਮਾਜਿਕ ਢਾਂਚੇ ਦਾ ਇੱਕ ਅਨਿੱਖੜਵਾਂ ਅੰਗ ਰਹੀਆਂ ਹਨ। ਇਸ ਦੇ ਬਾਵਜੂਦ, ਔਰਤਾਂ ਨੂੰ ਸਮਾਜਿਕ ਰਵੱਈਏ ਅਤੇ ਸਮਾਜਿਕ ਅਭਿਆਸਾਂ ਵਿਚ ਲਿੰਗ-ਪੱਖਪਾਤ ਕਾਰਨ ਵਿਤਕਰੇ ਦਾ ਸ਼ਿਕਾਰ ਹੋਣਾ ਪਿਆ ਹੈ, ਨਤੀਜੇ ਵਜੋਂ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਖੇਤਰਾਂ ਵਿਚ ਸਥਿਤੀ ਅਤੇ ਮੌਕਿਆਂ ਦੀ ਬਰਾਬਰੀ ਤੋਂ ਇਨਕਾਰ ਕੀਤਾ ਗਿਆ ਹੈ।

ਅਪ੍ਰੈਲ 1993 ਵਿਚ, ਭਾਰਤ ਨੇ ਸੰਵਿਧਾਨ ਦੀ 73ਵੀਂ ਸੋਧ ਨੂੰ ਲਾਗੂ ਕਰਕੇ ਵਿਕਾਸ ਵੱਲ ਇੱਕ ਇਤਿਹਾਸਕ ਕਦਮ ਪੁੱਟਿਆ, ਜਿਸ ਵਿਚ ਪੰਚਾਇਤ ਰਾਜ ਸੰਸਥਾਵਾਂ ਵਿਚ ਆਬਾਦੀ ਦੇ ਕਮਜ਼ੋਰ ਵਰਗਾਂ ਲਈ ਰਾਖਵੇਂਕਰਨ ਦੀ ਵਿਵਸਥਾ ਕੀਤੀ ਗਈ ਸੀ। ਇਸ ਸੋਧ ਰਾਹੀਂ ਇਨ੍ਹਾਂ ਸੰਸਥਾਵਾਂ ਦੇ ਮੈਂਬਰ ਅਤੇ ਚੇਅਰਪਰਸਨ ਵਜੋਂ ਇੱਕ ਤਿਹਾਈ ਸੀਟਾਂ ਔਰਤਾਂ ਲਈ ਰਾਖਵੀਆਂ ਹਨ। 1995 ਤੱਕ, ਪੰਚਾਇਤਾਂ ਵਿਚ ਔਰਤਾਂ ਦੀ ਗਿਣਤੀ ਤੇਜ਼ੀ ਨਾਲ ਵਧੀ, ਕੇਰਲਾ ਅਤੇ ਮੱਧ ਪ੍ਰਦੇਸ਼ ਵਿਚ ਸਭ ਤੋਂ ਵੱਧ ਨੁਮਾਇੰਦਗੀ ਦੇ ਨਾਲ ਜਿੱਥੇ ਔਰਤਾਂ ਨੇ 38% ਸੀਟਾਂ ਭਰੀਆਂ (ਅਹਿਮਦ ਐਟ ਅਲ., 2008)। 3 ਮਿਲੀਅਨ ਪ੍ਰਤੀਨਿਧੀਆਂ ਵਿਚੋਂ, 1.3 ਮਿਲੀਅਨ ਔਰਤਾਂ ਹਨ, ਜੋ ਹੁਣ ਪੰਚਾਇਤਾਂ ਵਿਚ ਸਰਗਰਮੀ ਨਾਲ ਭਾਗ ਲੈ ਰਹੀਆਂ ਹਨ (ਭਟਨਾਗਰ, 2019)। ਵਰਤਮਾਨ ਵਿਚ, ਭਾਰਤ ਵਿਚ 20 ਰਾਜਾਂ ਨੇ ਆਪੋ-ਆਪਣੇ ਰਾਜ ਪੰਚਾਇਤੀ ਰਾਜ ਐਕਟਾਂ ਵਿਚ ਵਿਵਸਥਾਵਾਂ ਕੀਤੀਆਂ ਹਨ ਅਤੇ ਔਰਤਾਂ ਲਈ ਰਾਖਵੇਂਕਰਨ ਨੂੰ 50% ਤੱਕ ਵਧਾ ਦਿੱਤਾ ਹੈ। ਇਸ ਤੋਂ ਇਲਾਵਾ, ਓਡੀਸ਼ਾ ਵਰਗੇ ਰਾਜਾਂ ਨੇ ਇਹ ਲਾਜ਼ਮੀ ਕਰ ਦਿੱਤਾ ਹੈ ਕਿ ਜੇਕਰ ਕਿਸੇ ਪਿੰਡ ਵਿਚ ਚੇਅਰਮੈਨ ਇੱਕ ਮਰਦ ਹੈ, ਤਾਂ ਉਪ-ਚੇਅਰਮੈਨ ਇੱਕ ਔਰਤ ਹੋਣੀ ਚਾਹੀਦੀ ਹੈ (ਮੋਹੰਤੀ, 1995)। ਔਰਤਾਂ ਲਈ ਰਾਖਵੇਂਕਰਨ ਦੀਆਂ ਵਿਵਸਥਾਵਾਂ ਨੇ ਜ਼ਮੀਨੀ ਲੋਕਤੰਤਰ ਨੂੰ ਬਦਲ ਦਿੱਤਾ ਹੈ ਅਤੇ ਪੇਂਡੂ ਔਰਤਾਂ ਨੂੰ ਆਪਣੇ ਅਧਿਕਾਰਾਂ ਦੀ ਵਰਤੋਂ ਕਰਨ ਅਤੇ ਪਿੰਡ ਦੇ ਪ੍ਰਸ਼ਾਸਨ ਵਿਚ ਸ਼ਾਮਲ ਹੋਣ ਲਈ ਸ਼ਕਤੀ ਪ੍ਰਦਾਨ ਕੀਤੀ ਹੈ।

ਜ਼ਮੀਨੀ ਪੱਧਰ ਦੀ ਰਾਜਨੀਤੀ ਵਿਚ ਔਰਤਾਂ ਦੀ ਭਾਗੀਦਾਰੀ ਘੱਟ ਰਹੀ ਹੈ ਕਿਉਂਕਿ ਪਿਤਾ-ਪੁਰਖੀ ਮਾਨਸਿਕਤਾ ਕਿ ਔਰਤਾਂ ਘਰ ਦੀਆਂ ਹੁੰਦੀਆਂ ਹਨ, ਜਿੱਥੇ ਉਨ੍ਹਾਂ ਦੀਆਂ ਜ਼ਿੰਮੇਵਾਰੀਆਂ ਘਰ ਦੇ ਕੰਮਾਂ ਅਤੇ ਬੱਚਿਆਂ ਦੇ ਪਾਲਣ-ਪੋਸ਼ਣ ਤੱਕ ਸੀਮਤ ਹਨ। ਇਸ ਤਰ੍ਹਾਂ ਔਰਤਾਂ ਨਾਲ ਸਰਗਰਮੀ ਨਾਲ ਵਿਤਕਰਾ ਕੀਤਾ ਜਾਂਦਾ ਹੈ ਅਤੇ ਕਿਉਂਕਿ ਉਨ੍ਹਾਂ ਕੋਲ ਘਰੇਲੂ ਫੈਸਲੇ ਲੈਣ ਦੀਆਂ ਸ਼ਕਤੀਆਂ ਸੀਮਤ ਹੁੰਦੀਆਂ ਹਨ, ਇਸ ਲਈ ਇਹ ਮੰਨਣਾ ਗੈਰ-ਵਾਜਬ ਹੈ ਕਿ ਉਨ੍ਹਾਂ ਕੋਲ ਭਾਈਚਾਰੇ ਲਈ ਫੈਸਲੇ ਲੈਣ ਦੇ ਬਹੁਤ ਸਾਰੇ ਮੌਕੇ ਹਨ। 73ਵੀਂ ਸੋਧ ਨਾਲ ਬਦਲਾਅ ਦੀ ਨੀਂਹ ਰੱਖੀ ਗਈ ਹੈ, ਰਾਜਨੀਤਿਕ ਦ੍ਰਿਸ਼ ਬਦਲ ਗਿਆ ਹੈ ਅਤੇ ਔਰਤਾਂ ਵਧੇਰੇ ਸਰਗਰਮ ਹੋ ਰਹੀਆਂ ਹਨ। ਚੁਣੀਆਂ ਗਈਆਂ ਮਹਿਲਾ ਨੁਮਾਇੰਦਿਆਂ ਨੇ ਸਮਾਜ ਦੇ ਹਾਸ਼ੀਏ 'ਤੇ ਰਹਿ ਗਏ ਵਰਗਾਂ ਦੀ ਸਥਿਤੀ ਨੂੰ ਮਜ਼ਬੂਤ ਕਰਕੇ ਅਤੇ ਜਿਨ੍ਹਾਂ ਕੋਲ ਕੋਈ ਆਵਾਜ਼ ਨਹੀਂ ਹੈ, ਉਨ੍ਹਾਂ ਨੂੰ ਸ਼ਕਤੀ ਪ੍ਰਦਾਨ ਕਰਕੇ ਸਥਾਨਕ ਪ੍ਰਸ਼ਾਸਨ ਨੂੰ ਬਦਲਿਆ ਹੈ। ਇਸ ਤੋਂ ਇਲਾਵਾ, ਉਹ ਸਮਾਜ ਦੀਆਂ ਹੋਰ ਔਰਤਾਂ ਨੂੰ ਲਿੰਗਕ ਰੂੜ੍ਹੀਆਂ ਨੂੰ ਤੋੜਨ ਅਤੇ ਫੈਸਲੇ ਲੈਣ ਦੀ ਪ੍ਰਕਿਰਿਆ ਵਿਚ ਸ਼ਾਮਲ ਹੋਣ ਲਈ ਪ੍ਰੇਰਿਤ ਕਰਦੇ ਹਨ।

ਚੁਣੀਆਂ ਗਈਆਂ ਮਹਿਲਾ ਪ੍ਰਤੀਨਿਧੀਆਂ ਦੀ ਇੱਕ ਹੋਰ ਅਹਿਮ ਭੂਮਿਕਾ ਪੇਂਡੂ ਵਿਕਾਸ ਨੂੰ ਲਿਆਉਣਾ ਹੈ। ਉਹ ਵੱਖ-ਵੱਖ ਰਾਜਨੀਤਿਕ ਰੁਕਾਵਟਾਂ ਨੂੰ ਪਾਰ ਕਰਨ ਅਤੇ ਆਪਣੇ ਭਾਈਚਾਰਿਆਂ ਦੀ ਬਿਹਤਰੀ ਲਈ ਸਰਬੋਤਮ ਤਬਦੀਲੀ ਲਿਆਉਣ ਦੇ ਯੋਗ ਹੋਏ ਹਨ। ਔਰਤਾਂ ਪ੍ਰਭਾਵਸ਼ਾਲੀ ਨੇਤਾਵਾਂ ਵਜੋਂ ਜਾਣੀਆਂ ਜਾਂਦੀਆਂ ਹਨ ਅਤੇ ਆਪਣੇ ਰੋਜ਼ਾਨਾ ਫਰਜ਼ਾਂ ਅਤੇ ਪ੍ਰਸ਼ਾਸਨ ਵਿਚ ਪਾਰਦਰਸ਼ਤਾ ਅਤੇ ਕੁਸ਼ਲਤਾ ਲਿਆਉਂਦੀਆਂ ਹਨ। ਉਹ ਆਪਣੇ ਭਾਈਚਾਰੇ ਦੀਆਂ ਲੋੜਾਂ ਨੂੰ ਸਮਝਦੇ ਹਨ ਅਤੇ ਜਾਗਰੂਕਤਾ ਲਿਆਉਣ ਅਤੇ ਭਾਈਚਾਰੇ ਨੂੰ ਦਰਪੇਸ਼ ਮੁੱਦਿਆਂ ਨੂੰ ਹੱਲ ਕਰਨ ਲਈ ਚੰਗੀ ਤਰ੍ਹਾਂ ਕੰਮ ਕਰਦੇ ਹਨ। ਇਸ ਲਈ, ਬਹੁਤ ਸਾਰੇ ਮਾਮਲਿਆਂ ਵਿਚ, ਮਹਿਲਾ ਨੇਤਾਵਾਂ ਨੇ ਵਾਧੂ ਫੰਡਾਂ ਅਤੇ ਸਰੋਤਾਂ ਲਈ ਸਖ਼ਤ ਲਾਬਿੰਗ ਵਰਗੀਆਂ ਵੱਖ-ਵੱਖ ਰੁਕਾਵਟਾਂ ਨਾਲ ਨਜਿੱਠਣ ਦੇ ਬਾਵਜੂਦ, ਆਪਣੇ ਪੁਰਸ਼ ਪੂਰਵਜਾਂ ਨਾਲੋਂ ਪੇਂਡੂ ਵਿਕਾਸ ਨੂੰ ਤੇਜ਼ੀ ਨਾਲ ਚਲਾਇਆ। ਇਸ ਤੋਂ ਇਲਾਵਾ, ਔਰਤਾਂ ਨੂੰ ਜ਼ੁਲਮ ਅਤੇ ਵਿਤਕਰੇ ਤੋਂ ਮੁਕਤ ਸਮਾਜ ਦੀ ਸਿਰਜਣਾ ਕਰਨ ਲਈ ਬਾਲ ਵਿਆਹ, ਪਰਦਾ ਪ੍ਰਥਾ ਅਤੇ ਦਾਜ ਪ੍ਰਥਾ ਵਰਗੀਆਂ ਸਮਾਜਕ ਤੌਰ 'ਤੇ ਪਿਛਾਖੜੀ ਪ੍ਰਥਾਵਾਂ ਦੇ ਵਿਰੁੱਧ ਸਮਾਜਿਕ ਕ੍ਰਾਂਤੀ ਦਾ ਅਸਲ ਏਜੰਟ ਮੰਨਿਆ ਜਾਂਦਾ ਹੈ।

ਰਾਜਨੀਤਿਕ ਖੇਤਰ ਵਿਚ ਔਰਤਾਂ ਦੇ ਪ੍ਰਵੇਸ਼ ਨਾਲ, ਲੋਕਤੰਤਰ ਦਾ ਚਿਹਰਾ ਪ੍ਰਤੀਨਿਧ ਲੋਕਤੰਤਰ ਤੋਂ ਭਾਗੀਦਾਰੀ ਵਾਲੇ ਲੋਕਤੰਤਰ ਵਿਚ ਬਦਲ ਗਿਆ ਹੈ। ਪਿੰਡਾਂ ਵਿਚ ਔਰਤਾਂ ਦੀ ਅਗਵਾਈ ਵਾਲੀ ਭੂਮਿਕਾ ਨਿਭਾਉਣ ਦੇ ਨਾਲ, ਉਹ ਕਿਸੇ ਵੀ ਕਿਸਮ ਦੀ ਜਾਤ-ਆਧਾਰਿਤ ਜਾਂ ਲਿੰਗ ਹਿੰਸਾ ਵਿਰੁੱਧ ਕਾਰਵਾਈ ਕਰਨ ਲਈ ਜਾਣੀ ਜਾਂਦੀ ਹੈ। ਔਰਤਾਂ ਨੂੰ ਕਲਿਆਣਕਾਰੀ ਲਾਭਾਂ ਦੇ ਪ੍ਰਾਪਤਕਰਤਾਵਾਂ ਵਜੋਂ ਦੇਖਣ ਤੋਂ ਲੈ ਕੇ ਉਨ੍ਹਾਂ ਨੂੰ ਇਨਕਲਾਬ ਦੇ ਸਫਲ ਏਜੰਟਾਂ ਵਜੋਂ ਸ਼ਾਮਲ ਕਰਨ ਤੱਕ, ਔਰਤਾਂ ਦੇ ਸਸ਼ਕਤੀਕਰਨ 'ਤੇ ਬਹਿਸ ਅੱਗੇ ਵਧੀ ਹੈ। ਹਾਲਾਂਕਿ, ਨੇਤਾ ਹੋਣ ਦੇ ਬਾਵਜੂਦ, ਔਰਤਾਂ ਨੂੰ ਕਈ ਰੁਕਾਵਟਾਂ ਦਾ ਸਾਹਮਣਾ ਕਰਨਾ ਪੈਂਦਾ ਹੈ, ਜੋ ਉਨ੍ਹਾਂ ਨੂੰ ਵਿਤਕਰੇ ਅਤੇ ਦੁਰਵਿਵਹਾਰ ਦਾ ਸ਼ਿਕਾਰ ਬਣਾਉਂਦੇ ਹਨ।

ਸਾਡੇ ਦੇਸ਼ ਵਿਚ ਪੰਚਾਇਤੀ ਰਾਜ ਸੰਸਥਾਵਾਂ ਦੀ ਸਥਾਪਨਾ ਇੱਕ ਔਰਤ ਨੂੰ ਇੱਕ ਵਧੀਆ ਪ੍ਰਸ਼ਾਸਕ, ਨਿਰਣਾਇਕ ਜਾਂ ਇੱਕ ਚੰਗੀ ਨੇਤਾ ਵਜੋਂ ਆਪਣੀ ਯੋਗਤਾ ਸਾਬਤ ਕਰਨ ਦਾ ਮੌਕਾ ਦਿੰਦੀ ਹੈ। 73ਵਾਂ ਸੰਵਿਧਾਨਕ ਸੋਧ ਐਕਟ, 1992 ਇਸ ਸਬੰਧ ਵਿਚ ਇੱਕ ਮੀਲ ਪੱਥਰ ਹੈ। ਇਸ ਨਾਲ ਔਰਤਾਂ ਨੂੰ ਅੱਗੇ ਆਉਣ ਦਾ ਮੌਕਾ ਮਿਲਦਾ ਹੈ। ਇਹ ਤਜ਼ਰਬਾ ਵੱਡੀ ਕਾਮਯਾਬੀ ਸਾਬਤ ਹੋ ਰਿਹਾ ਹੈ, ਖਾਸ ਤੌਰ 'ਤੇ ਔਰਤਾਂ ਨੂੰ ਘਰੋਂ ਬਾਹਰ ਨਿਕਲਣ ਅਤੇ ਪ੍ਰਸ਼ਾਸਨਿਕ ਅਤੇ ਸਿਆਸੀ ਖੇਤਰ 'ਚ ਹਿੱਸਾ ਲੈਣ ਦਾ ਮੌਕਾ ਦੇ ਕੇ। ਇਹ ਵਿਚਾਰਨਯੋਗ ਹੈ ਕਿ ਪੇਂਡੂ ਖੇਤਰਾਂ ਵਿਚ ਪੰਚਾਇਤੀ ਰਾਜ ਸੰਸਥਾਵਾਂ ਦੇ ਆਪਸੀ ਸਬੰਧਾਂ ਦੇ ਸ਼ੁਰੂਆਤੀ ਪੜਾਅ 'ਤੇ ਗ੍ਰਾਮ ਪੰਚਾਇਤ ਵਿਚ ਯੋਗ ਔਰਤਾਂ ਨੂੰ ਸ਼ਾਮਲ ਕਰਨਾ ਸਮਾਜਿਕ ਸਥਿਤੀ ਵਿਚ ਸੁਧਾਰ ਅਤੇ ਔਰਤਾਂ ਦੇ ਸਸ਼ਕਤੀਕਰਨ ਲਈ ਯੋਜਨਾਬੰਦੀ ਵਿਚ ਇੱਕ ਮਹੱਤਵਪੂਰਨ ਸਹਾਇਕ ਉਪਾਅ ਹੋਵੇਗਾ। ਔਰਤਾਂ ਸਾਡੇ ਦੇਸ਼ ਦੀ ਅੱਧੀ ਆਬਾਦੀ ਹੈ।

ਦੁਨੀਆਂ ਦੇ ਇੰਨੇ ਵੱਡੇ ਲੋਕਤੰਤਰ ਵਿਚ ਔਰਤਾਂ ਨੂੰ ਉਤਸ਼ਾਹਿਤ ਕਰਨਾ ਸਾਡਾ ਫਰਜ਼ ਹੈ। ਔਰਤਾਂ ਨੂੰ ਬਣਦਾ ਦਰਜਾ ਦਿਵਾਉਣ ਲਈ ਸਰਕਾਰੀ, ਗੈਰ-ਸਰਕਾਰੀ ਸੰਸਥਾਵਾਂ ਅਤੇ ਯੂਨੀਵਰਸਿਟੀਆਂ ਨੂੰ ਇਸ ਖੇਤਰ ਵਿਚ ਅਹਿਮ ਭੂਮਿਕਾ ਨਿਭਾਉਣੀ ਹੋਵੇਗੀ। ਔਰਤਾਂ ਦੇ ਇਸ ਸਮੂਹ ਨੂੰ, ਜੇਕਰ ਗ੍ਰਾਮ ਪੰਚਾਇਤ ਪੱਧਰ 'ਤੇ ਪ੍ਰਤੀਨਿਧਤਾ ਪ੍ਰਦਾਨ ਕੀਤੀ ਜਾਂਦੀ ਹੈ, ਤਾਂ ਉਹ ਮਜ਼ਬੂਤੀ ਨਾਲ ਉੱਠ ਸਕਦੇ ਹਨ ਅਤੇ ਔਰਤਾਂ ਦੀ ਬਿਹਤਰੀ ਨਾਲ ਸਬੰਧਤ ਮੁੱਦਿਆਂ ਨੂੰ ਸੰਭਾਲ ਸਕਦੇ ਹਨ, ਫੈਸਲੇ ਲੈਣ ਦੀ ਪ੍ਰਕਿਰਿਆ ਵਿਚ ਪ੍ਰਮੁੱਖ ਭੂਮਿਕਾ ਨਿਭਾ ਸਕਦੇ ਹਨ ਅਤੇ ਮੀਟਿੰਗ ਵਿਚ ਔਰਤਾਂ ਦੀ ਸਥਿਤੀ ਲਈ ਢੁੱਕਵੀਆਂ ਸਿਫ਼ਾਰਸ਼ਾਂ ਕਰ ਸਕਦੇ ਹਨ। ਸੁਧਾਰ ਲਈ, ਇਹ ਔਰਤਾਂ ਲਈ ਸੇਵਾਵਾਂ ਦੇ ਪ੍ਰਬੰਧ ਅਤੇ ਉਨ੍ਹਾਂ ਸਰੋਤਾਂ ਦੇ ਪ੍ਰਬੰਧਨ 'ਤੇ ਵਧੇਰੇ ਨਿਯੰਤਰਣ ਕਰਨ ਦੇ ਮੌਕੇ ਪੈਦਾ ਕਰਦਾ ਹੈ, ਜਿਨ੍ਹਾਂ ਤੋਂ ਉਹ ਲਾਭ ਉਠਾਉਂਦੀਆਂ ਹਨ। ਸਥਾਨਕ ਰਾਜਨੀਤੀ ਵਿਚ ਮਰਦਾਂ ਨਾਲ ਮੁਕਾਬਲਾ ਕਰਨ ਵਾਲੀਆਂ ਔਰਤਾਂ ਦੀ ਇੱਕ ਚੰਗੀ ਗਿਣਤੀ, ਲਿੰਗ ਸਮਾਨਤਾ ਵੱਲ ਲਿੰਗ ਏਜੰਡੇ ਨੂੰ ਅੱਗੇ ਵਧਾਉਣ ਲਈ ਵੇਖੀ ਜਾਂਦੀ ਹੈ।

# ਚੰਗੇ ਤਜ਼ਰਬੇ ਸ਼ੇਅਰ ਕਰਕੇ ਮਨ ਨੂੰ ਰੱਖੋ ਫਿੱਟ


*"ਸਾਲ 2023 ਦੇ ਮਾਨਸਿਕ ਸਿਹਤ ਵੀਕ ਦਾ ਥੀਮ ਹੈ 'ਮੇਰੀ ਕਹਾਣੀ', ਯਾਨਿ ਮਨ ਦੀ ਤੰਦਰਸਤੀ ਲਈ ਤਜ਼ਰਬੇ ਅਤੇ ਸਮੱਸਿਆਵਾਂ ਨੂੰ ਇੱਕ-ਦੂਜੇ ਨਾਲ ਸਾਂਝਾ ਕਰਨਾ ਹੈ। ਸ਼ੇਅਰ ਕਰਨ ਨਾਲ ਵਿਅਕਤੀ ਇੱਕਲਾਪਨ ਮਹਿਸੂਸ ਨਹੀਂ ਕਰਦਾ। ਵਿਸ਼ਵ ਭਰ ਵਿਚ ਭਾਵਨਾਤਮਕ, ਸਮਾਜਿਕ ਅਤੇ ਸਮੇਂ ਦੇ ਨਾਲ-ਨਾਲ ਬਦਲ ਰਹੇ ਹਾਲਾਤ ਮੁਤਾਬਿਕ 'ਇੱਕਲਾਪਨ' ਚੁਣੌਤੀ ਬਣਦਾ ਜਾ ਰਿਹਾ ਹੈ। ਇਕੱਲੇਪਨ ਨਾਲ ਜੁੜੀਆਂ ਖਤਰਨਾਕ ਬਿਮਾਰੀਆਂ ਦੇ ਵੱਧ ਰਹੇ ਅੰਕੜੇ 'ਤੇ ਕੰਟ੍ਰੋਲ ਕਰਨਾ ਜ਼ਰੂਰੀ ਹੋ ਗਿਆ ਹੈ"- ਅਨਿਲ ਧੀਰ*

ਅਨਿਲ ਧੀਰ
ਬਰੈਂਟਪਨ, ਕੈਨੇਡਾ
647-853-5800
healthmedia1@hotmail.com
(Punjab Mail USA)



ਸਾਲ 2023 ਦੇ ਮੈਂਟਲ ਹੈਲਥ ਅਵੇਅਰਨੈੱਸ ਹਫਤੇ ਦਾ ਥੀਮ "ਸਮੱਸਿਆਵਾਂ ਤੇ ਤਜ਼ਰਬੇ ਸਾਂਝੇ ਕਰਨ" ਬਾਰੇ ਗੱਲ ਕੀਤੀ ਜਾ ਰਹੀ ਹੈ। ਪਿਛਲੇ ਵੀਕ ਮਨ ਨੂੰ ਤੰਦਰੁਸਤ ਰੱਖਣ ਲਈ ਲੋਕਾਂ ਨੂੰ ਜਾਗਰੁਕ ਕੀਤਾ ਗਿਆ। ਦੇਸ਼-ਵਿਦੇਸ਼ ਵਿਚ ਰਹਿ ਰਹੇ ਹਰ ਦੂਜੇ ਬੱਚੇ ਕਾਰਨ ਪਿੱਛੇ ਬਜ਼ੁਰਗਾਂ ਦਾ ਇਕੱਲੇ ਰਹਿਣ ਕਾਰਨ ਮਾਨਸਿਕ-ਆਰਥਿਕ ਪ੍ਰਸ਼ਾਨੀਆਂ ਵਿਚ ਵਾਧਾ, ਬ੍ਰੇਕਅਪ, ਤਲਾਕ, ਸਮੇਂ ਤੋਂ ਪਹਿਲਾਂ ਜੀਵਨ-ਸਾਥੀ ਦਾ ਚਲੇ ਜਾਣਾ, ਜਾਂ ਬਦਲ ਰਹੇ ਘਰੇਲੂ ਹਾਲਾਤ ਵਿਸ਼ਵ ਭਰ ਵਿਚ ਖਤਰਨਾਕ ਬਿਮਾਰੀਆਂ ਪੈਦਾ ਕਰ ਰਹੇ ਹਨ। ਸ਼ੁਰੂਆਤ ਘੱਟ ਸਮੇਂ ਦੇ ਇੱਕਲੇਪਨ ਤੋਂ ਲੈ ਕੇ ਲੰਬੇ ਸਮੇਂ ਦੇ ਇਕੱਲੇਪਨ ਦੌਰਾਣ ਸਿਰਫ ਪ੍ਰੇਸ਼ਾਨੀਆਂ ਹੀ ਦੇਖੀਆਂ ਜਾ ਰਹੀਆਂ ਹਨ। ਭਾਵਨਾਤਮਕ ਇਕੱਲਾਪਨ, ਇਨਸਾਨ, ਪਸ਼ੂ-ਪੰਛੀ ਸਾਰਿਆਂ ਨੂੰ ਪ੍ਰਭਾਵਿਤ ਕਰ ਰਿਹਾ ਹੈ।

ਪੁਰਾਣੀ ਇੱਕਲਤਾ ਉਦੋਂ ਦੇਖਣ ਨੂੰ ਮਿਲਦੀ ਹੈ, ਜਦੋਂ ਇਕੱਲੇਪਣ ਦੀਆਂ ਭਾਵਨਾਵਾਂ ਅਤੇ ਅਸੁਵਿਧਾਜਨਕ ਸਮਾਜਿਕ ਅਲੱਗ-ਥਲੱਗ ਲੰਬੇ ਸਮੇਂ ਲਈ ਜਾਰੀ ਰਹਿੰਦਾ ਹੈ। ਇਹ ਇਕੱਲੇ ਹੋਣ, ਦੂਜਿਆਂ ਤੋਂ ਵੱਖ ਹੋਣ ਜਾਂ ਵੰਡੇ ਜਾਣ ਦੀਆਂ ਲਗਾਤਾਰ ਅਤੇ ਨਿਰਲੇਪ ਭਾਵਨਾਵਾਂ ਅਤੇ ਡੂੰਘੇ ਪੱਧਰ 'ਤੇ ਜੁੜਨ ਦੀ ਅਸਮਰਥਤਾ ਦੁਆਰਾ ਸਾਹਮਣੇ ਆ ਰਿਹਾ ਹੈ। ਇਹ ਅਯੋਗਤਾ, ਗਰੀਬ ਸਵੈ-ਮਾਣ ਅਤੇ ਨਫਰਤ ਦੀਆਂ ਡੂੰਘੀਆਂ ਜੜ੍ਹਾਂ ਵਾਲੀ ਭਾਵਨਾਵਾਂ ਦੇ ਨਾਲ ਵੀ ਹੋ ਸਕਦਾ ਹੈ। ਇਹ ਹਾਲਾਤ ਜ਼ਿੰਦਗੀ ਦੇ ਹਰ ਪਹਿਲੂ ਨੂੰ ਪ੍ਰਭਾਵਿਤ ਕਰ ਰਹੇ ਹਨ। ਇਕੱਲੇਪਨ ਦੇ ਲੱਛਣ ਹਾਲਾਤ ਮੁਤਾਬਿਕ ਵੱਖ-ਵੱਖ ਵੀ ਹੋ ਸਕਦੇ ਹਨ। ਲੰਬੇ ਸਮੇਂ ਤੋਂ ਇਕੱਲੇਪਨ ਵਾਲੇ ਡਿਪਰੈਸ਼ਨ ਅਤੇ ਬਾਈਪੋਲਰ ਡਿਸਆਰਡਰ, ਉਦਾਸੀ, ਜਿਨਸੀ ਝੁਕਾਅ, ਔਟਿਜ਼ਮ, ਡਿਮੈਂਸ਼ੀਆ ਅਤੇ ਅਲਜ਼ਾਈਮਰ, ਨੀਂਦ ਵਿਕਾਰ,




ਟਾਈਪ-2 ਸ਼ੂਗਰ, ਦਿਲ ਦਾ ਦੌਰਾ, ਹਾਈਪ੍ਰਟੈਂਸ਼ਨ ਅਤੇ ਨਸ਼ੀਲੇ ਪਦਾਰਥਾਂ ਦੀ ਵਰਤੋਂ ਦੇ ਸ਼ਿਕਾਰ ਹੋ ਰਹੇ ਹਨ। ਇਕੱਲੇਪਨ ਦਾ ਸ਼ਿਕਾਰ ਵਿਅਕਤੀ ਹਮੇਸ਼ਾ ਮਹਿਸੂਸ ਕਰਦਾ ਹੈ ਕਿ ਉਸਦਾ ਕੋਈ ਦੋਸਤ-ਮਿੱਤਰ, ਪਰਿਵਾਰ ਦਾ ਮੈਂਬਰ ਆਪਣਾ ਨਹੀਂ ਰਿਹਾ ਅਤੇ ਨੈਗੇਟਿਵ ਹੀ ਸੋਚਦਾ ਹੈ।

### ਪਰਸਨਲ ਕਹਾਣੀ ਤੇ ਸਮੱਸਿਆਵਾਂ ਇੱਕ-ਦੂਜੇ ਨਾਲ ਸਾਂਝਾ ਕਰੋ:

ਹੋ ਸਕਦਾ ਹੈ, ਕਦੇ ਵਿਅਕਤੀ ਪਰਿਵਾਰਕ ਮੈਂਬਰ ਅਤੇ ਦੋਸਤਾਂ ਨਾਲ ਡੂੰਘਾ ਰਿਸ਼ਤਾ ਰੱਖਣ ਵਿਚ ਅਸਮਰਥ ਹੋਣ ਕਰਕੇ ਇਕੱਲਾਪਨ ਮਹਿਸੂਸ ਕਰੇ। ਦਰਜਨਾਂ ਲੋਕਾਂ ਨਾਲ ਘਿਰੀ ਹੋਈ ਪਾਰਟੀ ਵਿਚ ਅਲੱਗ-ਥਲੱਗ ਇੱਕਲੇ ਅਤੇ ਕਈ ਪੈਦਲ ਚਲਦੇ, ਬੱਸ ਜਾਂ ਟ੍ਰੇਨ ਵਿਚ ਸਫਰ ਕਰਦੇ ਹੋਏ ਇਕੱਲਾਪਨ, ਸਵੈ-ਸ਼ੱਕ ਅਤੇ ਨਕਾਰਾਤਮਕ ਭਾਵਨਾਵਾਂ ਵੀ ਕਾਰਨ ਬਣ ਸਕਦੀਆਂ ਹਨ। ਲੰਬੇ ਸਮੇਂ ਦੀ ਯਾਨਿ ਪੁਰਾਣੀ ਇਕੱਲਤਾ ਸਰੀਰ ਅੰਦਰ ਕੋਰਟੀਸੋਲ ਹਾਰਮੋਨ ਦਾ ਲੈਵਲ ਵੱਧ ਜਾਣ ਨਾਲ ਸਰੀਰਕ ਤਣਾਅ ਦਾ ਵੱਧਣਾ, ਸੋਜ਼ਿਸ਼, ਸਰੀਰ ਦੇ ਵਜ਼ਨ ਵਿਚ ਵਾਧਾ, ਇਨਸੂਲਿਨ ਪ੍ਰਤੀਰੋਧ, ਧਿਆਣ ਕੇਂਦਰਿਤ ਕਰਨ ਵਿਚ ਮੁਸ਼ਕਲ ਦਾ ਸਾਹਮਣਾ ਤੇ ਹੋਰ ਬਹੁਤ ਕੁੱਝ ਹੋ ਸਕਦਾ ਹੈ। ਗੰਭੀਰ ਹਾਲਾਤ ਤੋਂ ਬਚਣ ਲਈ ਇਕੱਲੇਪਨ ਦੇ ਸ਼ਿਕਾਰ ਲੋਕਾਂ ਦੀ ਜਾਂਚ ਕਰਨੀ ਬੜੀ ਜ਼ਰੂਰੀ ਹੋ ਜਾਂਦੀ ਹੈ।

- ਆਮ ਇਕੱਲੇਪਨ ਦੀ ਹਾਲਤ ਵਿਚ ਆਪਣੇ ਆਪ ਨੂੰ ਪੁੱਛੋ ਕਿ ਤੁਸੀਂ ਇੱਕਲੇ ਕਿਉਂ ਮਹਿਸੂਸ ਕਰਦੇ ਹੋ? ਹਾਲਾਤ ਨੂੰ ਸਮਝ ਕੇ ਸਲਾਹਕਾਰ ਦੀ ਮਦਦ ਵੀ ਲੈ ਸਕਦੇ ਹੋ।
- ਦੂਜਿਆਂ ਨਾਲ ਆਪਣੀ ਤੁਲਨਾ ਕਰਨ ਤੋਂ ਬਚਣਾ ਚਾਹੀਦਾ ਹੈ। ਦੂਜਿਆਂ ਨੂੰ ਦੇਖਣਾ ਅਤੇ ਆਪਣੇ ਆਪ ਨੂੰ ਛੱਡੇ ਹੋਏ ਮਹਿਸੂਸ ਕਰਨਾ ਆਸਾਨ ਹੈ, ਪਰ ਦਿੱਖ ਧੋਖਾ ਦੇਣ ਵਾਲੀ ਹੋ ਸਕਦੀ ਹੈ। ਸੋਸ਼ਲ ਪਲੇਟਫਾਰਮ 'ਤੇ ਇੱਕ-ਦੂਜੇ ਦੀ ਫਰੈਂਡ ਰਿਕੁਐਸਟ ਸਵੀਕਾਰ ਕਰਕੇ ਦੋਸਤ ਲੱਭਣਾ ਮਨ ਦਾ ਵਹਿਮ ਵੀ ਹੋ ਸਕਦਾ ਹੈ। ਹਰ ਆਦਮੀ ਕੇਵਲ ਆਪਣੇ ਫਾਲੋਅਰਜ਼ ਵਧਾਉਣ ਵਿਚ ਲੱਗਾ ਹੋਇਆ ਹੈ।
- ਇਕੱਲੇਪਨ ਦੀ ਆਮ ਹਾਲਤ ਵਿਚ ਸਮੇਂ ਦਾ ਫਾਇਦਾ ਲੈਣ ਦਾ ਤਰੀਕਾ ਲੱਭੋ। ਇਸ ਹਾਲਤ ਵਿਚ ਆਪਣੇ ਸ਼ੋਕ ਨੂੰ ਅੱਗੇ ਵਧਾਓ। ਨਵਾਂ ਹੁਨਰ ਸਿੱਖੋ। ਆਪਣੇ ਸ਼ੋਕ ਮੁਤਾਬਿਕ ਕਲੱਬ, ਸੰਸਥਾਵਾਂ ਨਾਲ ਜੁੜੋ। ਇੱਕ-ਦੂਜੇ ਨਾਲ ਦਿਲਚਸਪੀਆਂ ਸਾਂਝਾ ਕਰੋ। ਦੋਸਤਾਂ ਦੀ ਸਲਾਹ ਵੀ ਲੈ ਸਕਦੇ ਹੋ।
- ਘੱਟ ਸਮੇਂ ਦੇ ਇੱਕਲੇਪਨ ਨੂੰ ਦੂਰ ਕਰਨ ਲਈ ਹੌਂਸਲਾ ਰੱਖੋ ਅਤੇ ਵਿਅਸਤ ਰਹੋ। ਪੜੋਸੀ, ਰਿਸ਼ਤੇਦਾਰ ਅਤੇ ਦੋਸਤਾਂ ਨਾਲ ਮਿਲ ਕੇ ਜਾਂ ਫੋਨ 'ਤੇ ਗੱਲਬਾਤ ਕਰਨ ਦੀ ਕੋਸ਼ਿਸ਼ ਕਰੋ। ਮਾਨਸਿਕ ਤੌਰ 'ਤੇ ਪਰਿਵਾਰ ਅਤੇ ਦੋਸਤਾਂ ਨਾਲ ਜੁੜ ਕੇ ਮਹਿਸੂਸ ਕਰੋ ਕਿ ਮੈਂ ਇਕੱਲਾ ਨਹੀਂ ਹਾਂ।
- ਆਪਣਾ ਪਸੰਦੀਦਾ ਐਨੀਮਲ ਡਾੱਗ, ਕੈਟ ਅਤੇ ਬੱਨੀ ਨੂੰ ਘਰ ਵਿਚ ਪਾਲ ਕੇ ਆਪਣੇ ਸਟ੍ਰੈਸ ਨੂੰ ਘਟਾਓ।

ਨੋਟ: ਜੀਵਨ-ਸਾਥੀ ਦਾ ਲਾਈਫ ਵਿਚੋਂ ਜਾਣਾ ਸਭ ਤੋਂ ਬੱਡਾ ਸ਼ੋਕ ਯਾਨਿ ਝੱਟਕਾ ਹੈ। ਇਹ ਜ਼ਿੰਦਗੀ ਦਾ ਔਖਾ ਸਮਾਂ ਹੈ, ਜਿਸ ਵਿਚ ਕੁੱਝ ਸਮੇਂ ਬਾਅਦ ਹਾਲਾਤ ਤੇ ਬਿਮਾਰੀ ਮੁਤਾਬਿਕ ਅੱਗੇ ਦੀ ਲਾਈਫ ਨੂੰ ਕਾਇਮ ਰੱਖਣ ਲਈ ਬਰਾਬਰ ਡਾਕਟਰੀ ਜਾਂਚ ਦੁਆਰਾ ਇਲਾਜ ਕਰਾਓ। ਆਪਣੀ ਖੁਰਾਕ ਦਾ ਪੂਰਾ ਧਿਆਨ ਰੱਖੋ। ਆਪਣਾ ਇਕੱਲਾਪਨ ਦੂਰ ਕਰਨ ਲਈ 2-4 ਘੰਟੇ ਧਾਰਮਿਕ ਥਾਂ ਗੁਰੂ ਘਰ, ਮੰਦਿਰ, ਚਰਚ ਵਿਚ ਵਲੰਟੀਅਰ ਸੇਵਾ ਕਰੋ। ਦੋਸਤ, ਰਿਸ਼ਤੇਦਾਰਾਂ ਨਾਲ ਹੈਲਦੀ ਰਿਸ਼ਤਾ ਬਣਾ ਕੇ ਰੱਖੋ ਤੇ ਹਰ ਸਮੱਸਿਆ ਸਾਂਝੀ ਕਰੋ। ਸਰੀਰ ਅਤੇ ਮਨ ਦੀ ਸਮੱਸਿਆ ਦੂਰ ਕਰਨ ਮਾਹਿਰ ਦੀ ਸਲਾਹ ਜ਼ਰੂਰ ਲਵੋ।

## ‘ਜੋ ਦਿਖਾ, ਸੋ ਲਿਖਾ’

# ਕੇਜਰੀਵਾਲ ਤੇ ਮਾਨ ਬਣੇ ਆਮ ਤੋਂ ਖਾਸ

## ‘ਕੱਟੜ ਇਮਾਨਦਾਰੀ ਅਤੇ ਨੈਤਿਕਤਾ ਦੀਆਂ ਉਡੀਆਂ ਧੱਜੀਆਂ




**ਦਰਸ਼ਨ ਸਿੰਘ ਸ਼ੰਕਰ**
ਜ਼ਿਲ੍ਹਾ ਲੋਕ ਸੰਪਰਕ ਅਫਸਰ (ਰਿਟਾ.)
ਫੋਨ: 99158-36543
(Punjab Mail USA)






ਉਂਝ ਤਾਂ ਲੋਕ ਦੇਸ਼ ਦੇ ਉੱਚ ਅਹੁੱਦਿਆਂ ’ਤੇ ਬਿਰਾਜਮਾਨ ਲੀਡਰਾਂ ਦੇ ਸ਼ਾਹੀ ਖਰਚਾਂ ਤੋਂ ਸਾਰੇ ਭਲੀ ਪ੍ਰਕਾਰ ਵਾਕਫ ਨੇ। ਰਵਾਇਤੀ ਪਾਰਟੀਆਂ ਦੇ ਲੀਡਰਾਂ ਨੇ ਕਦੇ ਵੀ ਕੱਟੜ ਇਮਾਨਦਾਰੀ, ਵੱਡੇ ਘਰ ਅਤੇ ਬੇਲੋੜੀ ਸੁਰੱਖਿਆ ਨਾਂ ਲੈਣ ਦੀ ਗੱਲ ਨਹੀਂ ਕੀਤੀ ਅਤੇ ਨਾ ਹੀ ਜਨਤਾ ਇਨ੍ਹਾਂ ਤੋਂ ਕੋਈ ਅਜਿਹੀ ਤਵੱਕੋ ਹੀ ਰੱਖਦੀ ਹੈ। ਪਰ ਭ੍ਰਿਸ਼ਟਾਚਾਰ ਵਿਰੁੱਧ ਅੰਦੋਲਨ ਵਿਚੋਂ ਨਿਕਲੀ ਅਰਵਿੰਦ ਕੇਜਰੀਵਾਲ ਦੀ ਆਮ ਆਦਮੀ ਪਾਰਟੀ ਨੂੰ ਜਨਤਾ ਨੇ ਬਦਲਾਅ ਲਈ ਦਿੱਲੀ ਅਤੇ ਪੰਜਾਬ ਅੰਦਰ ਜਨਤਾ ਨੇ ਵੱਡੀ ਬਹੁਮੱਤ ਦੇ ਕੇ ਸੱਤਾ ’ਤੇ ਬਿਠਾਇਆ ਹੈ। ਚੋਣਾਂ ਦੌਰਾਨ ਇਸ ਪਾਰਟੀ ਦੇ ਲੀਡਰਾਂ ਨੇ ਕੱਟੜ ਇਮਾਨਦਾਰ ਹੋਣ, ਵੱਡੀਆਂ ਗੱਡੀਆਂ, ਵੱਡੇ ਘਰ ਅਤੇ ਸੁਰੱਖਿਆ ਨਾ ਲੈਣ ਅਤੇ ਸਾਦੇ ਜੀਵਨ ਦੇ ਵਾਅਦੇ ਕਰਕੇ ਵੱਡੀਆਂ ਉਮੀਦਾਂ ਜਗਾਈਆਂ ਸਨ। ਹੁਣ ਸੱਤਾ ਵਿਚ ਆਉਣ ’ਤੇ ਪਾਰਟੀ ਜਦੋਂ ਰਵਾਇਤੀ ਪਾਰਟੀਆਂ ਵਾਲੇ ਰਸਤੇ ’ਤੇ ਹੀ ਚੱਲਦੀ ਦਿੱਖੇ, ਤਾਂ ਜਨਤਾ ਮਾਯੂਸ ਹੋ ਰਹੀ ਹੈ। ‘ਆਪ’ ਸੁਪਰੀਮੋ ਕੇਜਰੀਵਾਲ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੀ ਕੱਟੜ ਇਮਾਨਦਾਰੀ ਅਤੇ ਸਾਦਗੀ ਤੋਂ ਭਟਕਣ ਦੀ ਚਰਚਾ ਛਿੜੀ ਹੋਈ ਹੈ। ਦੂਜੀਆਂ ਪਾਰਟੀਆਂ ਦੇ ਲੀਡਰਾਂ ਖਿਲਾਫ ਪੜਤਾਲਾਂ ਸ਼ੁਰੂ ਕਰਕੇ ਵਾਹ-ਵਾਹ ਖੱਟਣ ਵਾਲੇ ਖੁਦ ਗੰਭੀਰ ਦੋਸ਼ਾਂ ਵਿਚ ਘਿਰੇ ਦਿੱਸਦੇ ਨੇ। ਪਾਰਟੀ ਵਲੋਂ ਕੇਜਰੀਵਾਲ ਨੂੰ ਕੱਟੜ ਇਮਾਨਦਾਰ ਅਤੇ ਸਿਰੇ ਦਾ ਕਾਬਲ ਪ੍ਰਚਾਰ ਕੇ ਅਗਲੇ ਪ੍ਰਧਾਨ ਮੰਤਰੀ ਵਜੋਂ ਪੇਸ਼ ਕੀਤਾ ਜਾ ਰਿਹੈ। ਸ਼ੁਰੂਆਤੀ ਸਮੇਂ ਵਿਚ ਸਿੱਖਿਆ ਅਤੇ ਸਿਹਤ ਖੇਤਰਾਂ ਵਿਚ ਚੰਗੀ ਕਾਰਗੁਜ਼ਾਰੀ ਕਾਰਨ ਦਿੱਲੀ ਵਿਚ ਤੀਜੀ ਵਾਰ ਕੇਜਰੀਵਾਲ ਦੀ ਸਰਕਾਰ ਬਣੀ ਹੈ। ਪਰ ਹੁਣ ਇਸ ਦੇ ਨੇਤਾਵਾਂ ਵਿਰੁੱਧ ਭ੍ਰਿਸ਼ਟਾਚਾਰ, ਫਜ਼ੂਲ ਖਰਚੀ ਅਤੇ ਬੇਲੋੜੀ ਸੁਰਖਿਆ ਦੇ ਦੋਸ਼ ਆਮ ਨੇ। ਇਸ ਤਰ੍ਹਾਂ ਪਾਰਟੀ ਦੇ ਨੇਤਾਵਾਂ ਦਾ ਵਰਤਾਰਾ ਦੂਜੀਆਂ ਪਾਰਟੀਆਂ ਦੇ ਲੀਡਰਾਂ ਵਾਲਾ ਹੀ ਜਾਪਦੈ, ਜਿਸ ਨਾਲ ਜਨਤਾ ਵਿਚ ਨਿਰਾਸ਼ਤਾ ਵਧਣੀ ਲਾਜ਼ਮੀ ਹੈ। ਉਂਝ ਕੇਜਰੀਵਾਲ ਅਤੇ ਭਗਵੰਤ ਮਾਨ ਇਨ੍ਹਾਂ ਦੋਸ਼ਾਂ ਨੂੰ ਵਿਰੋਧੀਆਂ ਦੀ ਝੂਠੀ ਅਤੇ ਬੇਬੁਨਿਆਦ ਦੂਸ਼ਣਬਾਜ਼ੀ ਹੀ ਦੱਸ ਰਹੇ ਨੇ। ਸਾਡਾ ਇਹ ਸਭ ਕੁੱਝ ਬਿਆਨ ਕਰਨ ਦਾ ਮੰਤਵ ਕਿਸੇ ’ਤੇ ਬੇਵਜਾਹ ਉਂਗਲ ਉਠਾਉਣਾ ਹਰਗਿਜ਼ ਨਹੀਂ, ਸਗੋਂ ‘ਆਰ.ਟੀ.ਐਕਟ’ ਅਧੀਨ ਆਈ ਜਾਣਕਾਰੀ ਤੋਂ ਪਾਠਕਾਂ ਨੂੰ ਜਾਣੂ ਕਾਰਾਉਣਾ ਹੈ।

### ਸਾਦਗੀ ਸਵਾਲਾਂ ’ਚ

ਕੱਟੜ ਇਮਾਨਦਾਰੀ, ਸਾਦਗੀ ਅਤੇ ਨੈਤਿਕਤਾ ਦੀ ਮੂਰਤ ‘ਆਪ’ ਸੁਪਰੀਮੋ ਕੇਜਰੀਵਾਲ ਦੇ ਸਰਕਾਰੀ ਘਰ ਦੀ ਰੈਨੋਵੇਸ਼ਨ ਦੇ ਖ਼ੂਬ ਚਰਚੇ ਨੇ। ਉਂਝ ਸਰਕਾਰੀ ਘਰਾਂ ਦੀ ਮੁਰੰਮਤ ਆਮ ਮਾਮਲਾ ਹੈ, ਜੋ ਕਦੇ ਵੱਡੀ ਚਰਚਾ ਦਾ ਵਿਸ਼ਾ ਨਹੀਂ ਬਣਿਆ। ਜਦੋਂ ਵਿਰੋਧੀ ਲੀਡਰ ‘ਸੂਚਨਾ ਐਕਟ’ ਅਧੀਨ ਜਾਣਕਾਰੀ ਲੈ ਕੇ ਉਂਗਲ ਉਠਾਉਣ ਤਾਂ ਚਰਚਾ ਹੋਣੀ ਬਣਦੀ ਹੈ। ਕੇਜਰੀਵਾਲ ਦੀ ਸਰਕਾਰੀ ਰਿਹਾਇਸ਼ ਦੇ ਨਵ ਨਿਰਮਾਣ (ਰੈਨੋਵੇਸ਼ਨ) ’ਤੇ 45 ਕਰੋੜ ਖਰਚ ਕੇ ਅਲੀਸ਼ਾਨ ਬੰਗਲਾ ਬਣਾਉਣ ਦੇ ਦੋਸ਼ ਲੱਗੇ ਨੇ। ਕਾਂਗਰਸ ਆਗੂ ਅਜੈ ਮਾਕਨ ਨੇ ਤਾਂ 45 ਕਰੋੜ ਦੀ ਬਜਾਏ 171 ਕਰੋੜ ਦਾ ਖਰਚਾ ਦੱਸਿਐ। ਮਾਕਨ ਅਨੁਸਾਰ ਰਿਹਾਇਸ਼ ਨਾਲ 4 ਹੋਰ ਕੰਪਲੈਕਸ ਸਨ, ਜਿਨ੍ਹਾਂ ਵਿਚ 22 ਅਫਸਰਾਂ ਦੀ ਰਿਹਾਇਸ਼ ਸੀ। ਇਨ੍ਹਾਂ ਵਿਚੋਂ 15 ਢਾਹੇ ਗਏ ਅਤੇ 7 ਖਾਲੀ ਰੱਖੇ ਗਏ ਨੇ। ਅਫਸਰਾਂ ਲਈ ਰਾਸ਼ਟਰਮੰਡਲ ਖੇਡਾਂ ਪਿੰਡ ਵਿਚ ਵੱਡੇ 5 ਫਲੈਟ 126 ਕਰੋੜ ਰੁਪਏ ਦੇ ਖਰੀਦੇ ਨੇ। ਇਸ ਤਰ੍ਹਾਂ ਸਰਕਾਰੀ ਖਜ਼ਾਨੇ ਵਿਚੋਂ ਕੁੱਲ 171 ਕਰੋੜ ਰੁਪਏ ਖਰਚੇ ਗਏ। ਰੈਨੋਵੇਸ਼ਨ ਸਮੇਂ ਦਿੱਲੀ ਅੰਦਰ ਕੋਵਿਡ ਸਿਖਰ ’ਤੇ ਸੀ ਅਤੇ ਆਕਸੀਜਨ ਦੀ ਕਮੀ ਚੱਲ ਰਹੀ ਸੀ। ਸਰਕਾਰੀ ਘਰ ਨੂੰ ਅਲੀਸ਼ਾਨ ਮਹਿਲ ਦਾ ਰੂਪ ਦੇਣ ਲਈ 11.03 ਕਰੋੜ ਦੇ ਇੰਨਟੀਰੀਅਰ, 6 ਕਰੋੜ ਦਾ ਵੀਅਤਨਾਮ ਤੋਂ ਮਾਰਬਲ, 5.43 ਕਰੋੜ ਦੇ ਬਿਜਲੀ ਉਪਕਰਣ, 5 ਕਰੋੜ ਆਧੁਨਿਕ ਸਜਾਵਟੀ ਸਾਮਾਨ, 1 ਕਰੋੜ ਕੰਨਸਲਟੈਂਸੀ, 1 ਕਰੋੜ ਵੁਡਨ ਫਲੋਰਿੰਗ, 1.01 ਕਰੋੜ ਦੇ ਬਰਤਨ, 43 ਲੱਖ ਦੇ ਪਰਦੇ ਆਦਿ ’ਤੇ ਖਰਚ ਹੋਇਐ, ਜੋ ਆਮ ਆਦਮੀ ਲਈ ਬੇਲੋੜਾ ਜਾਪਦੈ। ‘ਆਪ’ ਦਾ ਤਰਕ ਹੈ ਕਿ ਮੁੱਖ ਮੰਤਰੀ ਨਿਵਾਸ ਬਹੁਤ ਪੁਰਾਣਾ ਸੀ ਅਤੇ ਮੁਰੰਮਤ ਜ਼ਰੂਰੀ ਸੀ। ਨਾਲ ਹੀ ਦੱਸਿਆ ਕਿ ਪ੍ਰਧਾਨ ਮੰਤਰੀ ਲਈ 467 ਕਰੋੜ ਦਾ ਨਵਾਂ ਘਰ ਬਣ ਰਿਹੈ। ਇਹ ਵੀ ਕਿਹਾ ਕਿ ਦਿੱਲੀ ਦੇ ਉੱਪ ਰਾਜਪਾਲ ਦੇ ਘਰ ਦੀ ਮੁਰੰਮਤ ’ਤੇ 15 ਕਰੋੜ ਖਰਚੇ ਗਏ ਨੇ। ਜਿਸ ’ਤੇ ਕੋਈ ਚਰਚਾ ਨਹੀਂ ਹੋ ਰਹੀ। ਵਿਰੋਧੀ ਲੀਡਰਾਂ ਨੇ ਤਾਂ ਕਦੇ ਸਾਦਗੀ ਦੀ ਗੱਲ ਹੀ ਨਹੀਂ ਕੀਤੀ। ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਅਨੁਸਾਰ ਕੇਜਰੀਵਾਲ ਦੋਹਰੀ ਜ਼ੈਡ ਪਲੱਸ ਸੁਰੱਖਿਆ ਛੱਤਰੀ ਵਾਲੇ ਦੇਸ਼ ਦੇ ਇਕੋ ਇਕ ਲੀਡਰ ਨੇ, ਜਿਨ੍ਹਾਂ ਨੂੰ ਕੇਂਦਰ ਅਤੇ ਪੰਜਾਬ ਸਰਕਾਰ ਵਲੋਂ ਵੱਖ-ਵੱਖ ਸੁਰੱਖਿਆ ਦਿੱਤੀ ਹੋਈ ਹੈ। ਸੂਚਨਾ ਐਕਟ ਅਧੀਨ ਜਾਣਕਾਰੀ ਅਨੁਸਾਰ ਕੇਜਰੀਵਾਲ ਨਾਲ ਪੰਜਾਬ ਸਰਕਾਰ ਨੇ ਸੁਰੱਖਿਆ ਲਈ ਢਾਈ-ਢਾਈ ਕਰੋੜ ਦੀਆਂ 2 ਲੈਂਡ ਕਰੂਜ਼ਰ ਗੱਡੀਆਂ ਅਤੇ 80 ਕਮਾਂਡੋ ਲਗਾਏ ਨੇ। ਰਾਜ ਸਭਾ ਮੈਂਬਰ ਰਾਘਵ ਚੱਢਾ ਨੂੰ ਵੀ ਇਕ ਲੈਂਡ ਕਰੂਜ਼ਰ ਅਤੇ 50 ਕਮਾਂਡੋ ਦੇ ਰੱਖੇ ਨੇ। ਸ. ਬਾਜਵਾ ਨੇ ਪੰਜਾਬ ਦੇ ਮੁੱਖ ਮੰਤਰੀ ਵਲੋਂ ਸਰਕਾਰੀ ਰਿਹਾਇਸ਼ ਤੋਂ ਇਲਾਵਾ ਕਰੀਬ ਦਰਜਨ ਵੱਡੀਆਂ ਕੋਠੀਆਂ ਅਣਅਧਿਕਾਰਤ ਵਿਅਕਤੀਆਂ ਨੂੰ ਦੇ ਰੱਖੀਆਂ ਨੇ। ਬਾਜਵਾ ਅਨੁਸਾਰ ਪਹਿਲੇ ਮੁੱਖ ਮੰਤਰੀਆਂ ਦੀ ਵੱਡੀ ਸੁਰੱਖਿਆ ’ਤੇ ਸਵਾਲ ਉਠਾਉਣ ਵਾਲੇ ਭਗਵੰਤ ਮਾਨ ਦੇ ਕਾਫਲੇ ਵਿਚ ਢਾਈ-ਢਾਈ ਕਰੋੜ ਦੀਆਂ 8 ਲੈਂਡ ਕਰੂਜ਼ਰ ਸਮੇਤ 122 ਗੱਡੀਆਂ ਅਤੇ 1100 ਸੁਰੱਖਿਆ ਮੁਲਾਜ਼ਿਮ ਨੇ। ਅਲੀਸ਼ਾਨ ਘਰ, ਗੱਡੀਆਂ ਦੇ ਵੱਡੇ ਕਾਫਲਾ ਅਤੇ ਸਖਤ ਸੁਰੱਖਿਆ ਲੈਣ ਨਾਲ ਕੇਜਰੀਵਾਲ ਅਤੇ ਭਗਵੰਤ ਮਾਨ ਦਾ ਅਕਸ ਆਮ ਆਦਮੀ ਵਾਲਾ ਨਹੀਂ ਜਾਪਦਾ।

### ਭ੍ਰਿਸ਼ਟਾਚਾਰ ਦੇ ਲੱਗਦੇ ਦੋਸ਼

ਇਸ ਸਮੇਂ ਦਿੱਲੀ ਸਰਕਾਰ ਦੀ ਸ਼ਰਾਬ ਨੀਤੀ ਦੇ ਕਥਿਤ 100 ਕਰੋੜ ਦੇ ਘੁਟਾਲੇ ਵਿਚ ਪਾਰਟੀ ਦੇ ਵੱਡੇ ਲੀਡਰ ਘਿਰੇ ਹੋਏ ਨੇ। ਸੀ.ਬੀ.ਆਈ. ਅਤੇ ਈ.ਡੀ. ਵਲੋਂ ਮਾਮਲੇ ਦਰਜ ਕਰਕੇ ਸਰਕਾਰ ਦੇ ਕਈ ਵੱਡੇ ਅਹੁਦੇਦਾਰਾਂ ਦੀ ਗ੍ਰਿਫਤਾਰੀ ਵੀ ਹੋ ਚੁੱਕੀ ਹੈ। ਉੱਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਸੀ.ਬੀ.ਆਈ. ਵਲੋਂ 25 ਫਰਵਰੀ ਨੂੰ ਗ੍ਰਿਫਤਾਰ ਕੀਤੇ ਗਏ ਅਤੇ ਈ.ਡੀ. ਦੀ ਚਾਰਜਸ਼ੀਟ ਵਿਚ ਉਨ੍ਹਾਂ ਨੂੰ ਮੁੱਖ ਦੋਸ਼ੀ ਵਜੋਂ ਰੱਖਿਆ ਗਿਐ। ਕੇਜਰੀਵਾਲ ਦੇ ਭਰੋਸੇਮੰਦ ਵਿਜੇ ਨਾਇਰ ਅਤੇ ਕਈ ਸ਼ਰਾਬ ਦੇ ਕਾਰੋਬਾਰੀ ਪਹਿਲਾਂ ਹੀ ਜੇਲ੍ਹ ਵਿਚ ਨੇ। ਮਜਬੂਰਨ ਸਿਸੋਦੀਆ ਤੋਂ ਅਸਤੀਫਾ ਲਿਆ ਗਿਐ। ਇਸ ਮਾਮਲੇ ਵਿਚ ਕੇਜਰੀਵਾਲ ਤੋਂ ਵੀ ਈ.ਡੀ. ਪੁਛਗਿੱਛ ਕਰ ਚੁੱਕੀ ਹੈ। ਸਿਸੋਦੀਆ ਨੂੰ ਅਜੇ ਤੱਕ ਅਦਾਲਤ ਵਿਚੋਂ ਜ਼ਮਾਨਤ ਨਹੀਂ ਮਿਲੀ। ਸਾਬਕਾ ਸਿਹਤ ਮੰਤਰੀ ਸਤੇਂਦਰ ਜੈਨ ਵੀ ਮਨੀ ਲਾਂਡਰਿੰਗ ਮਾਮਲੇ ਵਿਚ ਕਰੀਬ ਇਕ ਸਾਲ ਤੋਂ ਜੇਲ੍ਹ ਦੀ ਹਵਾ ਖਾ ਰਹੇ ਨੇ ਅਤੇ ਜ਼ਮਾਨਤ ਨਹੀਂ ਮਿਲ ਸਕੀ। ਕੇਜਰੀਵਾਲ ਵਲੋਂ ਸਿਸੋਦੀਆ ਅਤੇ ਸਤੇਂਦਰ ਜੈਨ ਦੀ ਤੁਲਣਾ ਸ਼ਹੀਦ ਭਗਤ ਸਿੰਘ ਨਾਲ ਕੀਤੀ ਗਈ। ਪਹਿਲੀ ਸਰਕਾਰ ਸਮੇਂ ਵੀ ਇਕ ਮੰਤਰੀ ਭ੍ਰਿਸ਼ਟਾਚਾਰ ਦੇ ਦੋਸ਼ ਅਧੀਨ ਵਜ਼ਾਰਤ ’ਚੋਂ ਕੱਢਿਆ ਗਿਆ।

### ਪੰਜਾਬ ਅੰਦਰ ਦੀ ਸਥਿਤੀ

ਇਸੇ ਤਰ੍ਹਾਂ ਪੰਜਾਬ ਵਿਚ ਵਿਜੀਲੈਂਸ ਰਾਹੀਂ ਸਾਬਕਾ ਮੰਤਰੀਆਂ, ਵਿਧਾਇਕਾਂ ਅਤੇ ਕਈ ਅਧਿਕਾਰੀਆਂ ਖਿਲਾਫ ਭ੍ਰਿਸ਼ਟਾਚਾਰ ਮਾਮਲਿਆਂ ਵਿਚ ਤਾਂ ਕਾਰਵਾਈ ਕੀਤੀ ਹੈ। ਪ੍ਰੰਤੂ ‘ਆਪ’ ਸਰਕਾਰ ਦੇ ਭ੍ਰਿਸ਼ਟਾਚਾਰੀ ਮੰਤਰੀ ਵਿਜੇ ਸਿੰਗਲਾ ਅਤੇ ਫੌਜਾ ਸਿੰਘ ਸਰਾਰੀ ਖਿਲਾਫ ਨਰਮ ਰਵੱਈਏ ’ਤੇ ਉਂਗਲਾਂ ਉਠਦੀਆਂ ਨੇ। ਮੁੱਖ ਮੰਤਰੀ ਨੇ ਵਿਜੇ ਸਿੰਗਲਾ ਨੂੰ ਪ੍ਰਾਜੈਕਟਾਂ ’ਚੋਂ ਕਮਿਸ਼ਨ ਮੰਗਣ ਦੇ ਦੋਸ਼ ’ਤੇ ਖੁਦ ਗ੍ਰਿਫਤਾਰ ਕਰਵਾਇਆ ਸੀ, ਪਰ ਅਦਾਲਤ ਵਿਚ ਕੋਈ ਸਬੂਤ ਪੇਸ਼ ਹੀ ਨਹੀਂ ਕੀਤਾ। ਰਿਸ਼ਵਤ ਲੈਂਦੇ ਫੜੇ ਗਏ ‘ਆਪ’ ਵਿਧਾਇਕ ਅਮਿਤ ਰਤਨ ਦੀ ਮੀਡੀਆ ਦੇ ਦਬਾਅ ਨਾਲ ਹੀ ਗ੍ਰਿਫ਼ਤਾਰੀ ਹੋ ਸਕੀ। ਜਲਾਲਾਬਾਦ ਦੇ ਵਿਧਾਇਕ ਗੋਲਡੀ ਕੰਬੋਜ਼ ਦਾ ਪਿਤਾ ਸੁਰਿੰਦਰ ਕੰਬੋਜ਼ 10 ਲੱਖ ਰੁਪਏ ਰਿਸ਼ਵਤ ਮੰਗਣ ਦੇ ਦੋਸ਼ ਵਿਚ ਗ੍ਰਿਫਤਾਰ ਹੋ ਚੁਕੈ। ਕਰਤਾਰਪੁਰ ਦੇ ਵਿਧਾਇਕ ਬਲਕਾਰ ਸਿੰਘ ਤੇ ਅਪਾਹਜਤਾ ਦਾ ਜਾਅਲੀ ਸਰਟੀਫਿਕੇਟ ਬਣਾਉਣ ਦੇ ਦੋਸ਼ ਲੱਗ ਚੁੱਕੇ ਨੇ। ਇਕ ਵਿਧਾਇਕ ’ਤੇ ਦੋ ਸ਼ਾਦੀਆਂ ਦੇ ਦੋਸ਼ ਲੱਗੇ ਨੇ। ਬੀਤੇ ਦਿਨੀਂ ਮੰਤਰੀ ਕਟਾਰੂਚੱਕ ਦੀ ਗੰਦੀ ਵੀਡੀਓ ’ਤੇ ਕਾਰਵਾਈ ਲਈ ਰਾਜਪਾਲ ਵਲੋਂ ਲਿਖਣ ਦੇ ਬਾਵਜੂਦ ਮੁੱਖ ਮੰਤਰੀ ਚੁੱਪ ਨੇ। ਇਸ ਸਭ ਨਾਲ ਸਰਕਾਰ ਦੀ ਨੈਤਿਕਤਾ ਅਤੇ ਕੱਟੜ ਇਮਾਨਦਾਰੀ ’ਤੇ ਪ੍ਰਸ਼ਨ ਚਿੰਨ੍ਹ ਲੱਗ ਰਿਹੈ। ਜਨਤਾ ਨੇ ਰਵਾਇਤੀ ਪਾਰਟੀਆਂ ਦੀ ਲੁੱਟ ਤੋਂ ਨਿਜ਼ਾਤ ਪਾਉਣ ਲਈ ਆਮ ਆਦਮੀ ਪਾਰਟੀ ਦੀ ਸਰਕਾਰ ਵੱਡੀਆਂ ਉਮੀਦਾਂ ਨਾਲ ਬਣਾਈ ਸੀ, ਜੋ ਅਜੇ ਵੀ ਕਾਇਮ ਨੇ। ਪਾਰਟੀ ਦੇ ਨੇਤਾਵਾਂ ਨੂੰ ਚਾਹੀਦੈ ਕਿ ਉਹ ਲੋਕਾਂ ਦੀਆਂ ਭਾਵਨਾਵਾਂ ’ਤੇ ਖਰਾ ਉਤਰਨ ਲਈ ਆਪਣਾ ਵਰਤਾਰਾ ਲੋਕ ਪੱਖੀ ਬਣਾ ਕੇ ਚੱਲਣ।

---

## ‘ਯਾਦ ਰੱਖਣ ਯੋਗ ਗੱਲਾਂ’




**ਹਰਦੀਪ ਸਿੰਘ ਸੋਢੀ ਨਡਾਲਾ**
ਫੀਨਿਕਸ 480-794-0325


- ਬਹੁਤੀ ਚੰਗਿਆਈ ਵੀ ਚੰਗੀ ਨਹੀਂ ਹੁੰਦੀ, ਖੁਦ ਵਾਸਤੇ ਵੀ ਮੁਸੀਬਤਾਂ ਖੜ੍ਹੀਆਂ ਕਰਦੀ ਹੈ।
- ਕੱਖਾਂ ਵਿਚ ਅੱਗ ਲੁਕਾਉਣੀ ਮੁਸ਼ਕਿਲ ਹੀ ਨਹੀਂ, ਨਾ ਮੁਮਕਿਨ ਹੁੰਦੀ ਹੈ।
- ਜੇ ਕਦੇ ਮਨ ਵਿਚ ਆਵੇ ਕਿ ਕਿਸੇ ਵਾਸਤੇ ਸਭ ਕੁਛ ਮੈਂ ਹੀ ਹਾਂ, ਤਾਂ ਆਪਣੇ ਮੂੰਹ ’ਤੇ ਜ਼ੋਰ ਦੀ ਚਪੇੜ ਮਾਰੋ ਹੋਸ਼ ਟਿਕਾਣੇ ਆ ਜਾਵੇਗੀ, ਤਾਂ ਸਭ ਪਤਾ ਲੱਗ ਜਾਵੇਗਾ।
- ਰੱਬ ਦੇ ਕਿੰਨੇ ਨਜ਼ਦੀਕ ਹੁੰਦੇ ਸਨ ਲੋਕ, ਜਦੋਂ ਮੁੱਕਰਨ ਨੂੰ ਮਰਨਾ ਸਮਝਦੇ ਸਨ। ਅੱਜ ਦੇ ਸਮੇਂ ਵਿਚ ਪਤਾ ਨਹੀਂ ਕਿੰਨੀ ਕੁ ਵਾਰ ਰੋਜ਼ਾਨਾ ਮਰਦੇ ਹਨ।
- ਜਿਸ ਕੱਲ੍ਹ ਦੀ ਗੱਲ ਇਹ ਦਰਸਾਉਣ ਲਈ ਕਹੀ ਜਾਂਦੀ ਹੈ ਕਿ ਕੱਲ੍ਹ ਨੂੰ ਸ਼ਰਾਬ ਛੱਡ ਦਿਆਂਗਾ ਜਾਂ ਕੱਲ੍ਹ ਤੋਂ ਸੈਰ ਸ਼ੁਰੂ ਕਰਾਂਗੇ, ਉਹ ਕੱਲ੍ਹ ਆਉਂਦਿਆਂ ਕਈ ਕੱਲ੍ਹ ਲੰਘ ਜਾਂਦੇ ਹਨ।
- ਖਾਮੋਸ਼ੀ ਬਹੁਤ ਕੁਝ ਕਹਿੰਦੀ ਹੈ ਪਰ ਕੰਨਾਂ ਨਾਲ ਸੁਣਿਆ ਨਹੀਂ ਜਾ ਸਕਦਾ, ਦਿਲ ਨਾਲ ਸੁਣਨਾਂ ਪੈਂਦਾ ਹੈ।
- ਬਿਮਾਰ ਤਾਂ ਪ੍ਰੀਵਾਰ ਦਾ ਕੋਈ ਮੈਂਬਰ ਵੀ ਨਾ ਹੋਵੇ ਪਰ ਘਰਵਾਲੀ ਤਾਂ ਰੱਬ ਦੀ ਵੀ ਬਿਮਾਰ ਨਹੀਂ ਹੋਣੀ ਚਾਹੀਦੀ।
- ਜਿਸ ਨੂੰ ਮੁਫ਼ਤ ਦੇ ਦਬਕੇ ਝੱਲਦੇ ਵੇਖੋਗੇ, ਉਹ ਯਕੀਨਨ ਮਜ਼ਦੂਰ ਹੋਵੇਗਾ ਜਾਂ ਮਜਬੂਰ ਹੋਵੇਗਾ।

(Punjab Mail USA)

# ਜਥੇਦਾਰ ਬਾਬਾ ਚੇਤ ਸਿੰਘ, ਬਾਬਾ ਸੰਤਾ ਸਿੰਘ 96 ਕਰੋੜੀ

## 10 ਮਈ ਨੂੰ ਬਰਸੀ 'ਤੇ ਵਿਸ਼ੇਸ਼

-ਦਿਲਜੀਤ ਸਿੰਘ ਬੇਦੀ
(Punjab Mail USA)



ਸਿੰਘ ਸਾਹਿਬ ਬਾਬਾ ਚੇਤ ਸਿੰਘ ਬੁੱਢਾ ਦਲ ਦੇ ਨਿਧੜਕ ਜਰਨੈਲ, ਸੇਵਾ ਦੇ ਪੁੰਜ, ਕਥਨੀ ਕਰਨੀ ਦੇ ਸੂਰੇ, ਦੂਰਅੰਦੇਸ਼, ਸੂਝਵਾਨ ਬੁੱਢਾ ਦਲ ਦੇ 12ਵੇਂ ਜਥੇਦਾਰ ਹੋਏ ਹਨ। ਇਨ੍ਹਾਂ ਦਾ ਜਨਮ ਸੰਨ 1903 ਵਿਚ ਪਿੰਡ ਤਲਵੰਡੀ ਸਾਬੋ ਕੀ ਸ੍ਰੀ ਦਮਦਮਾ ਸਾਹਿਬ ਗੁਰੂ ਕਾਂਸੀ ਜ਼ਿਲ੍ਹਾ ਬਠਿੰਡਾ ਦੇ ਸਰਦੇ-ਪੁਜਦੇ ਕਿਸਾਨ ਸ. ਰਾਮਦਿੱਤਾ ਸਿੰਘ ਦੇ ਗ੍ਰਿਹਿ ਅਤੇ ਮਾਤਾ ਪ੍ਰਧਾਨ ਕੌਰ ਦੀ ਕੁੱਖੋ ਹੋਇਆ। ਬਾਬਾ ਚੇਤ ਸਿੰਘ 13 ਸਾਲ ਦੀ ਆਯੂ ਦੇ ਸਨ, ਜਦ ਉਹ ਬੁੱਢਾ ਦਲ ਵਿਚ ਭਰਤੀ ਹੋਏ, ਤਾਂ ਉਨ੍ਹਾਂ ਦੇ ਪਿਤਾ ਨੇ ਪਿਆਰ ਭਰੇ ਲਹਿਜੇ ਤੇ ਵਿਅੰਗ ਨਾਲ ਕਿਹਾ, ਜਿਹੜੇ ਆਪ ਪਿੰਡ-ਪਿੰਡ ਤੁਰੇ ਫਿਰਦੇ ਹਨ, ਤੂੰ ਉਨ੍ਹਾਂ ਵਿਚ ਜਾ ਕੇ ਕੀ ਕਰੇਂਗਾ? ਬਾਬਾ ਚੇਤ ਸਿੰਘ ਨੇ ਬਹੁਤ ਹੀ ਨਿਮਰਤਾ, ਤਲੀਮ ਤੇ ਠਰੰਮੇ ਨਾਲ ਉੱਤਰ ਦੇਂਦਿਆਂ ਕਿਹਾ ਕਿ ਇਹੀ ਘਰ ਹੈ, ਜਿਥੋਂ ਘਾਹ ਖੋਤਣ ਵਾਲਿਆਂ, ਘੋੜਿਆਂ ਦੀ ਸੇਵਾ ਕਰਨ ਵਾਲਿਆਂ ਨੂੰ ਪਾਤਸ਼ਾਹੀਆਂ ਤੇ ਨਵਾਬੀਆਂ ਮਿਲਦੀਆਂ ਹਨ ।

ਇਤਿਹਾਸ ਵਿਚ ਜ਼ਿਕਰ ਆਉਂਦਾ ਹੈ ਕਿ ਛਾਉਣੀ ਅਕਾਲੀ ਬਾਬਾ ਫੂਲਾ ਸਿੰਘ ਜੀ ਸ਼ਹੀਦ ਵਿਖੇ ਬੁੱਢਾ ਦਲ ਦਾ ਪੜਾਓ ਸੀ। ਬਾਬਾ ਚੇਤ ਸਿੰਘ ਉਸ ਸਮੇਂ ਨਿਗਾਰਚੀ ਸਿੰਘ ਦਾ ਪਹਿਰਾ ਦਿਆ ਕਰਦੇ ਸਨ, ਸਾਰੇ ਦਲ ਨੂੰ ਅੰਗਰੇਜ਼ ਸਰਕਾਰ ਨੇ ਘੇਰੇ ਵਿਚ ਲੈ ਲਿਆ, ਬਾਬਾ ਚੇਤ ਸਿੰਘ ਸਰਕਾਰੀ ਕਰਮਚਾਰੀਆਂ ਨਾਲ ਜੂਝਣ ਲਈ ਤਿਆਰ ਹੋ ਗਏ। ਦਲ ਦੇ ਜੱਥੇਦਾਰ ਬਾਬਾ ਸਾਹਿਬ ਸਿੰਘ ਕਲਾਧਾਰੀ ਨੇ ਫੌਰੀ ਤੌਰ 'ਤੇ ਰੋਕ ਦਿੱਤਾ। ਦਲ ਦੇ ਮੁਖੀ ਬਾਬਾ ਸਾਹਿਬ ਸਿੰਘ ਜੀ ਦਲ ਸਮੇਤ ਬੋਸਟਰ ਜੇਲ੍ਹ ਵਲਾਇਤ ਵਿਖੇ ਭੇਜ ਦਿੱਤੇ ਗਏ। ਉਸ ਸਮੇਂ ਗਿ. ਸ਼ੇਰ ਸਿੰਘ ਪ੍ਰਸਿੱਧ ਅਕਾਲੀ ਲੀਡਰ, ਕਲਾਧਾਰੀ ਜੀ ਦੇ ਖਾਸ ਮਿੱਤਰਾਂ ਵਿਚੋਂ ਸਨ, ਦੀ ਪ੍ਰੇਰਨਾ ਨਾਲ ਸਰ ਸੁੰਦਰ ਸਿੰਘ ਮਜੀਠੀਆ, ਸਰ ਜੋਗਿੰਦਰ ਸਿੰਘ ਆਦਿ ਦੇ ਜ਼ੋਰ ਦੇਣ ਕਰਕੇ ਪੰਜਾਬ ਦੇ ਗਵਰਨਰ ਨੇ ਦਲ ਨੂੰ ਰਿਹਾਅ ਕਰ ਦਿੱਤਾ। 30 ਜੁਲਾਈ 1942 ਨੂੰ ਬਾਬਾ ਸਾਹਿਬ ਸਿੰਘ ਕਲਾਧਾਰੀ ਗੁਰੂ ਪਿਆਨਾ ਕਰ ਗਏ, ਤਾਂ ਸਮੁੱਚੇ ਦਲ ਪੰਥ ਨੇ ਗੁਰਮਤਾ ਕਰਕੇ ਬਾਬਾ ਚੇਤ ਸਿੰਘ ਨੂੰ ਬੁੱਢੇ ਦਲ ਦੇ 12ਵੇਂ ਜੱਥੇਦਾਰ ਵਜੋਂ ਥਾਪ ਦਿੱਤਾ। ਬਾਬਾ ਚੇਤ ਸਿੰਘ, ਅਕਾਲੀ ਫੂਲਾ ਸਿੰਘ ਸ਼ਹੀਦ ਦੀ ਸਪਿਰਟ ਦੇ ਮਾਲਕ ਸਨ। ਬੁੱਢਾ ਦਲ ਦੇ ਹਰੇਕ ਜੱਥੇਦਾਰ ਆਪਣੇ ਸਮੇਂ ਦੇ ਤੇਜ਼ ਪਰਤਾਪੀ ਹੋਏ ਹਨ, ਜੋ ਸੇਵਾ ਬਾਬਾ ਚੇਤ ਸਿੰਘ ਨੂੰ ਵਿਰਸੇ ਵਿਚ ਮਿਲੀ ਉਹ ਇੱਕ ਵਿਲੱਖਣ ਸੇਵਾ ਹੈ। ਸਿੱਖ ਪੰਥ ਬੁੱਢਾ ਦਲ ਦੀ ਜਾਇਦਾਦ ਬਣਾਉਣ ਵਿਚ ਉਹ ਮੋਹਰੀ ਸਨ। ਉਨ੍ਹਾਂ ਨੇ ਕਠਨ ਤਪੱਸਿਆ ਕਰਕੇ ਅਨੇਕਾਂ ਛਾਉਣੀਆਂ ਕਾਇਮ ਕੀਤੀਆਂ, ਬੁੰਗੇ, ਬਾਗ਼ ਅਤੇ ਫਾਰਮ ਬਣਾਏ ਜੋ ਪ੍ਰਤੱਖ ਰੂਪ ਵਿਚ ਪਰਗਟ ਹਨ।



[illegible] ਸਿੰਘ ਸਾਹਿਬ ਬਾਬਾ ਚੇਤ ਸਿੰਘ ਜੀ ੯੬ ਕਰੋੜੀ



[illegible] ਸਿੰਘ ਸਾਹਿਬ ਬਾਬਾ ਸੰਤਾ ਸਿੰਘ ਜੀ ਅਕਾਲੀ ੯੬ ਕਰੋੜੀ

ਜਦੋਂ ਸਾਹਿਬੇ-ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਸ਼ਤਰ ਵਲਾਇਤੋਂ, ਭਾਰਤ ਲਿਆਂਦੇ ਗਏ, ਤਾਂ ਉਸ ਸਮੇਂ ਬਾਬਾ ਚੇਤ ਸਿੰਘ ਨੂੰ ਉਚੇਚੇ ਤੌਰ 'ਤੇ ਦਿਲੀ ਬੁਲਾਇਆ ਗਿਆ ਸੀ। ਪਾਲਮ ਹਵਾਈ ਅੱਡੇ ਉੱਤੇ ਪ੍ਰਧਾਨ ਮੰਤਰੀ ਸ਼੍ਰੀ ਲਾਲ ਬਹਾਦਰ ਸ਼ਾਸਤਰੀ ਦੇ ਨਾਲ ਵਿਸ਼ੇਸ਼ ਥਾਂ ਦਿੱਤੀ ਗਈ ਸੀ, ਬਾਬਾ ਚੇਤ ਸਿੰਘ ਨੇ ਉਸ ਵੇਲੇ ਕਿਹਾ ਸੀ ਕਿ "ਕਲਗੀਧਰ ਪਾਤਸ਼ਾਹ ਦੇ ਸ਼ਸਤਰਾਂ ਦੇ ਨਾਲ ਨਿਹੰਗ ਸਿੰਘਾਂ ਦਾ ਅਟੁੱਟਵਾਂ ਮੇਲ ਹੈ। ਸਰਕਾਰ ਇਹ ਸ਼ਸਤਰ ਉਨ੍ਹਾਂ ਲੋਕਾਂ ਦੇ ਹਵਾਲੇ ਕਰ ਰਹੀ ਹੈ, ਜਿਨ੍ਹਾਂ ਦਾ ਚੇਹਰਾ ਮੋਹਰਾ ਇਨ੍ਹਾਂ ਨਾਲ ਮਿਲਦਾ-ਜੁਲਦਾ ਨਹੀਂ। ਉਸੇ ਸ਼ਾਮ ਗੁਰਦੁਆਰਾ ਰਕਾਬ ਗੰਜ ਸਾਹਿਬ ਵਿਖੇ ਸਜੇ ਭਾਰੀ ਦੀਵਾਨ ਵਿਚ, ਜੱਥੇਦਾਰ ਸੰਤੋਖ ਸਿੰਘ ਨੇ ਦਿਲੀ ਗੁਰਦੁਆਰਾ ਮੈਨੇਜਮੈਂਟ ਕਮੇਟੀ ਵਲੋਂ ਵਿਸ਼ੇਸ਼ ਤੌਰ 'ਤੇ ਬਾਬਾ ਜੀ ਨੂੰ ਸਨਮਾਨ ਵਜੋਂ ਸ੍ਰੀ ਸਾਹਿਬ ਤੇ ਸਿਰੋਪਾਉ ਭੇਟ ਕੀਤਾ ਸੀ ।

ਬਾਬਾ ਚੇਤ ਸਿੰਘ ਲੰਮਾ ਸਮਾਂ ਦਲ ਵਿਚ ਗਾਖੜੀ ਸੇਵਾ ਅਤੇ ਜੱਥੇਦਾਰੀ ਦੀ ਜ਼ਿੰਮੇਦਾਰੀ ਨਿਭਾਈ, ਬਾਬਾ ਚੇਤ ਸਿੰਘ ਤਿਆਗੀ ਮਹਾਂ ਪੁਰਸ਼ ਸਨ, ਆਪ ਦਮਦਮਾ ਸਾਹਿਬ ਦੇ ਜੰਮਪਲ ਸਨ, ਹਰ ਸਾਲ ਦਮਦਮਾ ਸਾਹਿਬ ਆਉਂਦੇ ਪਰ ਛਾਉਣੀ ਵਿਚ ਹੀ ਰਹਿੰਦੇ। ਅਖੀਰ ਬਾਬਾ ਚੇਤ ਸਿੰਘ 9-5-68 ਨੂੰ 'ਘਲੇ ਆਇ ਨਾਨਕਾ ਸਦੇ ਉਠੀ ਜਾਇ' ਦੇ ਮਹਾਂ ਵਾਕ ਨੂੰ ਸੰਪੂਰਨ ਕਰ ਗਏ।

### ਬਾਬਾ ਸੰਤਾ ਸਿੰਘ ਅਕਾਲੀ 96ਵੇਂ ਕਰੋੜੀ

ਬਾਬਾ ਸੰਤਾ ਸਿੰਘ ਦਾ ਜੀਵਨ ਪੂਰਨ ਸੰਘਰਸ਼ਮਈ ਤੇ ਸੇਵਾ ਭਾਵਨਾ ਵਾਲਾ ਤੇ ਗੁਰੂ ਦੀ ਓਟ ਵਿਚ ਬਤੀਤ ਹੋਇਆ। ਆਪ ਦਾ ਜਨਮ ਸੰਮਤ 1985 ਮੁਤਾਬਕ ਸੰਨ 1928 ਈ. ਨੂੰ ਪਿਤਾ ਸ. ਭਗਵਾਨ ਸਿੰਘ ਚਾਵਲਾ ਜੋ ਇਲਾਹਾਬਾਦ ਵਿਖੇ ਰੇਲਵੇ ਵਿਚ ਨੌਕਰੀ ਕਰਦੇ ਸਨ, ਦੇ ਗ੍ਰਿਹਿ ਵਿਖੇ ਮਾਤਾ ਮਾਲਾਂ (ਪ੍ਰਿਤਪਾਲ ਕੌਰ) ਦੀ ਕੁੱਖੋਂ ਹੋਇਆ। ਬਾਬਾ ਜੀ ਦਾ ਪਿੰਡ ਕਿਲ੍ਹਾ ਮੀਹਾਂ ਸਿੰਘ ਪਾਕਿਸਤਾਨ ਵਿਚ ਸੀ ਪਰ 1925 ਵਿਚ ਇਨ੍ਹਾਂ ਦੇ ਵਡੇਰੇ ਗੁਜਰਾਂਵਾਲਾ ਆਣ ਵੱਸੇ। ਆਪ ਨੇ ਗੁਰਦੁਆਰਾ ਬੁਰਜ ਅਕਾਲੀ ਬਾਬਾ ਫੂਲਾ ਸਿੰਘ ਜੀ ਸ਼ਹੀਦ ਅੰਮ੍ਰਿਤਸਰ ਵਿਖੇ ਸਿੰਘ ਸਾਹਿਬ ਬਾਬਾ ਸਾਹਿਬ ਸਿੰਘ ਕਲਾਧਾਰੀ ਤੋਂ ਸੰਮਤ 1995 ਬਿਕਰਮੀ ਸੰਨ 1938 ਈ. ਨੂੰ ਦੀਵਾਲੀ ਦੇ ਮਹਾਨ ਦਿਹਾੜੇ 'ਤੇ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ। ਆਪ ਦਾ ਪਹਿਲਾ ਨਾਮ ਪਿਸ਼ੌਰਾ ਸਿੰਘ ਸੀ ਅਤੇ ਅੰਮ੍ਰਿਤ ਛੱਕਣ 'ਤੇ ਆਪ ਦਾ ਨਾਮ ਸੰਤਾ ਸਿੰਘ ਪ੍ਰਚਲਤ ਹੋਇਆ। ਆਪ ਨੇ ਹੋਲੇ-ਮਹੱਲੇ 'ਤੇ ਹਾਜ਼ਰ ਹੋ ਕੇ ਬੁੱਢੇ ਦਲ ਵਿਚ ਦੇਗ ਲੰਗਰ ਦੀ ਸੇਵਾ ਸੰਭਾਲੀ।

ਪੰਥ ਵੱਲੋਂ ਬਾਬਾ ਸੰਤਾ ਸਿੰਘ ਨੂੰ ਪੁਰਾਤਨ ਰਵਾਇਤ ਅਨੁਸਾਰ ਸਰਬ ਸੰਮਤੀ ਨਾਲ ਗੁਰਮਤਾ ਕਰਕੇ ਨਿਹੰਗ ਸਿੰਘਾਂ ਨੇ ਸਰਬੱਤ ਦੀ ਆਗਿਆ ਨਾਲ ਜਥੇਦਾਰੀ ਦੀ ਨਿਯੁਕਤੀ ਸਮੇਂ ਢਾਲ ਤੇ ਸ੍ਰੀ ਸਾਹਿਬ ਭੇਟ ਕੀਤੀ ਅਤੇ ਪੰਜ ਪਿਆਰਿਆਂ ਨੇ ਜਥੇਦਾਰ ਸਾਹਿਬ ਦੇ ਸੀਸ ਉੱਤੇ ਦੁਮਾਲਾ ਸਜਾ ਕੇ ਰਸਮ ਦਸਤਾਰਬੰਦੀ ਦੀ ਪੂਰਤੀ ਕੀਤੀ। ਬੇਅੰਤ ਫੌਜਾਂ, ਸੰਸਥਾਵਾਂ ਦੇ ਮੁਖੀ ਲੀਡਰਾਂ, ਜਥੇਦਾਰਾਂ, ਸੁਨੇਹੀਆਂ ਦਸਤਾਰੇ ਤੇ ਸਿਰੋਪਾਓ ਭੇਟ ਕੀਤੇ। ਇਸ ਤਰ੍ਹਾਂ ਬਾਬਾ ਸੰਤਾ ਸਿੰਘ ਦਲ ਪੰਥ ਬੁੱਢਾ ਦਲ ਦੇ 13ਵੇਂ ਮੁਖੀ ਜਥੇਦਾਰ ਬਣੇ। ਸਿੰਘ ਸਾਹਿਬ ਜਥੇਦਾਰ ਬਾਬਾ ਸੰਤਾ ਸਿੰਘ ਜੀ ਦੇ ਪਹਿਰੇ ਵਿਚ ਬੇ-ਮਿਸਾਲ ਬੁੱਢਾ ਦਲ ਦੀ ਤਰੱਕੀ ਹੋਈ। ਸਿੰਘਾਂ ਦੀ ਰਹਿਤ ਬਹਿਤ, ਸ਼ਸਤ੍ਰਾਂ-ਬਸਤ੍ਰਾਂ ਵੱਲ ਵਧੇਰੇ ਧਿਆਨ ਦਿੱਤਾ ਗਿਆ। ਬੁੱਢਾ ਦਲ ਦਾ ਜੋ ਪ੍ਰੈੱਸ ਅਨੰਦਪੁਰ ਸਾਹਿਬ ਸੀ, ਬਦਲ ਕੇ ਪਟਿਆਲਾ ਛਾਉਣੀ ਨਿਹੰਗ ਸਿੰਘਾਂ (ਬਾਬਾ ਬੰਬਾ ਸਿੰਘ ਜੀ) ਲੋਇਰ ਮਾਲ ਰੋਡ 'ਤੇ ਲਾ ਕੇ ਬੁੱਢਾ ਦਲ ਵਲੋਂ ਮਾਸਕ ਰਸਾਲਾ 'ਨਿਹੰਗ ਸਿੰਘ ਸੰਦੇਸ਼' ਜਾਰੀ ਕੀਤਾ ।

ਉਨ੍ਹਾਂ ਸਦਾ ਬੁੱਢਾ ਦਲ ਦੀਆਂ ਪੁਰਾਤਨ ਰਵਾਇਤਾਂ ਨੂੰ ਕਾਇਮ ਰੱਖਿਆ। ਰੋਜ਼ਾਨਾ ਸਵੇਰੇ ਸ਼ਾਮ ਗੁਰਬਾਣੀ ਦਾ ਨਿਤਨੇਮ ਕੀਰਤਨ, ਕਥਾ ਅਤੇ ਸਿੰਘਾਂ ਵਿਚ ਰਹਿਣੀ, ਬਹਿਣੀ, ਕਹਿਣੀ ਤੇ ਸਹਿਣੀ ਦੇ ਗੁਣ ਧਾਰਨ ਕਰਵਾਉਣ ਲਈ ਸਖ਼ਤੀ ਨਾਲ ਅਮਲ ਕਰਦੇ ਸਨ। ਜਥੇਦਾਰ ਸਾਹਿਬ ਆਪ ਸਵੇਰੇ ਸਰਬ ਲੋਹ ਜਾਂ ਆਦਿ-ਦਸਮ ਸਰੂਪ ਦੀ ਕਥਾ ਅਤੇ ਸ਼ਾਮ ਨੂੰ ਸੂਰਜ ਪ੍ਰਕਾਸ਼ ਜਾਂ ਪੰਥ ਪ੍ਰਕਾਸ਼ ਦੀ ਕਥਾ ਬੜੇ ਰਸ-ਮੰਗਲ ਵਿਚ ਕਰਦੇ ਸਨ। ਓੜਕ ਬਾਬਾ ਸੰਤਾ ਸਿੰਘ 08-05-2008 ਨੂੰ ਇਸ ਫਾਨੀ ਸੰਸਾਰ ਨੂੰ ਸਦਾ ਲਈ ਅਲਵਿਦਾ ਕਹਿ ਗਏ ਸਨ। ਉਨ੍ਹਾਂ ਨੇ ਆਪਣੇ ਜੀਵਨ ਕਾਲ ਵਿਚ ਹੀ ਆਪਣਾ ਉਤਰਾਅਧਿਕਾਰੀ ਬਾਬਾ ਬਲਬੀਰ ਸਿੰਘ ਜੀ ਨੂੰ ਬਣਾ ਦਿੱਤਾ ਸੀ ।

ਸ਼੍ਰੋਮਣੀ ਸੇਵਾ ਰਤਨ, ਸ਼੍ਰੋਮਣੀ ਪੰਥ ਰਤਨ ਸਿੰਘ ਸਾਹਿਬ ਬਾਬਾ ਬਲਬੀਰ ਸਿੰਘ ਜੀ 96ਵੇਂ ਕਰੋੜੀ 14ਵੇਂ ਮੁੱਖੀ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਪ੍ਰਬੰਧ ਹੇਠ ਦੋਹਾਂ ਜਥੇਦਾਰਾਂ ਦੀ ਸਲਾਨਾ ਯਾਦ ਗੁਰਦੁਆਰਾ ਬੇਰ ਸਾਹਿਬ (ਦੇਗਸਰ) ਛਾਉਣੀ ਨਿਹੰਗ ਸਿੰਘਾਂ ਬੁੱਢਾ ਦਲ) ਸ੍ਰੀ ਦਮਦਮਾ ਸਾਹਿਬ (ਗੁਰੂ ਕਾਸ਼ੀ) ਤਲਵੰਡੀ ਸਾਬੋ ਜ਼ਿਲ੍ਹਾ ਬਠਿੰਡਾ ਵਿਖੇ ਮਿਤੀ 8-9-10 ਮਈ ਨੂੰ ਮਨਾਈ ਜਾ ਰਹੀ ਹੈ। ਇਨ੍ਹਾਂ ਸਮਾਗਮਾਂ ਵਿਚ ਸੰਗਤਾਂ ਤੋਂ ਇਲਾਵਾ ਤਖ਼ਤਾਂ ਦੇ ਜਥੇਦਾਰ ਸਾਹਿਬਾਨ ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਨਿਹੰਗ ਸਿੰਘ ਜਥੇਬੰਦੀਆਂ ਦੇ ਮੁੱਖੀ ਅਤੇ ਸੰਤ ਮਹਾਂਪੁਰਸ਼ ਵੱਡੀ ਪੱਧਰ 'ਤੇ ਸ਼ਰਧਾਂਜਲੀ ਭੇਟ ਕਰਨ ਲਈ ਸ਼ਮੂਲੀਅਤ ਕਰਦੇ ਹਨ ।

# ਰਿਸ਼ਤੇ ਵਿਚ ਕਦੇ ਬੋਝ ਨਹੀਂ ਹੋਣ ਚਾਹੀਦੇ

-ਵਿਜੈ ਗਰਗ
ਰਿਟਾਇਰਡ ਪ੍ਰਿੰਸੀਪਲ ਐਜੂਕੇਸ਼ਨਲ ਕਾਲਮਨਿਸਟ, ਮਲੋਟ (ਪੰਜਾਬ)
(Punjab Mail USA)



ਮਨੁੱਖੀ ਜੀਵਨ ਦਾ ਅਸਲ ਆਧਾਰ ਰਿਸ਼ਤੇ ਹਨ, ਜਿਨ੍ਹਾਂ ਨੂੰ ਇਨਸਾਨ ਆਪਣੀ ਸਾਰੀ ਜ਼ਿੰਦਗੀ ਕਮਾਉਂਦਾ ਹੈ। ਕੁਝ ਰਿਸ਼ਤੇ ਖ਼ੂਨ ਦੇ ਹੁੰਦੇ ਹਨ, ਕੁਝ ਪਰਿਵਾਰਿਕ ਅਤੇ ਕੁਝ ਸਮਾਜਿਕ। ਹਰ ਰਿਸ਼ਤੇ ਦੀ ਆਪਣੀ ਪਰਿਭਾਸ਼ਾ, ਆਪਣੀ ਜ਼ਰੂਰਤ, ਆਪਣੀ ਪਛਾਣ ਅਤੇ ਆਪਣਾ ਮਹੱਤਵ ਹੈ। ਕੁਝ ਰਿਸ਼ਤੇ ਸਾਡੇ ਲਈ ਪ੍ਰਮਾਤਮਾ ਤੈਅ ਕਰਦਾ ਹੈ ਅਤੇ ਕੁਝ ਰਿਸ਼ਤੇ ਅਸੀਂ ਆਪ ਆਪਣੇ ਲਈ ਚੁਣਦੇ ਹਾਂ। ਇਹ ਰਿਸ਼ਤੇ ਸਾਡੇ ਲਈ ਉਹ ਚਾਨਣ ਮੁਨਾਰੇ ਹਨ, ਜੋ ਸਾਡੀ ਜ਼ਿੰਦਗੀ ਦੇ ਪੰਧ ਨੂੰ ਆਸਾਨ ਬਣਾ ਦਿੰਦੇ ਹਨ। ਇਕੱਲਾ ਤਾਂ ਰੁੱਖ ਵੀ ਬੇਵੱਸ ਲੱਗਦਾ ਹੈ, ਫਿਰ ਇਨਸਾਨ ਇਹ ਪਹਾੜਾਂ ਜਿਹੀ ਜ਼ਿੰਦਗੀ ਇਕੱਲਾ ਕਿਵੇਂ ਬਿਤਾ ਸਕਦਾ ਹੈ। ਇਨਸਾਨ ਨੂੰ ਜਦ ਆਪਣਿਆਂ ਦਾ ਸਾਥ ਮਿਲਦਾ ਹੈ, ਤਾਂ ਇਹ ਕੰਡਿਆਂ ਭਰੀ ਜ਼ਿੰਦਗੀ ਵੀ ਫੁੱਲਾਂ ਦੀ ਸੇਜ ਲੱਗਦੀ ਹੈ। ਹਰ ਖ਼ੁਸ਼ੀ ਆਪਣਿਆਂ ਨਾਲ ਵੰਡ ਕੇ ਵਧਦੀ ਹੈ ਤੇ ਹਰ ਦੁੱਖ ਵੰਡਣ ਨਾਲ ਘੱਟ ਜਾਂਦਾ ਹੈ। ਸਾਡੇ ਸਮਾਜ ਵਿਚ ਮਾਂ-ਧੀ, ਪਿਉ-ਪੁੱਤ, ਪਤੀ-ਪਤਨੀ, ਦਿਉਰ-ਭਰਜਾਈ, ਨਨਾਣ-ਭਰਜਾਈ, ਨੂੰਹ-ਸੱਸ ਆਦਿ ਅਨੇਕਾਂ ਰਿਸ਼ਤੇ ਮਿਲਦੇ ਹਨ। ਜੇ ਗੱਲ ਕਰੀਏ ਅਜੋਕੇ ਯੁੱਗ ਦੀ, ਤਾਂ ਅੱਜ ਇਨ੍ਹਾਂ ਰਿਸ਼ਤਿਆਂ ਦੀ ਪਰਿਭਾਸ਼ਾ ਬਦਲਦੀ ਜਾ ਰਹੀ ਹੈ। ਇਨ੍ਹਾਂ ਰਿਸ਼ਤਿਆਂ ਵਿਚ ਜੋ ਪਿਆਰ, ਅਪਣੱਤ, ਮਿਠਾਸ ਹੁੰਦੀ ਸੀ, ਉਹ ਹੌਲੀ-ਹੌਲੀ ਖ਼ਤਮ ਹੁੰਦੀ ਜਾ ਰਹੀ ਹੈ। ਅੱਜ ਉਸ ਪਿਆਰ, ਅਪਣੱਤ ਦੀ ਜਗ੍ਹਾ ਨਫ਼ਰਤ, ਧੋਖੇਬਾਜ਼ੀ, ਸ਼ੱਕ, ਵੈਰ-ਵਿਰੋਧ ਨੇ ਲੈ ਲਈ ਹੈ। ਅੱਜ ਅਸੀਂ ਇੰਟਰਨੈੱਟ ਰਾਹੀਂ ਪੂਰੀ ਦੁਨੀਆਂ ਨਾਲ ਤਾਂ ਜੁੜ ਚੁੱਕੇ ਹਾਂ ਪਰ ਆਪਣੇ ਪਰਿਵਾਰ, ਆਂਢ-ਗੁਆਂਢ ਤੋਂ ਹੀ ਦੂਰ ਹੋ ਚੁੱਕੇ ਹਾਂ। ਅੱਜ ਹਰ ਰਿਸ਼ਤਾ ਫਾਇਦੇ ਨੁਕਸਾਨ ਤੱਕ ਸੀਮਤ ਹੋ ਕੇ ਰਹਿ ਗਿਆ ਹੈ। ਸੰਯੁਕਤ ਪਰਿਵਾਰਾਂ ਦੇ ਸਮੀਕਰਣ ਹੁਣ ਬਦਲ ਚੁੱਕੇ ਹਨ। ਪਹਿਲਾਂ ਪਰਿਵਾਰ ਸੰਯੁਕਤ ਹੁੰਦੇ ਸਨ। ਪਰਿਵਾਰ ਵਿਚ ਦਾਦਾ-ਦਾਦੀ, ਚਾਚਾ-ਚਾਚੀ, ਤਾਇਆ-ਤਾਈ, ਭੂਆ, ਮਾਤਾ-ਪਿਤਾ, ਭੈਣ-ਭਰਾ ਆਦਿ ਅਨੇਕਾਂ ਰਿਸ਼ਤੇ ਵੇਖਣ ਨੂੰ ਮਿਲਦੇ ਸਨ। ਸਾਰੇ ਇੱਕੋ ਛੱਤ ਥੱਲੇ ਪਿਆਰ-ਮੁਹੱਬਤ ਨਾਲ ਰਹਿੰਦੇ ਸਨ। ਉਨ੍ਹਾਂ ਦੇ ਦੁੱਖ-ਸੁੱਖ ਸਭ ਸਾਂਝੇ ਹੁੰਦੇ ਸਨ ਪਰ ਅੱਜ ਸਾਂਝੇ ਪਰਿਵਾਰਾਂ ਦੀ ਗੰਢ ਟੁੱਟਦੀ ਜਾ ਰਹੀ ਹੈ। ਅਜੋਕੇ ਯੁੱਗ ਦੇ ਬੱਚੇ ਦਾਦਾ-ਦਾਦੀ, ਚਾਚੇ-ਤਾਏ, ਭੂਆ, ਮਾਮੇ-ਮਾਮੀਆਂ ਆਦਿ ਦੇ ਪਿਆਰ ਤੋਂ ਵਾਂਝੇ ਹੋ ਚੁੱਕੇ ਹਨ। ਅੱਜ ਹਰ ਰਿਸ਼ਤੇ ਦੀ ਪੂਰਤੀ ਸਿਰਫ਼ ਅੰਕਲ-ਆਂਟੀ ਸ਼ਬਦ ਨਾਲ ਹੋ ਜਾਂਦੀ ਹੈ। ਜਿਸ ਤਰ੍ਹਾਂ ਰਿਸ਼ਤਿਆਂ ਦੇ ਨਾਂ ਬਦਲੇ ਹਨ, ਉਸੇ ਤਰ੍ਹਾਂ ਇਨ੍ਹਾਂ ਰਿਸ਼ਤਿਆਂ ਵਿਚਲਾ ਪਿਆਰ ਵੀ ਕਿਤੇ ਖੰਭ ਲਾ ਕੇ ਉੱਡ ਗਿਆ ਹੈ। ਅਜੋਕੀ ਪੀੜ੍ਹੀ ਨੈਤਿਕ ਕਦਰਾਂ-ਕੀਮਤਾਂ ਤੋਂ ਦੂਰ ਹੁੰਦੀ ਜਾ ਰਹੀ ਹੈ, ਜਿਸ ਦਾ ਵੱਡਾ ਕਾਰਨ ਸਾਂਝੇ ਪਰਿਵਾਰਾਂ ਦਾ ਟੁੱਟਣਾ ਹੈ। ਅੱਜ ਬੱਚਿਆਂ ਨੂੰ ਘਰਾਂ ਵਿਚ ਨਾ ਤਾਂ ਵੱਡਿਆਂ ਦਾ ਸਤਿਕਾਰ ਦੇਖਣ ਨੂੰ ਮਿਲਦਾ ਹੈ ਅਤੇ ਨਾ ਹੀ ਪਹਿਲਾਂ ਜਿਹਾ ਪਿਆਰ। ਇਸ ਮਸ਼ੀਨੀ ਯੁੱਗ ਨੇ ਤਾਂ ਮਨੁੱਖ ਨੂੰ ਵੀ ਇੱਕ ਮਸ਼ੀਨ ਬਣਾ ਕੇ ਰੱਖ ਦਿੱਤਾ ਹੈ, ਜਿਸ ਵਿਚ ਭਾਵਨਾਵਾਂ ਲਈ ਕੋਈ ਜਗ੍ਹਾ ਹੀ ਨਹੀਂ ਹੈ। ਅਕਸਰ ਕਿਹਾ ਜਾਂਦਾ ਹੈ ਕਿ ਪੁੱਤ ਕਪੁੱਤ ਹੋ ਜਾਂਦੇ ਹਨ ਪਰ ਮਾਪੇ ਕਦੇ ਕੁਮਾਪੇ ਨਹੀਂ ਹੁੰਦੇ ਪਰ ਹੁਣ ਜਦੋਂ ਅਸੀਂ ਮਾਪਿਆਂ ਵੱਲੋਂ ਧੀ ਦਾ ਕਤਲ, ਪਿਤਾ ਵੱਲੋਂ ਪੁੱਤ ਦਾ ਕਤਲ, ਪੁੱਤ ਵੱਲੋਂ ਜਾਇਦਾਦ ਖ਼ਾਤਰ ਪਿਉ ਦਾ ਕਤਲ, ਭਰਾ ਵੱਲੋਂ ਜ਼ਮੀਨ-ਪੈਸੇ ਖ਼ਾਤਰ ਭਰਾ ਦਾ ਕਤਲ ਆਦਿ ਖ਼ਬਰਾਂ ਪੜ੍ਹਦੇ ਹਾਂ, ਤਾਂ ਫਿਰ ਇਹ ਕਹਾਵਤਾਂ ਵੀ ਝੂਠੀਆਂ ਹੀ ਲੱਗਦੀਆਂ ਹਨ। ਇਹ ਸੱਚ ਹੈ ਕਿ ਅੱਜ ਪੈਸੇ ਦੀ ਦੌੜ ਵਿਚ ਅਸੀਂ ਭਾਵੇਂ ਮੋਹਰੀ ਹੁੰਦੇ ਜਾ ਰਹੇ ਹਾਂ ਪਰ ਰਿਸ਼ਤਿਆਂ ਨੂੰ ਹਾਰਦੇ ਜਾ ਰਹੇ ਹਾਂ। ਜਵਾਨ ਪੁੱਤ ਤਾਂ ਪਿਉ ਲਈ ਸੱਜੀ-ਖੱਬੀ ਬਾਂਹ ਹੁੰਦੇ ਹਨ, ਜਿਨ੍ਹਾਂ ਦੀ ਜਵਾਨੀ ਨੂੰ ਦੇਖ ਕੇ ਪਿਉ ਨੂੰ ਆਪਣਾ ਬੁਢੇਪਾ ਮਹਿਸੂਸ ਨਹੀਂ ਹੁੰਦਾ ਪਰ ਕਿੰਨੀ ਮਾੜੀ ਗੱਲ ਹੈ ਕਿ ਅੱਜ ਉਹੀ ਬਾਂਹਾਂ ਗਲ਼ ਤੱਕ ਪਹੁੰਚ ਗਈਆਂ ਹਨ। ਰਿਸ਼ਤਿਆਂ ਦੀ ਜੋ ਸਾਂਝ ਪਹਿਲਾਂ ਵੇਖਣ ਨੂੰ ਮਿਲਦੀ ਸੀ, ਉਹ ਸਾਂਝ ਹੁਣ ਖ਼ਤਮ ਹੋ ਚੁੱਕੀ ਹੈ। ਪਹਿਲਾਂ ਜੋ ਨਾਨਕਿਆਂ, ਭੂਆ, ਮਾਸੀਆਂ ਦੇ ਲਈ ਬੱਚਿਆਂ ਦੇ ਦਿਲਾਂ ਵਿਚ ਪਿਆਰ, ਸਤਿਕਾਰ ਹੁੰਦਾ ਸੀ, ਉਹ ਹੁਣ ਖ਼ਤਮ ਹੁੰਦਾ ਜਾ ਰਿਹਾ ਹੈ। ਜੇ ਅਸੀਂ ਆਪਣੇ ਬਜ਼ੁਰਗਾਂ ਨੂੰ ਦੇਖੀਏ ਤਾਂ ਪਤਾ ਲੱਗਦਾ ਹੈ ਕਿ ਕਿੰਨਾ ਮੋਹ, ਪਿਆਰ ਹੈ ਉਨ੍ਹਾਂ ਅੰਦਰ ਆਪਣੇ ਨਾਲ ਦੇ ਜੰਮਿਆਂ ਜਾਇਆਂ ਲਈ। ਹਰ ਰਿਸ਼ਤੇ ਦੀ ਕਦਰ, ਹਰ ਰਿਸ਼ਤੇ ਨੂੰ ਨਿਭਾਉਣ ਦੀ ਜਾਚ ਹੈ ਪਰ ਜੇ ਨੌਜਵਾਨ ਪੀੜ੍ਹੀ ਦੀ ਗੱਲ ਕਰੀਏ, ਤਾਂ ਰਿਸ਼ਤੇ ਨਿਭਾਉਣਾ ਤਾਂ ਵੱਖ, ਬਲਕਿ ਉਨ੍ਹਾਂ ਨੂੰ ਤਾਂ ਇਹ ਵੀ ਨਹੀਂ ਪਤਾ ਚੱਲਦਾ ਕਿ ਸਾਹਮਣੇ ਵਾਲਾ ਉਨ੍ਹਾਂ ਦਾ ਰਿਸ਼ਤੇ ਵਿਚ ਲੱਗਦਾ ਕੀ ਹੈ? ਰਿਸ਼ਤਿਆਂ ਵਿਚ ਆਈ ਗਿਰਾਵਟ ਦਾ ਸਭ ਤੋਂ ਵੱਧ ਅਸਰ ਸਾਡੀ ਬਜ਼ੁਰਗ ਪੀੜ੍ਹੀ 'ਤੇ ਪੈ ਰਿਹਾ ਹੈ, ਜਿਸ ਕਾਰਨ ਸਾਡੇ ਬਜ਼ੁਰਗਾਂ ਨੂੰ ਆਪਣਾ ਬੁਢੇਪਾ ਬਿਰਧ ਘਰਾਂ ਵਿਚ ਬਿਤਾਉਣਾ ਪੈ ਰਿਹਾ ਹੈ। ਸਾਡੇ ਬਜ਼ੁਰਗ ਜਿਨ੍ਹਾਂ ਸਾਨੂੰ ਪਤਾ ਨਹੀਂ ਕਿੰਨੀਆਂ ਧੁੱਪਾਂ, ਝੱਖੜਾਂ ਤੋਂ ਬਚਾਇਆ, ਪਤਾ ਨਹੀਂ ਕਿੰਨੀ ਵਾਰ ਖ਼ੁਦ ਭੁੱਖੇ ਰਹਿ ਕੇ ਸਾਨੂੰ ਪੇਟ ਭਰ ਖਾਣਾ ਖਵਾਇਆ, ਜਿਨ੍ਹਾਂ ਸਾਨੂੰ ਉਂਗਲੀ ਫੜ ਕੇ ਚੱਲਣਾ ਸਿਖਾਇਆ, ਸਾਨੂੰ ਡਿੱਗਦਿਆਂ ਨੂੰ ਹਮੇਸ਼ਾਂ ਸਹਾਰਾ ਦਿੱਤਾ, ਅੱਜ ਉਮਰ ਦੇ ਇਸ ਪੜਾਅ ਉੱਤੇ ਆ ਕੇ ਜਦੋਂ ਉਨ੍ਹਾਂ ਨੂੰ ਸਹਾਰੇ ਦੀ ਲੋੜ ਹੁੰਦੀ ਹੈ, ਤਾਂ ਫਿਰ ਉਹੀ ਸਾਡੇ ਮਾਪੇ, ਸਾਡੇ ਬਜ਼ੁਰਗ ਸਾਡੇ ਲਈ ਬੋਝ ਬਣ ਜਾਂਦੇ ਹਨ, ਜਿਨ੍ਹਾਂ ਦੀ ਬਦੌਲਤ ਅਸੀਂ ਦੁਨੀਆਂ ਦੇਖੀ, ਜਿਨ੍ਹਾਂ ਕਾਰਨ ਅੱਜ ਸਾਡੀ ਪਛਾਣ ਹੈ, ਜਿਨ੍ਹਾਂ ਨੇ ਸਾਡੀਆਂ ਖ਼ੁਸ਼ੀਆਂ ਲਈ ਆਪਣੀਆਂ ਲੱਖਾਂ ਸੱਧਰਾਂ ਨੂੰ ਕੁਰਬਾਨ ਕਰ ਦਿੱਤਾ। ਆਖਰ ਉਹੀ ਮਾਪੇ ਸਾਡੇ ਲਈ ਬੋਝ ਕਿਵੇਂ ਹੋ ਸਕਦੇ ਹਨ? ਜੇ ਅਸੀਂ ਆਪਣੇ ਮਾਪਿਆਂ ਦਾ ਸਤਿਕਾਰ ਨਹੀਂ ਕਰ ਸਕਦੇ ਤਾਂ ਫਿਰ ਆਉਣ ਵਾਲੀ ਪੀੜ੍ਹੀ ਤੋਂ ਸਤਿਕਾਰ ਦੀ ਆਸ ਕਿਵੇਂ ਰੱਖ ਸਕਦੇ ਹਾਂ। ਆਖਰ 'ਵੱਢਾਂਗੇ ਤਾਂ ਉਹੀ ਨਾ, ਜੋ ਕੁਝ ਬੀਜਾਂਗੇ'। ਹੁਣ ਜੇ ਗੱਲ ਕਰੀਏ ਪਤੀ-ਪਤਨੀ ਦੇ ਰਿਸ਼ਤੇ ਦੀ, ਤਾਂ ਇੱਕ ਸਮਾਂ ਸੀ ਜਦੋਂ ਇਸ ਨੂੰ ਸੱਤ ਜਨਮਾਂ ਦਾ ਸਾਥ ਸਮਝਿਆ ਜਾਂਦਾ ਸੀ ਪਰ ਹੁਣ ਸੱਤ ਜਨਮ ਤਾਂ ਕੀ ਇੱਕ ਜਨਮ ਸਾਥ ਨਿਭਾਉਣਾ ਵੀ ਔਖਾ ਹੋ ਗਿਆ ਹੈ। ਜਿੰਨੇ ਜਲਦੀ ਵਿਆਹ ਹੁੰਦੇ ਹਨ, ਉਨੇ ਜਲਦੀ ਹੀ ਟੁੱਟ ਜਾਂਦੇ ਹਨ। ਰਿਸ਼ਤੇ ਨਿਭਾਉਣ ਦੀ ਸ਼ਿੱਦਤ ਹੁਣ ਖ਼ਤਮ ਹੋ ਚੁੱਕੀ ਹੈ। ਰੂਹਾਂ ਦੇ ਰਿਸ਼ਤੇ ਪਲਾਂ ਵਿਚ ਬਿਖਰ ਜਾਂਦੇ ਹਨ। ਪਦਾਰਥਵਾਦੀ ਯੁੱਗ ਦੀ ਮਾਰ ਕਾਰਨ ਭੈਣ-ਭਰਾ ਦਾ ਰਿਸ਼ਤਾ ਵੀ ਪ੍ਰਭਾਵਿਤ ਹੋਇਆ ਹੈ। ਇਸ ਰਿਸ਼ਤੇ ਵਿਚਲੀ ਸਾਂਝ, ਆਪਸੀ ਪਿਆਰ ਹੁਣ ਖ਼ਤਮ ਹੁੰਦਾ ਜਾਪ ਰਿਹਾ ਹੈ। ਭਰਾ-ਭਰਾ ਦਾ ਦੁਸ਼ਮਣ ਬਣ ਚੁੱਕਾ ਹੈ। ਨਨਾਣ-ਭਰਜਾਈ, ਦਿਉਰ-ਭਰਜਾਈ, ਜੀਜਾ-ਸਾਲੀ, ਨੂੰਹ-ਸੱਸ ਆਦਿ ਰਿਸ਼ਤੇ ਜਿਨ੍ਹਾਂ ਵਿਚ ਪਿਆਰ ਅਤੇ ਤਕਰਾਰ ਦੋਵੇਂ ਦੇਖਣ ਨੂੰ ਮਿਲਦੇ ਸਨ, ਅੱਜ ਇਨ੍ਹਾਂ ਰਿਸ਼ਤਿਆਂ ਦੀ ਪਰਿਭਾਸ਼ਾ ਬਦਲ ਚੁੱਕੀ ਹੈ। ਅੱਜ ਅਸੀਂ ਨੂੰਹਾਂ ਘੱਟ ਅਤੇ ਨੀਂਹਾਂ ਜ਼ਿਆਦਾ ਵਿਆਹ ਕੇ ਲਿਆਉਂਦੇ ਹਾਂ। ਘਰ ਵਿਚ ਮੁੰਡੇ ਦਾ ਵਿਆਹ ਮਗਰੋਂ ਹੁੰਦਾ ਹੈ, ਬਟਵਾਰਾ ਪਹਿਲਾਂ ਹੋ ਜਾਂਦਾ ਹੈ। ਪਹਿਲਾਂ ਇਹ ਬਟਵਾਰਾ ਭਰਾਵਾਂ-ਭਰਾਵਾਂ ਵਿਚਕਾਰ ਹੁੰਦਾ ਸੀ ਪਰ ਅੱਜ-ਕੱਲ੍ਹ ਤਾਂ ਜੇ ਕਿਸੇ ਦੇ ਇੱਕ ਪੁੱਤ ਹੈ, ਉਹ ਵੀ ਮਾਪਿਆਂ ਨਾਲੋਂ ਅੱਡ ਹੀ ਰਹਿੰਦਾ ਹੈ। ਇਸ ਤਰ੍ਹਾਂ ਰਿਸ਼ਤਿਆਂ ਵਿਚਲੀ ਇਸ ਗਿਰਾਵਟ ਕਾਰਨ ਸਾਡੇ ਬਜ਼ੁਰਗ ਖ਼ੂਨ ਦੇ ਹੰਝੂ ਵਹਾ ਰਹੇ ਹਨ। ਰਿਸ਼ਤਿਆਂ 'ਚ ਆਈਆਂ ਇਨ੍ਹਾਂ ਦੂਰੀਆਂ ਦਾ ਇੱਕ ਵੱਡਾ ਕਾਰਨ ਇਹੀ ਹੈ ਕਿ ਸਾਡੀ ਸਹਿਣਸ਼ਕਤੀ ਖ਼ਤਮ ਹੋ ਚੁੱਕੀ ਹੈ। ਅੱਜ ਪੈਸਾ ਹੀ ਸਾਡੇ ਲਈ ਸਭ ਕੁਝ ਬਣ ਚੁੱਕਾ ਹੈ। ਰਿਸ਼ਤੇ ਪੈਸੇ ਦੀ ਚਕਾਚੌਂਧ ਵਿਚ ਧੁੰਦਲੇ ਪੈਂਦੇ ਜਾ ਰਹੇ ਹਨ ਪਰ ਸਮਾਂ ਰਹਿੰਦੇ ਹੀ ਸਾਨੂੰ ਆਪਣੀ ਸੋਚ ਨੂੰ ਬਦਲਣਾ ਪਵੇਗਾ। ਸਾਡੀ ਅਸਲੀ ਦੌਲਤ ਇਹ ਪਿਆਰੇ ਜਿਹੇ ਰਿਸ਼ਤੇ ਹਨ, ਜਿਨ੍ਹਾਂ ਨੂੰ ਅਸੀਂ ਸਾਰੀ ਜ਼ਿੰਦਗੀ ਕਮਾਉਂਦੇ ਹਾਂ ਤੇ ਇਸ ਦੌਲਤ ਨੂੰ ਸੰਭਾਲਣਾ ਸਾਡਾ ਮੁੱਢਲਾ ਫ਼ਰਜ਼ ਹੈ। ਰਿਸ਼ਤਿਆਂ ਵਿਚਲਾ ਪਿਆਰ ਮੋਹ, ਮਿਠਾਸ, ਅਪਣੱਤ ਹੀ ਇਸ ਦੀ ਅਸਲੀ ਪਰਿਭਾਸ਼ਾ ਹੈ ਅਤੇ ਇਸ ਨੂੰ ਕਾਇਮ ਰੱਖਣਾ ਇਨਸਾਨੀਅਤ ਦਾ ਫ਼ਰਜ਼ ਹੈ। ਪ੍ਰਮਾਤਮਾ ਮਿਹਰ ਕਰੇ ਤੇ ਰਿਸ਼ਤਿਆਂ ਦੀ ਟੁੱਟੀ ਹੋਈ ਗੰਢ ਮੁੜ ਤੋਂ ਜੁੜ ਜਾਵੇ।

# ਪੰਜਾਬੀ ਲਘੂ ਫ਼ਿਲਮ ਪੁਨਰ ਜਨਮ


ਅੰਗਰੇਜ ਸਿੰਘ ਵਿਰਦੀ
ਅੰਮ੍ਰਿਤਸਰ
94646-28857
(Punjab Mail USA)




ਅਜੋਕੇ ਦੌਰ ਵਿਚ ਜਦੋਂ ਇੰਟਰਨੈੱਟ ਜ਼ਰੀਏ ਦਰਸ਼ਕਾਂ ਵਿਚ ਫ਼ਿਲਮਾਂ ਦੀ ਪਹੁੰਚ ਦਾ ਦਾਇਰਾ ਬਹੁਤ ਵਿਸ਼ਾਲ ਹੋ ਗਿਆ ਹੈ, ਤਾਂ ਫ਼ੀਚਰ ਫ਼ਿਲਮਾਂ ਦੇ ਨਾਲ-ਨਾਲ ਲਘੂ ਫ਼ਿਲਮਾਂ ਬਣਾਉਣ ਦੀ ਰਫਤਾਰ ਵਿਚ ਵੀ ਚੋਖਾ ਵਾਧਾ ਹੋਇਆ ਹੈ। ਦੁਨੀਆਂ ਦੀਆਂ ਵੱਖ-ਵੱਖ ਭਾਸ਼ਾਵਾਂ ਵਿਚ ਬਣਨ ਵਾਲੀਆਂ ਲਘੂ ਫ਼ਿਲਮਾਂ ਦੀ ਤਰ੍ਹਾਂ ਪੰਜਾਬੀ ਜ਼ੁਬਾਨ ਵਿਚ ਵੀ ਬਹੁਤ ਖ਼ੂਬਸੂਰਤ ਲਘੂ ਫ਼ਿਲਮਾਂ ਦਾ ਨਿਰਮਾਣ ਹੋ ਰਿਹਾ ਹੈ। ਲਘੂ ਫ਼ਿਲਮਾਂ ਨੂੰ ਬਣਾਉਣ ਦਾ ਇਕ ਮਕਸਦ ਇਨ੍ਹਾਂ ਫ਼ਿਲਮਾਂ ਰਾਹੀਂ ਉਨ੍ਹਾਂ ਮਸਲੇ ਮਸਾਇਲਾਂ ਨੂੰ ਉਭਾਰਨਾ ਵੀ ਹੁੰਦਾ ਹੈ, ਜਿਨ੍ਹਾਂ ਦਾ ਸਿੱਧਾ ਸੰਬੰਧ ਸਮਾਜ ਅਤੇ ਉਸ ਵਿਚ ਰਹਿਣ ਵਾਲੇ ਲੋਕਾਂ ਨਾਲ ਹੁੰਦਾ ਹੈ। ਪੰਜਾਬੀ ਲਘੂ ਫ਼ਿਲਮ ਪੁਨਰ ਜਨਮ ਵੀ ਹਾਲ ਹੀ ਵਿਚ ਰਿਲੀਜ਼ ਹੋਈ ਇੱਕ ਐਸੀ ਫ਼ਿਲਮ ਹੈ, ਜਿਸ ਵਿਚ ਮੌਜੂਦਾ ਦੌਰ ਵਿਚ ਬਜ਼ੁਰਗਾਂ ਦੀ ਹੁੰਦੀ ਬੇਕਦਰੀ ਅਤੇ ਜ਼ਿੰਦਗੀ ਦੇ ਆਖਰੀ ਪੜਾਅ ਵਿਚ ਉਨ੍ਹਾਂ ਦੀ ਆਪਣੀ ਹੀ ਔਲਾਦ ਵੱਲੋਂ ਅਣਗੌਲਿਆ ਕਰ ਦੇਣਾ ਅਤੇ ਉਨ੍ਹਾਂ ਵੱਲੋਂ ਆਪਣੇ ਹੱਥੀਂ ਸਾਰੀ ਉਮਰ ਹੱਢ-ਭੰਨਵੀਂ ਮਿਹਨਤ ਕਰਕੇ ਬਣਾਏ ਆਪਣੇ ਹੀ ਘਰੋਂ ਅਖੀਰੀ ਸਮੇਂ ਬਾਹਰ ਕੱਢਣ ਦੀ ਦਰਦ ਭਰੀ ਦਾਸਤਾਨ ਬਿਆਨ ਕੀਤੀ ਗਈ ਹੈ।

ਸਾਰਥਕ ਰੰਗਮੰਚ ਦੀ ਪੇਸ਼ਕਸ਼ ਲਘੂ ਫ਼ਿਲਮ ਪੁਨਰ ਜਨਮ ਦੇ ਨਿਰਮਾਤਾ ਹਨ ਸਹਿਰਾਬ ਅਤੇ ਇਸ ਫ਼ਿਲਮ ਦੀ ਕਹਾਣੀ ਲਿਖੀ ਹੈ ਗੁਰਦਿਆਲ ਦਲਾਲ ਵੱਲੋਂ। ਪੰਜਾਬੀ ਥੀਏਟਰ ਅਤੇ ਫ਼ਿਲਮੀ ਅਦਾਕਾਰ ਡਾ. ਲੱਖਾ ਲਹਿਰੀ ਜਿਨ੍ਹਾਂ ਦੇ ਸਾਰਥਕ ਰੰਗਮੰਚ ਪਟਿਆਲਾ ਥੀਏਟਰ ਗਰੁੱਪ ਨੇ ਪੰਜਾਬੀ ਰੰਗਮੰਚ ਦੀ ਦੁਨੀਆਂ ਵਿਚ ਕਈ ਸ਼ਾਹਕਾਰ ਨਾਟਕ ਜਿਨ੍ਹਾਂ ਵਿਚ ਟੂੰਮਾਂ, ਲਾਕਡਾਊਨ ਇੱਕ ਪ੍ਰੇਮ ਕਹਾਣੀ, ਬਦਨਾਮ ਕੁੜੀ, ਤਲਾਕ, ਉਧਾਰਾ ਪਤੀ ਅਤੇ ਹੋਰ ਬਹੁਤ ਸਾਰੇ ਨਾਟਕ ਪੰਜਾਬੀ ਥੀਏਟਰ ਦੀ ਝੋਲੀ ਪਾਏ ਹਨ, ਵੱਲੋਂ ਇਸ ਫ਼ਿਲਮ ਦੀ ਨਿਰਦੇਸ਼ਨਾਂ, ਪਟਕਥਾ, ਸੰਵਾਦ ਅਤੇ ਸੰਪਾਦਨ ਕਰਨ ਦੀ ਜ਼ਿੰਮੇਵਾਰੀ ਬਾਖ਼ੂਬੀ ਨਿਭਾਈ ਗਈ ਹੈ। ਫ਼ਿਲਮ ਦੇ ਪ੍ਰਮੁੱਖ ਅਦਾਕਾਰਾਂ ਵਿਚ ਸ਼ਾਮਲ ਹਨ ਐੱਮ.ਐੱਮ. ਸਿਆਲ, ਸੰਜੂ ਸੋਲੰਕੀ, ਵਿਪੁਲਾ ਅਹੂਜਾ, ਦੀਪਾ, ਅਰਨਪ੍ਰੀਤ ਕੌਰ, ਦਮਨ ਜੈਜੀ, ਗੁਰਦਿੱਤ ਪਹੇਸ਼, ਜਸਪ੍ਰਤੀ ਕੌਰ, ਰਾਜਨ ਪਟਿਆਲਵੀ, ਕੁਵਮ, ਦਿਵਨੀਸ਼ ਬਜਾਜ ਅਤੇ ਸੁਨੀਲ ਮਹਿਤਾ। ਫ਼ਿਲਮ ਦੇ ਗੀਤ ਲਿਖੇ ਹਨ ਸ਼ਬਦੀਸ਼ ਨੇ ਅਤੇ ਪਿੱਠ ਵਰਤੀ ਸੰਗੀਤਕਾਰ ਅਤੇ ਗਾਇਕ ਹਨ ਕੁਲਜੀਤ ਭੱਟੀ।








ਫ਼ਿਲਮ ਦੀ ਕਹਾਣੀ ਦੀ ਜੇਕਰ ਗੱਲ ਕੀਤੀ ਜਾਵੇ, ਤਾਂ ਫ਼ਿਲਮ ਸ਼ੁਰੂ ਹੁੰਦੀ ਹੈ, ਇੱਕ ਬਜ਼ੁਰਗ ਬੀਮਾਰ ਅਤੇ ਅਪਾਹਜ ਵਿਅਕਤੀ ਲਾਲ ਚੰਦ ਤੋਂ, ਜਿਸ ਨੂੰ ਉਸ ਦੇ ਨੂੰਹ-ਪੁੱਤ ਕਾਰ ਵਿਚ ਪਾ ਕੇ ਘਰ ਤੋਂ ਦੂਰ ਕਿਤੇ ਲੈ ਕੇ ਜਾ ਰਹੇ ਹਨ। ਕਾਰ ਸ਼ਹਿਰ ਦੀ ਖੁੱਲ੍ਹੀ ਸੜਕ ’ਤੇ ਸਰਪਟ ਦੌੜੀ ਚਲੀ ਜਾ ਰਹੀ ਹੈ। ਬਜ਼ੁਰਗ ਦੇ ਅੰਦਰ ਸੋਚਾਂ ਦਾ ਹੜ੍ਹ ਆਇਆ ਹੋਇਆ ਹੈ। ਬੀਮਾਰੀ ਅਤੇ ਲਾਚਾਰੀ ਦੀ ਹਾਲਤ ਵਿਚ ਉਹ ਡੂੰਘੀਆਂ ਸੋਚਾਂ ਵਿਚ ਡੁੱਬਾ ਹੈ। ਫ਼ਿਲਮ ਫ਼ਲੈਸ਼ ਬੈਕ ਵਿਚ ਪਿੱਛੇ ਚਲਦੀ ਹੈ। ਸਮਾਂ ਹੈ ਬਜ਼ੁਰਗ ਦੇ ਦਫ਼ਤਰ ਦਾ ਇੱਕ ਕਮਰਾ, ਜਿੱਥੇ ਲਾਲ ਚੰਦ ਆਪਣੇ ਦਫ਼ਤਰ ਦੇ ਸਾਥੀਆਂ ਨਾਲ ਗੱਲਬਾਤ ਕਰ ਰਿਹਾ ਹੈ। ਉਸ ਦਾ ਇੱਕ ਸਾਥੀ ਆਖਦਾ ਹੈ ਕਿ ਰਿਟਾਇਰਮੈਂਟ ਦੇ ਮਿਲੇ ਪੈਸੇ ਕਦੇ ਵੀ ਆਪਣੇ ਜਿਊਂਦੇ ਜੀਅ ਆਪਣੀ ਔਲਾਦ ਨੂੰ ਨਹੀਂ ਦੇਣੇ ਚਾਹੀਦੇ, ਕਿਉਂਕਿ ਔਲਾਦ ਪੈਸੇ ਲੈ ਕੇ ਮੁੜ ਕੇ ਬਜ਼ੁਰਗਾਂ ਦੀ ਬਾਤ ਨਹੀਂ ਪੁੱਛਦੀ। ਪਰ ਲਾਲ ਚੰਦ ਕਹਿੰਦਾ ਕਿ ਉਹ ਉਸ ਦੀਆਂ ਗੱਲਾਂ ਨਾਲ ਸਹਿਮਤ ਨਹੀਂ, ਉਸ ਦਾ ਵਿਚਾਰ ਹੈ ਕਿ ਇਨਸਾਨ ਨੂੰ ਆਪਣੇ ਜਿਉਂਦੇ ਜੀਅ ਹੀ ਆਪਣੀ ਸਾਰੀ ਜਾਇਦਾਦ ਔਲਾਦ ਦੇ ਨਾਂ ਕਰ ਦੇਣੀ ਚਾਹੀਦੀ ਹੈ। ਜੇਕਰ ਤੁਸੀਂ ਬੱਚਿਆਂ ਨੂੰ ਸੰਸਕਾਰ ਵਧੀਆ ਦਿੱਤੇ ਹਨ, ਤਾਂ ਉਹ ਬਗੈਰ ਕਿਸੇ ਲਾਲਚ ਦੇ ਬਜ਼ੁਰਗ ਅਵਸਥਾ ਵਿਚ ਤੁਹਾਡੀ ਦੇਖਭਾਲ ਜ਼ਰੂਰ ਕਰਨਗੇ। ਫ਼ਿਲਮ ਦੇ ਅਗਲੇ ਦ੍ਰਿਸ਼ ਵਿਚ ਲਾਲ ਚੰਦ ਰਿਟਾਇਰ ਹੋ ਜਾਂਦਾ ਹੈ ਅਤੇ ਰਿਟਾਇਰਮੈਂਟ ਤੋਂ ਬਾਅਦ ਉਹ ਬਹੁਤ ਸਾਰੀਆ ਕਿਤਾਬਾਂ ਖਰੀਦਦਾ ਹੈ, ਤਾਂ ਜੋ ਸਾਰੀ ਉਮਰ ਕੰਮਕਾਰ ਤੋਂ ਵਿਹਲ ਨਾ ਮਿਲਣ ਕਾਰਣ ਸਾਹਿਤ ਪੜ੍ਹਣ ਦੀ ਉਸ ਦੀ ਖਾਹਿਸ਼ ਜੋ ਪਹਿਲਾਂ ਪੂਰੀ ਨਹੀਂ ਹੋ ਪਾਈ, ਉਸ ਖਾਹਿਸ਼ ਨੂੰ ਉਹ ਹੁਣ ਪੂਰਾ ਕਰ ਲਵੇ। ਉਹ ਬਹੁਤ ਸਾਰੀਆਂ ਕਿਤਾਬਾਂ ਜੋ ਉਹ ਪੜ੍ਹ ਨਹੀਂ ਸਕਿਆ, ਉਨ੍ਹਾਂ ਨੂੰ ਬੜੀ ਰੀਝ ਨਾਲ ਅਤੇ ਇਤਮੇਨਾਨ ਨਾਲ ਬੈਠ ਕੇ ਪੜ੍ਹਨ ਬਾਰੇ ਸੋਚਦਾ ਹੈ। ਲਾਲ ਚੰਦ ਇੱਕ ਦਿਨ ਆਪਣੀ ਸਾਰੀ ਜਾਇਦਾਦ ਆਪਣੇ ਦੋਵੇ ਪੁੱਤਰਾਂ ਦੇ ਨਾਂ ਕਰ ਦਿੰਦਾ ਹੈ ਅਤੇ ਆਪ ਆਪਣੇ ਛੋਟੇ ਪੁੱਤਰ ਸੁਸ਼ੀਲ ਅਤੇ ਨੂੰਹ ਸਰਿਤਾ ਨਾਲ ਆਪਣੇ ਬਣਾਏ ਘਰ ਵਿਚ ਰਹਿਣ ਲੱਗਦਾ ਹੈ। ਸਭ ਕੰਮਾਂਕਾਰਾਂ ਤੋਂ ਸੁਰਖ਼ਰੂ ਹੋ ਕੇ ਲਾਲ ਚੰਦ ਆਪਣੇ ਕਮਰੇ ਵਿਚ ਆਪਣੀਆਂ ਮਨਪਸੰਦ ਕਿਤਾਬਾਂ ਪੜ੍ਹਦਾ ਰਹਿੰਦਾ ਹੈ। ਉਹ ਕਾਫੀ ਖੁਸ਼ ਹੈ ਪਰ ਇੱਕ ਦਿਨ ਕਿਤਾਬ ਪੜ੍ਹਦੇ ਉਸ ਨੂੰ ਹਾਰਟ ਅਟੈਕ ਆ ਜਾਂਦਾ ਹੈ। ਨੂੰਹ-ਪੁੱਤ ਉਸ ਨੂੰ ਹਸਪਤਾਲ ਪਹੁੰਚਾਉਂਦੇ ਹਨ। ਉਹ ਬਚ ਤਾਂ ਜਾਂਦਾ ਹੈ ਪਰ ਉਸ ਦਾ ਇੱਕ ਪਾਸਾ ਮਾਰਿਆ ਜਾਂਦਾ ਹੈ। ਲਾਲ ਚੰਦ ਨੂੰ ਹਸਪਤਾਲ ਤੋਂ ਛੁੱਟੀ ਮਿਲ ਜਾਂਦੀ ਪਰ ਹੁਣ ਉਹ ਪੂਰੀ ਤਰ੍ਹਾਂ ਅਪਾਹਜ ਹੋ ਕੇ ਨੂੰਹ-ਪੁੱਤ ’ਤੇ ਹੀ ਨਿਰਭਰ ਹੋ ਜਾਂਦਾ ਹੈ। ਨੂੰਹ ਹੀ ਉਸ ਦੀ ਦੇਖਭਾਲ ਕਰਦੀ ਹੈ। ਕੁਝ ਦਿਨ ਤਾਂ ਉਹ ਲਾਲ ਚੰਦ ਦੀ ਦੇਖਭਾਲ ਜੀਅ-ਜਾਨ ਨਾਲ ਕਰਦੀ ਹੈ ਪਰ ਛੇਤੀ ਹੀ ਉਸ ਨੂੰ ਲਾਲ ਚੰਦ ਨੂੰ ਸਾਭਣਾਂ ਬੋਝ ਲੱਗਣ ਲੱਗਦਾ ਹੈ। ਉਹ ਆਪਣੇ ਪਤੀ ਨੂੰ ਆਖਦੀ ਹੈ ਕਿ ਉਸ ਦਾ ਦਫ਼ਤਰ ਦਾ ਕੰਮ ਤੇ ਬੱਚਿਆਂ ਦੀ ਪੜ੍ਹਾਈ ਦਾ ਹਰਜ ਹੋ ਰਿਹਾ ਹੈ ਕਿਉਂਕਿ ਉਸ ਦਾ ਜ਼ਿਆਦਾ ਸਮਾਂ ਆਪਣੇ ਸਹੁਰੇ ਦੀ ਦੇਖਭਾਲ ਵਿਚ ਲੰਘ ਜਾਂਦਾ ਹੈ। ਲਾਲ ਚੰਦ ਦੇ ਨੂੰਹ-ਪੁੱਤ ਇਹ ਫੈਸਲਾ ਕਰਦੇ ਹਨ ਕਿ ਉਸ ਨੂੰ ਪਾਸ ਹੀ ਪੈਂਦੇ ਇੱਕ ਬਿਰਧ ਘਰ ਵਿਚ ਛੱਡ ਦਿੱਤਾ ਜਾਵੇ। ਉੱਥੇ ਉਸ ਦੀ ਦੇਖਭਾਲ ਦੀ ਜ਼ਿੰਮੇਵਾਰੀ ਬਿਰਧ ਘਰ ਵਾਲੇ ਵਧੀਆ ਨਿਭਾ ਲੈਣਗੇ। ਨੂੰਹ-ਪੁੱਤ ਬੇਬੱਸ ਤੇ ਲਾਚਾਰ ਪਿਓ ਨੂੰ ਕਾਰ ਵਿਚ ਪਾ ਕੇ ਬਿਰਧ ਘਰ ਵੱਲ ਨੂੰ ਤੁਰ ਪੈਂਦੇ ਹਨ। ਕਾਰ ਜਦੋਂ ਬਿਰਧ ਘਰ ਦੇ ਬੂਹਾਂ ’ਤੇ ਜਾ ਖਲੋਂਦੀ ਹੈ, ਤਾਂ ਲਾਲ ਚੰਦ ਦੀਆਂ ਅਤੀਤ ਦੀਆਂ ਯਾਦਾਂ ਦਾ ਸਿਲਸਿਲਾ ਟੁੱਟਦਾ ਹੈ। ਬਿਰਧ ਘਰ ਵਿਚ ਨਵੇਂ ਮਹਿਮਾਨ ਦੇ ਆਉਣ ’ਤੇ ਸਾਰੇ ਉਸ ਨੂੰ ਵੇਖਦੇ ਹਨ। ਨੂੰਹ-ਪੁੱਤ ਬਾਪ ਨੂੰ ਬਿਰਧ ਘਰ ਵਿਚ ਛੱਡਣ ਲਈ ਵੀਲ੍ਹ ਚੇਅਰ ’ਤੇ ਬਿਠਾ ਕੇ ਬਿਰਧ ਘਰ ਦੇ ਮੈਨੇਜਰ ਨੂੰ ਮਿਲਣ ਵਾਸਤੇ ਚੱਲ ਪੈਂਦੇ ਹਨ। ਮੈਨੇਜਰ ਗੱਲਾਂ ਹੀ ਗੱਲਾਂ ਵਿਚ ਲਾਲ ਚੰਦ ਦੀ ਔਲਾਦ ਨੂੰ ਲਾਹਨਤਾਂ ਪਾਉਂਦਾ ਹੈ। ਉਹ ਕਹਿੰਦਾ ਹੈ ਕਿ ਉਸ ਦੀ ਕਿੰਨੀ ਚੰਗੀ ਔਲਾਦ ਹੈ, ਜੋ ਉਸ ਨੂੰ ਬਿਰਧ ਘਰ ਸੁੱਟਣ ਲਈ ਲੈ ਆਈ ਹੈ, ਨਹੀਂ ਤਾਂ ਅੱਜਕੱਲ੍ਹ ਦੀ ਔਲਾਦ ਤਾਂ ਬਜ਼ੁਰਗਾਂ ਨੂੰ ਜਾਂ ਤਾਂ ਪੈਸੇ ਦੇ ਲਾਲਚ ਵਿਚ ਘਰੋਂ ਕੱਢ ਦਿੰਦੇ ਹਨ ਜਾਂ ਮਾਰ ਦਿੰਦੇ ਹਨ। ਉਹ ਬਿਰਧ ਘਰ ਵਿਚ ਰਹਿ ਰਹੇ ਹੋਰ ਬਜ਼ੁਰਗਾਂ ਦੀਆਂ ਕਹਾਣੀਆਂ ਸੁਣਾਉਂਦਾ ਤੇ ਕਹਿੰਦਾ ਕਿ ਇਥੇ ਤਾਂ ਕਈ ਵਾਰ ਔਲਾਦ ਬਜ਼ੁਰਗਾਂ ਨੂੰ ਛੱਡ ਤਾਂ ਜਾਂਦੀ ਪਰ ਫ਼ਿਰ ਉਸ ਦੀ ਬਾਤ ਨਹੀਂ ਪੁਛਦੀ, ਕਈ ਤਾਂ ਮਰਨ ’ਤੇ ਲਾਸ਼ ਵੀ ਨਹੀਂ ਲੈਣ ਆਉਂਦੇ। ਇਸ ਲਈ ਉਹ ਪਹਿਲਾਂ ਹੀ ਸਕਿਉਰਟੀ ਜਮ੍ਹਾਂ ਕਰਵਾ ਲੈਂਦੇ ਹਨ, ਤਾਂ ਜੋ ਮਰਨ ’ਤੇ ਉਨ੍ਹਾਂ ਦਾ ਅੰਤਮ ਸੰਸਕਾਰ ਬਿਰਧ ਘਰ ਵੱਲੋਂ ਹੀ ਹੋ ਜਾਵੇ। ਨੂੰਹ-ਪੁੱਤ ਸਕਿਉਰਿਟੀ ਭਰਦੇ ਤੇ ਆਪਣੇ ਪਿਓ ਨੂੰ ਕਮਰੇ ਵਿਚ ਲਿਟਾ ਕੇ ਆਪਣੇ ਘਰ ਦਾ ਰਾਹ ਲੈਂਦੇ। ਬੇਬਸ ਲਾਲ ਚੰਦ ਪਥਰਾਈਆਂ ਅੱਖਾਂ ਨਾਲ ਆਪਣੀ ਹੋਣੀ ਨੂੰ ਦੇਖ ਰਿਹਾ ਹੁੰਦਾ। ਉਸ ਦੀਆਂ ਅੱਖਾਂ ਵਿਚ ਹੰਝੂ ਹੁੰਦੇ। ਬਿਰਧ ਘਰ ਦਾ ਮੈਨੇਜਰ ਲਾਲ ਚੰਦ ਨੂੰ ਉਸ ਦੇ ਨਾਂ ਨਾਲ ਨਹੀਂ ਬੁਲਾਉਂਦਾ, ਉਹ ਉਸ ਨੂੰ 87 ਨੰਬਰ ਕਹਿ ਕੇ ਸੱਦਦਾ, ਉਹ ਕਹਿੰਦਾ ਜੋ ਵੀ ਇੱਥੇ ਆ ਜਾਂਦਾ, ਉਸ ਦੀ ਪਿਛਲੀ ਪਹਿਚਾਣ ਖਤਮ ਹੋ ਜਾਂਦੀ ਤੇ ਇੱਥੇ ਆ ਕੇ ਉਨ੍ਹਾਂ ਦਾ ਪੁਨਰ ਜਨਮ ਹੁੰਦਾ। ਮੈਨੇਜਰ ਦੀਆਂ ਕੋਸ਼ਿਸ਼ਾਂ ਸਦਕਾ ਨੰਬਰ 87 ਜੀਉਣ ਜੋਗਾ ਹੋ ਜਾਂਦਾ, ਉਹ ਆਪਣੇ ਪੈਰਾਂ ਸਿਰ ਚੱਲਣ ਜੋਗਾ ਹੋ ਜਾਂਦਾ ਤੇ ਇਸ ਤਰ੍ਹਾਂ ਇਹ ਫ਼ਿਲਮ ਆਪਣੇ ਅੰਤਮ ਮੁਕਾਮ ’ਤੇ ਪਹੁੰਚਦੀ।

ਲਘੂ ਫ਼ਿਲਮ ਪੁਨਰ ਜਨਮ ਜ਼ਰੀਏ ਇਹ ਦੱਸਣ ਦੀ ਕੋਸ਼ਿਸ਼ ਕੀਤੀ ਗਈ ਹੈ ਕਿ ਜ਼ਿੰਦਗੀ ਨੂੰ ਕਿਸੇ ਦੇ ਸਹਾਰੇ ਨਾ ਜੀਓ ਕਿਉਂਕਿ ਜਦੋਂ ਅਸੀਂ ਕਿਸੇ ਦਾ ਸਹਾਰਾ ਲੈਣ ਲੱਗ ਜਾਂਦੇ ਹਾਂ, ਤਾਂ ਅਸੀ ਸੱਚਮੁੱਚ ਹੀ ਅਪਾਹਜ ਹੋ ਜਾਂਦੇ ਹਾਂ। ਬੇਹਤਰੀਨ ਕਹਾਣੀ ਤੇ ਖ਼ੂਬਸੂਰਤ ਅਦਾਕਾਰੀ ਨਾਲ ਸਜੀ ਇਹ ਇੱਕ ਵਧੀਆ ਲਘੂ ਫ਼ਿਲਮ ਹੈ, ਜਿਸ ਵਿਚ ਔਲਾਦ ਨੂੰ ਵੀ ਇਹ ਸੁਨੇਹਾ ਦਿੱਤਾ ਗਿਆ ਹੈ ਕਿ ਸੁੱਖ, ਦੁੱਖ ਤੇ ਬੀਮਾਰੀ ਜ਼ਿੰਦਗੀ ਵਿਚ ਕਦੀ ਵੀ ਆ ਸਕਦੀ ਹੈ ਪਰ ਹਮੇਸ਼ਾ ਆਪਣੇ ਬਜ਼ੁਰਗਾਂ ਦੀ ਬਗੈਰ ਕਿਸੇ ਲਾਲਚ ਤੋਂ ਸੇਵਾ ਕਰੋ ਅਤੇ ਉਨ੍ਹਾਂ ਦੀ ਕਦਰ ਕਰੋ। ਫ਼ਿਲਮ ਵਿਚ ਦੋ ਗੀਤ “ਤਾਂਘਾ ਦੇ ਵਰੋਲੇ ਬੰਧੇ ਤੀਲੇ ਹੋਏ, ਸਾਡੇ ਬੋਹੜ ਜੜੋ ਹਿੱਲੇ ਪੱਤ ਪੀਲੇ ਹੋਏ” ਅਤੇ “ਅਗਨ ਹੈ ਤੇਰੇ ਵਿਚ ਅਗਨ ਹੈ, ਧਰਤੀ ਦਾ ਤੂੰ ਵਾਸੀ ਤੇਰੇ ਖਵਾਬਾਂ ਵਿਚ ਗਗਨ ਹੈ” ਸੁਣਨ ਵਿਚ ਚੰਗੇ ਲੱਗਦੇ ਹਨ।

# ਭਾਰਤੀ ਸਾਹਿਤ ਦੇ ਗੁਰੂਦੇਵ - ਰਵਿੰਦਰ ਨਾਥ ਟੈਗੋਰ


ਐਡਵੋਕੇਟ ਰਵਿੰਦਰ ਸਿੰਘ ਧਾਲੀਵਾਲ
ਪੰਜਾਬ ਹਰਿਆਣਾ ਹਾਈ ਕੋਰਟ
ਚੰਡੀਗੜ੍ਹ, ਮੋ 78374-90309
(Punjab Mail USA)



ਸਿਰਜਣਾ ਦਾ ਚਾਨਣ ਸਦੀਆਂ ਤੱਕ ਚਮਕਦਾ ਹੈ। ਨਿੱਜੀ ਕਾਬਲੀਅਤ ਦੀਵੇ ਦੀ ਬੱਤੀ ਸਮਾਨ ਹੈ, ਜੋ ਅੰਦਰੂਨੀ ਕਲਾ ਨੂੰ ਬਾਹਰ ਲਿਆਉਂਦੀ ਹੈ। ਉਸ ਸ਼ਖਸੀਅਤ ਦਾ ਪ੍ਰਭਾਵ ਸਦੀਆਂ ਤੱਕ ਰਹਿੰਦਾ ਹੈ, ਜੋ ਕਲਾ ਦੇ ਰਾਹੀਂ ਲੋਕਾਂ ਦੇ ਦਿਲਾਂ ਵਿਚ ਵਸਦੇ ਹਨ। ਅਜਿਹੀ ਉੱਚੀ-ਸੁੱਚੀ ਸ਼ਖਸੀਅਤ ਦੇ ਧਾਰਨੀ ਸਨ ਭਾਰਤੀ ਸਾਹਿਤ ਦੇ ਗੁਰੂਦੇਵ ਰਵਿੰਦਰ ਨਾਥ ਟੈਗੋਰ ਜੀ। ਜਿਨ੍ਹਾਂ ਆਪਣੀ ਮਾਂ-ਬੋਲੀ ਬੰਗਾਲੀ ਨਾਲ ਅਥਾਹ ਪਿਆਰ ਕੀਤਾ। ਉਨ੍ਹਾਂ ਨੂੰ ਲੋਕ ਗੀਤਕਾਰ, ਨਾਟਕਕਾਰ, ਚਿੱਤਰਕਾਰ, ਕਵੀ, ਕਲਾਕਾਰ, ਆਲੋਚਕ ਵਜੋਂ ਜਾਣਦੇ ਹਨ। ਜਦੋਂ ਰਾਸ਼ਟਰੀ ਗਾਣ ਸਕੂਲਾਂ ਵਿਚ ਗਾਇਆ ਜਾਂ ਕੌਮੀ ਤਿਉਹਾਰ ਮੌਕੇ ਵਜਦਾ ਹੈ, ਉਸ ਸਮੇਂ ਰਵਿੰਦਰ ਨਾਥ ਟੈਗੋਰ ਆਪ ਮੁਹਾਰੇ ਯਾਦ ਆਉਂਦੇ ਹਨ। ਉਹ ਭਾਰਤੀ ਸਾਹਿਤ ਦੇ ਗੁਰੂਦੇਵ ਸਨ, ਜਿਨ੍ਹਾਂ ਨੇ ਦੁਨੀਆਂ ਦਾ ਸਰਵਉੱਚ ਨੋਬਲ ਪੁਰਸਕਾਰ ਜਿੱਤ ਭਾਰਤ ਦਾ ਨਾਮ ਉੱਚਾ ਕੀਤਾ ਤੇ ਆਪਣਾ ਸਾਰਾ ਜੀਵਨ ਕਲਾ ਲਈ ਸਮਰਪਿਤ ਰੱਖਿਆ। ਇਹ ਪੁਰਸਕਾਰ 1913 ਵਿਚ ਪੁਸਤਕ ਗੀਤਾਂਜਲੀ ਲਈ ਹਾਸਲ ਕੀਤਾ। ਇਸ ਤੋਂ ਪਹਿਲਾਂ ਸ਼ਿਰਫ ਯੂਰਪੀ ਲੋਕਾਂ ਨੂੰ ਮਿਲਦਾ ਸੀ। ਦੇਸ਼ ਦੇ ਪਹਿਲੇ ਨੋਬਲ ਇਨਾਮ ਜੇਤੂ ਸਾਹਿਤਕਰ ਬਣ ਦੁਨੀਆਂ ਵਿਚ ਭਾਰਤੀ ਸਾਹਿਤ ਦਾ ਲੋਹਾ ਮੰਨਵਾਇਆ।

ਰਵਿੰਦਰਨਾਥ ਟੈਗੋਰ ਦਾ ਜਨਮ 7 ਮਈ, 1861 ਈ. ਨੂੰ ਕੋਲਕਾਤਾ ਦੇ ਅਮੀਰ ਬੈਨਰਜੀ ਘਰਾਣੇ ਵਿਚ ਹੋਇਆ। ਪਿਤਾ ਦਾ ਨਾਂ ਸ਼੍ਰੀ ਦੇਵਿੰਦਰ ਨਾਥ ਤੇ ਮਾਤਾ ਸ਼ਾਰਦਾ ਦੇਵੀ ਸੀ। ਬਚਪਨ ਵਿਚ ਹੀ ਮਾਂ ਦੇ ਚਲੇ ਜਾਣ ਪਿੱਛੋਂ ਵੀ ਜ਼ਿੰਦਗੀ ਦੀਆਂ ਦੁਸ਼ਵਾਰੀਆਂ ਛੱਡ ਆਪਣਾ ਜੀਵਨ ਮਾਨਵ ਭਲਾਈ ਦੇ ਲੇਖੇ ਲਾਇਆ। ਭਾਵੇਂ ਪਿਤਾ ਇੱਕ ਬ੍ਰਾਹਮਣ ਪਰਿਵਾਰ ਨਾਲ ਸੰਬੰਧ ਰੱਖਦੇ ਹੋਏ ਵੀ ਜ਼ਾਤ-ਪਾਤ, ਛੂਤ-ਛਾਤ ਜਿਹੇ ਭਰਮਾਂ ਤੋਂ ਕੋਹਾਂ ਦੂਰ ਸਨ। ਉਨ੍ਹਾਂ ਦੇ ਘਰ ਵਿਚ ਹਮੇਸ਼ਾ ਧਾਰਮਿਕ ਵੰਨਗੀ ਦਾ ਮਾਹੌਲ ਰਹਿੰਦਾ ਸੀ। ਜਦੋਂ ਹਰਿਮੰਦਰ ਸਾਹਿਬ ਪਿਤਾ ਜੀ ਨਾਲ ਦਰਸ਼ਨ ਕਰਨ ਲਈ ਗਏ, ਤਾਂ ਸਭ ਧਰਮਾਂ ਦਾ ਸਨਮਾਨ ਤੇ ਬਿਨਾ ਪੱਖਪਾਤ ਦੇ ਵਰਤਾਰਾ ਦੇਖ ਸਿੱਖ ਧਰਮ ਪ੍ਰਤੀ ਸ਼ਰਧਾ ਵਿਚ ਹੋਰ ਵਾਧਾ ਹੋ ਗਿਆ।

ਮੁੱਢਲੀ ਸਿੱਖਿਆ ਦੀ ਪ੍ਰਾਪਤੀ ਅਧਿਆਪਕ ਤੋਂ ਘਰ ਵਿਚ ਰਹਿ ਕੇ ਪ੍ਰਾਪਤ ਕੀਤੀ। ਪਰ ਉਚੇਰੀ ਵਿਦਿਆ ਦੇ ਲਈ ਇੰਗਲੈਂਡ ਚਲੇ ਗਏ, ਕਵਿਤਾ ਲਿਖਣ, ਚਿੱਤਰਕਾਰੀ ਕਰਨ ਜਾਂ ਕਲਾਕਾਰੀ ਦੀਆਂ ਰੁਚੀਆਂ ਨੇ ਉਥੇ ਰਹਿਣ ਨਹੀਂ ਦਿੱਤਾ, ਪੜ੍ਹਾਈ ਛੱਡ ਕੇ ਭਾਰਤ ਪਰਤ ਆਏ। ਕੁਦਰਤ ਦੇ ਨਜ਼ਾਰਿਆਂ ਨਾਲ ਇਕ-ਮਿਕ ਹੋ ਕੇ ਰਹਿਣਾ ਪਸੰਦ ਕਰਦੇ ਸਨ। ਮ੍ਰਿਣਾਲਿਨੀ ਦੇਵੀ ਨਾਲ ਵਿਆਹ ਪਿੱਛੋਂ ਜੀਵਨ ਵਿਚ ਪ੍ਰੇਮ ਭਰੀ ਅਨੋਖੀ ਲਹਿਰ ਦੀ ਰਵਾਨਗੀ ਹੋਈ। ਜਿਸ ਨਾਲ ਕਵਿਤਾ ਵਿਚ ਪ੍ਰੇਮ ਦਾ ਅਥਾਹ ਸਾਗਰ ਸਮਾ ਗਿਆ, ਜੋ ਸ਼ਬਦ ਰੂਪੀ ਲਹਿਰਾਂ ਨਾਲ ਬਾਹਰ ਨਿਕਲਣ ਲੱਗਾ। ਜਿਸ ਦਾ ਨਤੀਜਾ ‘ਗੀਤਾਂਜਲੀ’ ਨਾਂ ਦਾ ‘ਕਾਵਿ ਸੰਗ੍ਰਹਿ’ ਲਿਖਿਆ, ਜਿਸ ਨਾਲ ਨੋਬਲ ਪੁਰਸਕਾਰ ਮਿਲਿਆ। ਗੁਰੂਦੇਵ ਦੀਆਂ ਲਿਖਤਾਂ ਅਨੇਕਾਂ ਭਾਸ਼ਾਵਾ ਵਿਚ ਅਨੁਵਾਦ ਹੋਈਆਂ ਹਨ।



ਸਾਹਿਤ ਦੀ ਪਗਡੰਡੀ ’ਤੇ ਚੱਲਣਾ ਬਚਪਨ ਦੀਆਂ ਅਠਖੇਲ਼ੀਆਂ ਵਿਚ ਹੀ ਸ਼ੁਰੂ ਹੋ ਗਿਆ। ਛੋਟੀ ਉਮਰ ਤੋਂ ਹੀ ਕਵਿਤਾ, ਨਾਵਲ, ਨਾਟਕ, ਇਕਾਂਗੀਆਂ, ਕਹਾਣੀਆਂ, ਨਿਬੰਧ ਆਦਿ ਲਿਖਣੇ ਲੱਗੇ। ਜ਼ਿਆਦਾਤਰ ਸਾਹਿਤ ਮਾਂ-ਬੋਲੀ ਬੰਗਾਲੀ ਵਿਚ ਹੀ ਰਚਿਆ, ਜਿਸ ਵਿਚ ਗੋਰਾ, ਸਾਧਨਾ, ਨਵਾਂ ਚੰਨ, ਪ੍ਰਭਾਤ ਦੇ ਗੀਤ, ਭੁੱਖੇ ਪੱਥਰ, ਪ੍ਰਾਰਥਨਾ, ਸ਼ਾਮ ਦੇ ਗੀਤ, ਤਾਰਾ, ‘ਕਾਬਲੀ ਵਾਲਾ, ਤਸਵੀਰਾਂ ਦਾ ਰਾਗ ਜਿਹੀਆਂ ਪ੍ਰਸਿੱਧ ਰਚਨਾਵਾਂ ਲਿਖ ਕੇ ਸਾਹਿਤ ਜਗਤ ਲਈ ਨਵੇਲੇ ਰਾਹ ਦਸੇਰੇ ਬਣੇ। ਕੁਝ ਇਕਾਂਗੀ, ਕਹਾਣੀਆਂ, ਨਾਟਕਾਂ ਆਦਿ ’ਤੇ ਫਿਲਮਾਂ ਵੀ ਬਣੀਆਂ ਤੇ ਨਾਟਕ ਵੀ ਖੇਡੇ ਜਾ ਚੁੱਕੇ ਹਨ। ਇਨ੍ਹਾਂ ਵਿਚੋਂ ਕਾਬਲੀ ਵਾਲਾ ਕਹਾਣੀ ਅਤੇ ਡਾਕ-ਘਰ ਨਾਟਕ ਕਾਫੀ ਮਕਬੂਲ ਹਨ।

ਸਿੱਖਿਆ ਨੂੰ ਮਨੁੱਖੀ ਗਿਆਨ ਲਈ ਅਹਿਮ ਮੰਨਦੇ ਸਨ। ਆਜ਼ਾਦ ਖਿਆਲਾਂ ਦੇ ਪਸਾਰੇ ਲਈ ਸੰਸਥਾ ਦੀ ਸਥਾਪਨਾ ਕੀਤੀ, ਤਾਂ ਜੋ ਵਿਦਿਆਰਥੀ ਆਸਾਨੀ ਨਾਲ ਵਿਦਿਆ ਹਾਸਲ ਕਰ ਸਕਣ। ਉਨ੍ਹਾਂ ’ਤੇ ਕੋਈ ਕਿਤਾਬੀ ਬੋਝ ਨਾ ਹੋਵੇ, ਸਕੂਲ ਵਾਂਗ ਸੀਮਤ ਦਾਇਰੇ ਦੀ ਪੜ੍ਹਾਈ ਨਾ ਕਰਨ। ਆਪਣੇ ਸੁਪਨਿਆਂ ਦੇ ਸਕੂਲ ਨੂੰ ਸੰਜੋਣ ਲਈ ਸ਼ਾਂਤੀ ਨਿਕੇਤਨ ਦੀ ਸਥਾਪਨਾ ਕੀਤੀ। ਇਹ ਇਕ ਅਜਿਹੀ ਸੰਸਥਾ ਸੀ, ਜਿਸ ਵਿਚ ਵਿਦਿਆਰਥੀਆਂ ਨੂੰ ਮੁਫ਼ਤ ਵਿਦਿਆ ਦਿੱਤੀ ਜਾਂਦੀ। ਉਨ੍ਹਾਂ ਨੇ ਸਿਲੇਬਸ ਵਿਚ ਕਿਤਾਬੀ ਪੜ੍ਹਾਈ ਨਾਲੋਂ ਕਲਾਤਮਕਤਾ, ਕੁਦਰਤੀ ਦ੍ਰਿਸ਼ਾਂ ਦੇ ਚਿਤਰਣ ਲਈ ਚਿੱਤਰਕਾਰੀ, ਨਾਟਕ, ਨਾਵਲ, ਕਹਾਣੀ ਲੇਖਣ ਆਦਿ ਨੂੰ ਤਰਜੀਹ ਦਿੱਤੀ। ਜਿਥੇ ਸੰਸਾਰ ਭਰ ਦੇ ਸਾਹਿਤ, ਧਰਮ, ਰਾਜਨੀਤਕ, ਇਤਿਹਾਸ ਦੀਆਂ ਲਿਖਤਾਂ ਦਾ ਅਧਿਐਨ ਦੀ ਖੁੱਲ੍ਹ ਸੀ। ਇਨ੍ਹਾਂ ਖੋਜਾਂ ਦਾ ਮਹੱਤਵ ਮਨੁੱਖੀ ਵਿਕਾਸ ਤੇ ਸੁਨਹਿਰੀ ਭਵਿੱਖ ਵੱਲ ਕੇਂਦਰਿਤ ਸੀ। ‘ਸ਼ਾਂਤੀ ਨਿਕੇਤਨ’ ਵਿਸ਼ਵ ਵਿਦਿਆਲਾ ਦੇ ਰੂਪ ਵਿਚ ਫਲ-ਫੁੱਲ ਰਿਹਾ ਹੈ, ਦੇਸ਼-ਵਿਦੇਸ਼ ਦੇ ਵਿਦਿਆਰਥੀ ਸੇਧ ਪ੍ਰਾਪਤ ਕਰ ਰਹੇ ਹਨ।

ਟੈਗੋਰ ਸਾਹਿਤਕਾਰ ਹੀ ਨਹੀਂ, ਬਲਕਿ ਇਕ ਸੱਚੇ ਦੇਸ਼-ਭਗਤ ਵੀ ਸਨ। ਦੇਸ਼ ਪ੍ਰੇਮ ਦਾ ਜਜ਼ਬਾ ਕੁੱਟ-ਕੁੱਟ ਕੇ ਭਰਿਆ ਸੀ। ਭਾਵੇਂ ਸਿੱਧੇ ਰੂਪ ਕਿਸੇ ਆਜ਼ਾਦੀ ਅੰਦੋਲਨ ਵਿਚ ਹਿੱਸਾ ਨਹੀਂ ਲਿਆ, ਫਿਰ ਵੀ ਲਿਖਤਾਂ ਰਾਹੀਂ ਅੰਗਰੇਜ਼ ਸਰਕਾਰ ਦੀਆਂ ਨੀਤੀਆਂ ਨੂੰ ਭੰਡਦੇ ਰਹੇ। ਜਲ੍ਹਿਆਂਵਾਲੇ ਬਾਗ ਦੇ ਖ਼ੂਨੀ ਸਾਕੇ ਦਾ ਮਨ ’ਤੇ ਏਨਾ ਅਸਰ ਹੋਇਆ ਸੀ ਕਿ ਆਪ ਦੀ ਆਤਮਾ ਕੰਬ ਉੱਠੀ ਸੀ। ਉਸ ਦਾ ਹੀ ਅਸਰ ਸੀ ਕਿ ਮਹਾਤਮਾ ਗਾਂਧੀ ਵੱਲੋਂ ਚਲਾਈ ਜਾ ਰਹੀ ਨਾ-ਮਿਲਵਰਤਨ ਲਹਿਰ ’ਤੇ ਅਮਲ ਕਰਦਿਆਂ ਅੰਗਰੇਜ਼ ਸਰਕਾਰ ਵੱਲੋਂ ਮਿਲਿਆ “ਸਰ” ਦਾ ਖਿਤਾਬ ਵਾਪਸ ਕਰ ਦਿੱਤਾ, ਜਿਸ ਨੂੰ ਪ੍ਰਾਪਤ ਕਰਨਾ ਕਿਸੇ ਵੀ ਨਾਗਰਿਕ ਵਾਸਤੇ ਮਾਣ ਵਾਲੀ ਗੱਲ ਹੁੰਦੀ ਸੀ। ਇਸੇ ਕਰਕੇ ਮਹਾਤਮਾ ਗਾਂਧੀ ਨੇ ‘ਗੁਰੂਦੇਵ’ ਦੀ ਉਪਾਧੀ ਨਾਲ ਸਨਮਾਨਿਤ ਕੀਤਾ।

ਇਹ ਮਹਾਨ ਸਾਹਿਤਕਾਰ ਅਤੇ ਦੇਸ਼ ਭਗਤ 6 ਅਗਸਤ, 1941 ਈ. ਵਿਚ ਦੇਸ਼ ਵਾਸੀਆਂ ਨੂੰ ਸਦਾ ਲਈ ਅਲਵਿਦਾ ਆਖ ਗਿਆ। ਉਨ੍ਹਾਂ ਵਲੋਂ ਸਾਹਿਤ ਤੇ ਕਲਾ ਵਿਚ ਯੋਗਦਾਨ ਬੇਸ਼ਕੀਮਤੀ ਹੈ। ਗੁਰੂਦੇਵ ਦੀ ਕਲਪਨਾ, ਚਿੰਤਨ ਅਤੇ ਸੰਵੇਦਨਤਾ ਦੇ ਸਰੀਲੇ ਮੇਲ ਨੂੰ ਰਹਿੰਦੀ ਦੁਨੀਆਂ ਤੱਕ ਯਾਦ ਕੀਤਾ ਜਾਵੇਗਾ। ਭਾਰਤ ਦੀ ਆਜ਼ਾਦ ਫਿਜ਼ਾ ਵਿਚ ਗੂੰਜਦਾ ‘ਜਨ-ਗਨ-ਮਨ’ ਦਾ ਤਰਾਨਾ ਉਨ੍ਹਾਂ ਦੇ ਯੋਗਦਾਨ ਦੀ ਬੁਲੰਦੀ ਦਾ ਖ਼ੂਬਸੂਰਤ ਖਜ਼ਾਨਾ ਹੈ।


# ਜਲੰਧਰੋਂ ਕੀ ਸੁਨੇਹਾ ਆਏਗਾ ?

ਗੁਰਮੀਤ ਸਿੰਘ ਪਲਾਹੀ
# ਮੋਬਾਈਲ : 98158-02070
(Punjab Mail USA)













ਦੁਆਬੇ ਦੇ ਦਿਲ ਜਲੰਧਰ ਨੇ ਇਨ੍ਹਾਂ ਦਿਨਾਂ 'ਚ ਨਵੇਂ ਰੰਗ ਵੇਖੇ। ਲਾਰੇ-ਲੱਪੇ, ਵਾਇਦੇ, ਜਲੰਧਰ ਵਾਸੀਆਂ ਦੀਆਂ ਬਰੂਹਾਂ 'ਤੇ ਸਨ। ਪੰਜਾਬ ਦੀਆਂ ਵੱਡੀਆਂ-ਛੋਟੀਆਂ ਪਾਰਟੀਆਂ ਦੇ ਵੱਡੇ-ਛੋਟੇ ਨੇਤਾ ਜਲੰਧਰ ਢੁਕੇ, ਵੋਟਾਂ ਬਟੋਰਨ ਲਈ ਉਨ੍ਹਾਂ ਪੂਰੀ ਵਾਹ ਲਾਈ। ਗਲੀਆਂ, ਮੁਹੱਲਿਆਂ, ਹੋਟਲਾਂ, ਚੌਕਾਂ, ਸੜਕਾਂ, ਪਾਰਕਾਂ ਹਰ ਥਾਂ ਰੰਗ ਨਿਵੇਕਲੇ ਸਨ। ਪਰ ਇੱਕ ਰੰਗ ਮਨਫ਼ੀ ਰਿਹਾ, ਪੰਜਾਬ ਦੇ ਦਿਲ ਦੀ ਉਸ ਚੀਸ ਨੂੰ ਮੇਟਣ ਦਾ, ਸਮੇਟਣ ਦਾ ਰੰਗ, ਜਿਹੜੀ ਪੰਜਾਬ ਨੂੰ ਸਮੇਂ-ਸਮੇਂ ਬਦਰੰਗ ਕਰਦੀ ਹੈ, ਪੰਜਾਬ ਨੂੰ ਬਦਨਾਮ ਕਰਦੀ ਹੈ।

ਪੰਜਾਬ ਦੇ ਕਿਸੇ ਵੀ ਨੇਤਾ ਨੇ, ਲੋਕ ਨੇਤਾ ਨੇ, ਇਸ ਚੀਸ ਦੀ ਗੱਲ ਨਹੀਂ ਕੀਤੀ। ਵਿਰੋਧੀਆਂ ਨੂੰ ਨਿੰਦਿਆ, ਆਪਣਿਆਂ ਲਈ ਵੋਟਾਂ ਮੰਗੀਆਂ ਅਤੇ ਤਰਦੇ-ਤੁਰਦੇ ਬਣੇ। ਸਵਾਲਾਂ ਦਾ ਸਵਾਲ ਉਂਜ ਹੀ ਖੜ੍ਹਾ ਰਿਹਾ ਕਿ ਪੰਜਾਬ ਹਿਤੈਸ਼ੀ ਹੋਣ ਦਾ ਫ਼ਰਜ਼ ਕੌਣ ਨਿਭਾਵੇਗਾ, ਕੌਣ ਪੰਜਾਬ ਦੇ ਜ਼ਖ਼ਮਾਂ ਉਤੇ ਮਲ੍ਹਮ ਲਾਏਗਾ ?

ਜਲੰਧਰ ਪਾਰਲੀਮਾਨੀ ਚੋਣ ਇੱਕ ਸੰਵਿਧਾਨਿਕ ਮਜਬੂਰੀ ਸੀ। ਪਰ ਇਸ ਚੋਣ ਲਈ ਜਿਸ ਕਿਸਮ ਦੀ ਬਦਨਾਮੀ ਮੁਹਿੰਮ ਕਿਵੇਂ ਪਾਰਟੀਆਂ ਵਲੋਂ ਚਲਾਈ ਗਈ, ਉਹ ਇੱਕ ਰਿਕਾਰਡ ਰਿਹਾ। ਇਸ ਚੋਣ ਵਿਚ ਸਿਆਸੀ ਧਿਰਾਂ ਨੂੰ ਪੰਜਾਬ ਦੇ ਮਸਲੇ ਉਭਾਰਨੇ ਬਣਦੇ ਸਨ। ਪੰਜਾਬ ਦੀ ਮੌਜੂਦਾ ਆਰਥਿਕ, ਸਿਆਸੀ ਸਥਿਤੀ ਅਤੇ ਪੰਜਾਬ ਦੇ ਮਾਹੌਲ ਦੀ ਸਮੀਖਿਆ ਕਰਨੀ ਬਣਦੀ ਸੀ। ਪਰ ਜਲੰਧਰ ਚੋਣ 'ਚ ਜੋ ਹੋਣਾ ਸੀ, ਉਹੀ ਹੋਇਆ ਜਾਂ ਕੀਤਾ, ਜਿਸਦੀ ਤਵੱਕੋ ਪੰਜਾਬ ਦੇ ਬਹੁਤੇ ਨੇਤਾਵਾਂ ਤੋਂ ਸੀ, ਜਿਹੜੇ ਸਿਆਸਤ ਵਿਚ ਸਮਾਜ ਸੇਵਾ ਲਈ ਨਹੀਂ, ਸਗੋਂ ਇੱਕ ਕਿੱਤੇ ਵਜੋਂ ਸ਼ਾਮਲ ਹੋਏ ਹਨ।

1) ਸਿਆਸੀ ਨੇਤਾਵਾਂ ਦੀ ਖੁੱਲ੍ਹੇਆਮ ਖਰੀਦੋ-ਫ਼ਰੋਖਤ ਹੋਈ। ਆਇਆ-ਰਾਮ, ਗਿਆ-ਰਾਮ ਦਾ ਦੌਰ ਚੱਲਿਆ। ਜਿਸ ਵੀ ਨੇਤਾ ਨੂੰ ਜਿਥੇ ਚੰਗੀ ਕੁਰਸੀ ਦੀ ਸੋਅ ਪਈ, ਉਹ ਉਥੇ ਜਾ ਵਿਰਾਜਿਆ। ਜਾਂ ਭਵਿੱਖ 'ਚ ਨੇਤਾਗਿਰੀ ਚਮਕਦੀ ਰੱਖਣ ਲਈ ਆਪਣੀ ਅਤੇ ਆਪਣੀ ਪਾਰਟੀ ਦੀ ਹਮਾਇਤ ਦੇ ਦਿੱਤੀ। ਕੋਈ ਅਜੰਡਾ ਨਹੀਂ, ਕੋਈ ਅਸੂਲ ਨਹੀਂ।

2) ਹਾਕਮ ਧਿਰਾਂ ਨੇ ਸਾਮ-ਦਾਮ-ਦੰਡ ਦੀ ਵਰਤੋਂ ਕਰਦਿਆਂ ਵੋਟਾਂ ਬਟੋਰਨ ਦਾ ਹਰ ਹੀਲੇ ਯਤਨ ਕੀਤਾ।

3) ਦੂਸ਼ਣਬਾਜ਼ੀ ਦਾ ਦੌਰ ਚੱਲਿਆ। ਨਿੱਜੀ ਕਿੜਾਂ ਕੱਢੀਆਂ ਗਈਆਂ। ਇੱਕ-ਦੂਜੇ ਦੇ ਮੂੰਹ ਉਤੇ ਕਾਲਖ਼ ਪੋਤਣ ਦਾ ਵੱਡਾ ਯਤਨ ਹੋਇਆ।

4) ਮੀਡੀਆ ਉਤੇ ਬੇਢੱਬੇ ਢੰਗ ਨਾਲ ਹਮਲੇ ਹੋਏ, ਧਮਕੀਆਂ ਦਾ ਦੌਰ ਚੱਲਿਆ। ਇਸ਼ਤਿਹਾਰ ਬਾਜੀ, ਖ਼ਬਰਾਂ ਦੀ ਖਰੀਦੋ-ਫ਼ਰੋਖਤ ਦੇ ਨਾਲ-ਨਾਲ ਸੋਸ਼ਲ ਮੀਡੀਆ ਰਾਹੀਂ ਇੱਕ ਦੂਜੇ ਨੂੰ ਬਦਨਾਮ ਕਰਨ ਵਿਚ ਕੋਈ ਧਿਰ ਪਿੱਛੇ ਨਾ ਰਹੀ।

5) ਹਾਕਮ ਧਿਰ ਚਾਹੇ ਕੇਂਦਰੀ ਸੀ ਜਾਂ ਸੂਬਾਈ, ਪਾਰਟੀਆਂ ਦੇ ਨੇਤਾ ਕੇਂਦਰੀ ਸਨ ਜਾਂ ਸੂਬਾਈ ਸਭਨਾਂ ਨੇ "ਜਲੰਧਰ ਵਾਸੀਆਂ" ਨਾਲ ਹੇਜ ਵਿਖਾਇਆ। ਪੁਰਾਣੇ -ਨਵੇਂ ਰਿਸ਼ਤਿਆਂ ਦਾ ਵਾਸਤਾ ਪਾਇਆ ਅਤੇ ਚਲਦੇ ਬਣੇ। ਜਲੰਧਰ ਵਾਸੀਆਂ ਦੀਆਂ ਸਮੱਸਿਆਵਾਂ ਦਾ ਕੀ ਬਣੇਗਾ, ਪੰਜਾਬ ਦੀਆਂ ਸਮੱਸਿਆਵਾਂ ਦਾ ਹੱਲ ਕੌਣ ਕਰੇਗਾ ਜਾਂ ਕਿਵੇਂ ਹੋਏਗਾ, ਇਹ 2024 ਤੱਕ ਛੱਡ ਦਿੱਤਾ ਗਿਆ।

ਸਵਾਲ ਉੱਠਦਾ ਹੈ ਕਿ ਪੰਜਾਬ ਜਿਹੜਾ ਆਰਥਿਕ ਗੁਲਾਮੀ ਵੱਲ ਅੱਗੇ ਵੱਧ ਰਿਹਾ ਹੈ, ਕਰਜ਼ਾਈ ਹੋ ਰਿਹਾ ਹੈ, ਨੇਤਾਵਾਂ ਜਾਂ ਸਿਆਸੀ ਧਿਰਾਂ ਕੋਲ ਇਸਦਾ ਕੋਈ ਹੱਲ ਹੈ ?

ਸਵਾਲ ਇਹ ਵੀ ਉੱਠਦਾ ਹੈ ਕਿ ਪੰਜਾਬ, ਜਿਸਨੂੰ ਕੇਂਦਰੀ ਹਾਕਮ 2024 ਦੀਆਂ ਪਾਰਲੀਮਾਨੀ ਚੋਣਾਂ ਲਈ ਇੱਕ ਟੂਲ ਵਜੋਂ ਵਰਤਣਾ ਚਾਹੁੰਦੇ ਹਨ, ਕੀ ਪੰਜਾਬ ਦੇ ਨੇਤਾਵਾਂ ਕੋਲ ਇਸਦਾ ਕੋਈ ਹੱਲ ਹੈ ਜਾਂ ਚੋਣ ਮੁਹਿੰਮ ਦੌਰਾਨ ਉਨ੍ਹਾਂ ਨੇ ਕੋਈ ਹੱਲ ਪੇਸ਼ ਕੀਤਾ ?

ਜਲੰਧਰ ਚੋਣ ਤੋਂ ਕੁਝ ਸਮਾਂ ਪਹਿਲਾਂ ਜੋ ਵਰਤਾਰਾ ਪੰਜਾਬ ਦੇ ਲੋਕਾਂ 'ਚ ਇੱਕ ਵੱਖਰੀ ਕਿਸਮ ਦੀ ਦਹਿਸ਼ਤ ਪੰਜਾਬ 'ਚ ਪਾਕੇ, ਮੁੜ ਪਾਟੋ-ਧਾੜ ਅਤੇ ਅਵਿਸ਼ਵਾਸੀ ਦੇ ਹਾਲਾਤ ਪੈਦਾ ਕਰਕੇ ਕੀਤਾ ਗਿਆ, ਕੀ ਪੰਜਾਬ ਦੇ ਨੇਤਾਵਾਂ ਨੇ ਇਸਦਾ ਕੋਈ ਤੋੜ ਲੱਭਿਆ ? ਕੌਣ ਨਹੀਂ ਜਾਣਦਾ, ਪੰਜਾਬ ਨੂੰ 1947 'ਚ ਤਬਾਹ ਕੀਤਾ ਗਿਆ। ਫਿਰ '84 'ਚ ਪੰਜਾਬ ਨਾਲ ਜੱਗੋ ਬਾਹਰੀ ਕੀਤੀ ਗਈ, ਲੋਕ ਸਭਾ ਚੋਣਾਂ ਜਿੱਤਣ ਲਈ ਇੱਕ ਸਾਜ਼ਿਸ਼ ਰਚੀ ਗਈ। ਪੰਜਾਬ ਠਨੰਬਰਿਆ। ਤਬਾਹ ਹੋਇਆ। ਇਸਨੂੰ ਵੱਡੀ ਕੀਮਤ ਚੁਕਾਉਣੀ ਪਈ। ਕੀ ਪੰਜਾਬ ਦੇ ਨੇਤਾਵਾਂ ਨੇ ਲੋਕ ਹਿੱਤ 'ਚ ਇਨ੍ਹਾਂ ਘਟਨਾਵਾਂ ਨੂੰ ਲੋਕਾਂ ਸਾਹਵੇਂ ਪੇਸ਼ ਕੀਤਾ, ਉਨ੍ਹਾਂ ਨੂੰ ਅੱਗੋਂ ਲਈ ਸੁਚੇਤ ਕੀਤਾ।

ਦਰਿਆਈ ਪਾਣੀਆਂ ਦਾ ਮਸਲਾ ਪੰਜਾਬ ਲਈ ਅਹਿਮ ਹੈ। ਬੇਰੁਜ਼ਗਾਰੀ ਪੰਜਾਬ ਦੇ ਮੱਥੇ 'ਤੇ ਕਲੰਕ ਹੈ। ਨਸ਼ਿਆਂ ਦਾ ਕੋਹੜ ਪੰਜਾਬ ਨੂੰ ਚੈਨ ਨਹੀਂ ਲੈਣ ਦੇ ਰਿਹਾ। ਪੰਜਾਬ ਦਾ ਸਤਿਆ ਹੋਇਆ ਨੌਜਵਾਨ ਗ਼ਲ 'ਚ ਵਸਤਾ ਪਾ, ਹੱਥ 'ਚ ਪਾਸਪੋਰਟ ਫੜ, ਪੰਜਾਬ ਨੂੰ ਤਿਲਾਂਜਲੀ ਦੇ ਰਿਹਾ ਹੈ, ਪ੍ਰਵਾਸ ਦੇ ਵੱਡੇ ਰਾਹ ਪੈ ਰਿਹਾ ਹੈ। ਕੀ ਪੰਜਾਬ ਦੇ ਨੇਤਾ ਇਸ ਪ੍ਰਤੀ ਚਿੰਤਾਤੁਰ ਹੋਏ ਹਨ ?

ਪੰਜਾਬ ਦੀਆਂ ਜੜ੍ਹਾਂ 'ਚ ਭ੍ਰਿਸ਼ਟਾਚਾਰ ਹੈ। ਪੰਜਾਬ ਇਸ ਦਲਦਲ 'ਚ ਫਸਿਆ ਹੋਇਆ ਹੈ। ਪੰਜਾਬ ਦੀ ਕੁਝ ਅਫ਼ਸਰਸ਼ਾਹੀ, ਕੁਝ ਭ੍ਰਿਸ਼ਟਾਚਾਰੀ ਨੇਤਾਵਾਂ ਅਤੇ ਮਾਫੀਆ ਨੇ ਪੰਜਾਬ ਨੂੰ ਘੁਣ ਵਾਂਗਰ ਖਾ ਲਿਆ ਹੈ ਜਾਂ ਖਾਈ ਜਾ ਰਿਹਾ ਹੈ। ਕੀ ਪੰਜਾਬ ਦੇ ਨੇਤਾਵਾਂ ਨੇ ਇਹ ਮੁੱਦੇ ਇਸ ਚੋਣ ਦੌਰਾਨ ਚੁੱਕੇ ?

ਪੰਜਾਬ ਦੀ ਕਿਸਾਨੀ ਤਬਾਹੀ ਕੰਢੇ ਹੈ। ਧਰਤੀ ਹੇਠਲਾ ਪਾਣੀ ਮੁੱਕ ਰਿਹਾ ਹੈ। ਖੇਤੀ ਮਹਿੰਗੀ ਹੋ ਗਈ ਹੈ। ਫ਼ਸਲਾਂ ਦੇ ਘੱਟੋ-ਘੱਟ ਸਮਰਥਨ ਮੁੱਲ ਮਿਲ ਨਹੀਂ ਰਹੇ। ਕੇਂਦਰੀ ਚਾਲਾਂ ਨੇ ਕਿਸਾਨੀ ਅੰਦੋਲਨ ਦੇ ਆਗੂਆਂ ਨੂੰ ਪਾਟੋ-ਧਾੜ ਕਰ ਦਿੱਤਾ ਹੈ। ਸਿਆਸੀ ਪਾਰਟੀਆਂ ਜਿਹੜੀਆਂ ਕਿਸਾਨੀ ਨਾਲ ਖੜਨ ਦਾ ਦਾਅਵਾ ਕਰਦੀਆਂ ਸਨ, ਕੀ ਅੱਜ ਵੀ ਕਿਸਾਨਾਂ ਨਾਲ ਖੜ੍ਹੀਆਂ ਹਨ ਜਾਂ ਖੜ੍ਹੀਆਂ ਦਿਸੀਆਂ ?

ਪਿਛਲੇ ਦੋ ਵਰ੍ਹਿਆਂ ਤੋਂ ਬੇ-ਮੌਸਮੀ ਬਰਸਾਤ ਨੇ ਕਿਸਾਨਾਂ ਦੀਆਂ ਫ਼ਸਲਾਂ ਤਬਾਹ ਕੀਤੀਆਂ ਹਨ। ਵੱਡਾ ਨੁਕਸਾਨ ਹੋਇਆ ਹੈ ਫ਼ਸਲਾਂ ਦਾ ਪੰਜਾਬ 'ਚ। ਪਰ ਨੁਕਸਾਨ ਲਈ ਭਰਪਾਈ ਵਾਸਤੇ ਸਿਵਾਏ ਗੱਲਾਂ ਤੋਂ ਕਿਸਾਨਾਂ ਪੱਲੇ ਕੀ ਪਿਆ ਹੈ ? ਨੇਤਾ ਆਖ਼ਰ ਚੁੱਪ ਕਿਉਂ ਹਨ।

ਕਿਉਂ ਚੁੱਪ ਹਨ ਕਿਸਾਨਾਂ ਨਾਲ ਕੇਂਦਰ ਵਲੋਂ ਵਾਅਦੇ ਨਾ ਪੁਗਾਉਣ ਦੇ ਮਾਮਲੇ 'ਤੇ। ਜਾਂ ਕਿਸਾਨਾਂ ਦੀਆਂ ਫ਼ਸਲਾਂ ਦੀ ਭਰਪਾਈ ਲਈ ਕਿਸਾਨਾਂ, ਖੇਤ ਮਜ਼ਦੂਰਾਂ ਨੂੰ ਢੁਕਵੀਂ ਰਾਹਤ ਦੇਣ ਦੇ ਮਾਮਲੇ 'ਤੇ।

ਆਖ਼ਰ ਇਹੋ ਹੀ ਤਾਂ ਮਸਲੇ ਹੁੰਦੇ ਹਨ ਚੋਣਾਂ 'ਚ ਸਰਕਾਰ ਨੂੰ ਟੁਣਕਾਰਨ ਲਈ। ਭੈੜੇ ਪ੍ਰਸ਼ਾਸਨ ਅਤੇ ਪੁਲਿਸ ਪ੍ਰਬੰਧ 'ਚ ਤਰੁੱਟੀਆਂ ਲਈ ਚਿਤਾਰਨ ਲਈ, ਪਰ ਇਹ ਮਸਲੇ ਜਾਂ ਮੁੱਦੇ ਤਾਂ ਚੋਣ 'ਚ ਮਨਫ਼ੀ ਸਨ। ਭੈੜੇ ਚਰਿੱਤਰ ਉਛਾਲਣ ਦਾ ਮੁੱਦਾ ਆਖ਼ਰ ਕਿਹੜੀ ਲੋਕ ਭਲਾਈ ਹਿੱਤ ਹੈ ? ਨੇਤਾਵਾਂ ਕੋਲ ਇਸਦਾ ਕੋਈ ਜਵਾਬ ਹੈ ?

ਕੁਝ ਸਥਾਨਕ ਮੁੱਦੇ ਹੁੰਦੇ ਹਨ, ਇਹੋ ਜਿਹੀਆਂ ਚੋਣਾਂ 'ਚ ਚੁੱਕਣ ਲਈ। ਜਲੰਧਰ 'ਚ ਸੀਵਰੇਜ ਦਾ ਮੁੱਦਾ ਗੰਭੀਰ ਹੈ, ਸੈਂਟਰਲ ਲਾਇਬ੍ਰੇਰੀ, ਐੱਨ.ਆਰ.ਆਈ. ਸਭਾ, ਸੜਕਾਂ ਦੀ ਗੰਭੀਰ ਹਾਲਤ ਦਾ ਮੁੱਦਾ, ਸਕੂਲਾਂ-ਕਾਲਜਾਂ 'ਚ ਫੀਸਾਂ 'ਚ ਵਾਧੇ ਦਾ ਮੁੱਦਾ। ਗੰਦਗੀ ਸਮੇਟਣ ਲਈ ਰੀਸਾਇਕਲਿੰਗ ਪਲਾਂਟ ਦਾ ਮੁੱਦਾ। ਇਨ੍ਹਾਂ ਵਿਚੋਂ ਕੁਝ ਤਾਂ ਸਰਕਾਰ ਦੇ ਧਿਆਨ 'ਚ ਸਥਾਨਕ ਲੋਕਾਂ ਨੇ ਲਿਆਂਦੇ, ਵਾਇਦੇ ਵੀ ਲਏ, ਪਰ ਕੀ ਪੰਜਾਬ ਦੀਆਂ ਕਾਰਪੋਰੇਸ਼ਨ ਅਤੇ ਨਗਰ ਨਿਗਮ ਦੀ ਆਰਥਿਕ ਸਥਿਤੀ ਇਸ ਅਨੁਕੂਲ ਹੈ ਕਿ ਇਹ ਮਸਲੇ, ਸਮੱਸਿਆਵਾਂ ਹੱਲ ਹੋਣਗੇ ?

ਪੰਜਾਬ 'ਚ ਵੱਡਾ ਮਸਲਾ ਸੁਰੱਖਿਆ ਦਾ ਹੈ। ਕਾਨੂੰਨ ਵਿਵਸਥਾ ਸਥਿਤੀ ਸੁਖਾਵੀਂ ਰੱਖਣ ਦਾ ਹੈ। ਪੁਲਿਸ ਅਤੇ ਸਿਵਲ ਪ੍ਰਸ਼ਾਸਨ ਦੀ ਕਾਰਗੁਜ਼ਾਰੀ ਅਤੇ ਜਵਾਬਦੇਹੀ ਦਾ ਹੈ। ਪਿੰਡਾਂ 'ਚ ਵਿਕਾਸ ਕਾਰਜਾਂ ਲਈ ਫੰਡ ਜੁਟਾਉਣ ਅਤੇ ਉਨ੍ਹਾਂ ਵਿਕਾਸ ਕਾਰਜਾਂ ਨੂੰ ਅਫ਼ਸਰਸ਼ਾਹੀ ਵਲੋਂ ਪਾਈਆਂ ਜਾ ਰਹੀਆਂ ਰੁਕਾਵਟਾਂ ਨੂੰ ਤੋੜਨ ਦਾ ਹੈ। ਕੀ ਨੇਤਾ ਲੋਕ ਭਾਵੇਂ ਉਹ ਸ਼ਾਸਨ ਕਰਨ ਵਾਲੇ ਹਨ ਜਾਂ ਵਿਰੋਧੀ ਧਿਰ ਵਾਲੇ, ਕੀ ਉਨ੍ਹਾਂ ਇਹ ਮੁੱਦੇ ਚੁੱਕੇ ਜਾਂ ਚੁੱਕਣ ਦਾ ਯਤਨ ਕੀਤਾ ?

ਜਲੰਧਰ ਪਾਰਲੀਮਾਨੀ ਸੀਟ ਕੋਈ ਵੀ ਜਿੱਤ ਸਕਦਾ ਹੈ। ਕਾਂਗਰਸ ਜਿੱਤ ਸਕਦੀ ਹੈ, ਜਿਹੜੀ ਇਹ ਸਮਝਦੀ ਹੈ ਕਿ ਪੰਜਾਬ 'ਚ ਉਸਦੀ ਹੋਂਦ ਇਸ ਸੀਟ ਦੇ ਜਿੱਤਣ ਨਾਲ ਹੀ ਕਾਇਮ ਰਹਿ ਸਕਦੀ ਹੈ। ਆਮ ਆਦਮੀ ਪਾਰਟੀ ਚੋਣ ਜਿੱਤ ਸਕਦੀ ਹੈ, ਜਿਹੜੀ ਕਹਿੰਦੀ ਹੈ ਕਿ ਉਸਨੇ ਇਕ ਵਰ੍ਹੇ 'ਚ ਵੱਡੇ ਕੰਮ ਕੀਤੇ ਹਨ, ਬਿਜਲੀ ਬਿੱਲ ਮੁਆਫ਼ ਕੀਤੇ ਹਨ, ਲੋਕ ਭਲਾਈ ਦੇ ਕੰਮਾਂ ਲਈ ਉਨ੍ਹਾਂ ਤੱਤਪਰਤਾ ਵਿਖਾਈ ਹੈ। ਬੇਰੁਜ਼ਗਾਰੀ ਨੂੰ ਨੱਥ ਪਾਉਣ ਲਈ ਨੌਕਰੀਆਂ ਦਿੱਤੀਆਂ ਹਨ। ਚੋਣ ਜਿੱਤਣ ਲਈ ਉਨ੍ਹਾਂ ਪੂਰਾ ਟਿੱਲ ਲਾਇਆ ਹੈ।

ਭਾਜਪਾ ਵੀ ਚੋਣ ਜਿੱਤ ਸਕਦੀ ਹੈ ਜਾਂ ਆਪਣੀਆਂ ਵੋਟਾਂ ਦੀ ਪ੍ਰਤੀਸ਼ਤਤਾ ਜਾਂ ਗਿਣਤੀ ਪਿਛਲੀਆਂ ਚੋਣਾਂ ਨਾਲੋਂ ਵਧਾ ਸਕਦੀ ਹੈ, ਜਿਹੜੀ ਕਹਿੰਦੀ ਹੈ ਕਿ "ਨਵਾਂ ਪੰਜਾਬ" ਸਿਰਜਣਾ ਉਸਦਾ ਅਜੰਡਾ ਹੈ ਅਤੇ ਉਸਦਾ ਦਾਅਵਾ ਹੈ ਕਿ ਉਹ ਹੀ ਦੇਸ਼ 'ਚ ਇੱਕ ਇਹੋ ਜਿਹੀ ਪਾਰਟੀ ਹੈ, ਜੋ ਲੋਕ-ਹਿੱਤ 'ਚ ਕੰਮ ਕਰਦੀ ਹੈ। ਭਾਵੇਂ ਪੰਜਾਬ ਦੇ ਕਈ ਮਾਮਲਿਆਂ 'ਚ ਉਹਦੀ ਸੋਚ ਸੂਬੇ ਦੇ ਹਿੱਤ 'ਚ ਨਹੀਂ।

ਸ਼੍ਰੋਮਣੀ ਅਕਾਲੀ ਦਲ-ਬਸਪਾ ਸਾਂਝਾ ਗੱਠਜੋੜ ਵੀ ਚੋਣ ਜਿੱਤ ਸਕਦਾ ਹੈ, ਜਿਹੜਾ ਕਹਿੰਦਾ ਹੈ ਕਿ ਪੰਜਾਬ 'ਚ ਅਕਾਲੀ ਦਲ ਨੇ ਲਹਿਰਾਂ-ਬਹਿਰਾਂ ਲਿਆਂਦੀਆਂ ਹਨ। ਜਾਂ ਕੋਈ ਹੋਰ ਪਾਰਟੀ ਵੀ ਚੋਣ ਜਿੱਤ ਸਕਦੀ ਹੈ।

ਇਹ ਵੀ ਠੀਕ ਹੈ ਕਿ ਜਿਹੜੀ ਵੀ ਧਿਰ ਚੋਣ ਜਿਤੇਗੀ, ਉਹ ਦਾਅਵਾ ਕਰੇਗੀ ਕਿ ਉਹ ਪੰਜਾਬ 'ਚ ਹਰਮਨ ਪਿਆਰੀ ਹੈ, ਪੰਜਾਬ ਹਿਤੈਸ਼ੀ ਹੈ ਅਤੇ 2024 'ਚ ਉਹ ਦੇਸ਼ ਦੀ ਪਾਰਲੀਮੈਂਟ ਲਈ ਆਪਣੇ ਵੱਧ ਨੁਮਾਇੰਦੇ ਭੇਜੇਗੀ ਜਾਂ ਅਗਲੀ ਵਿਧਾਨ ਸਭਾ ਲਈ ਉਸਦੀ ਸਥਿਤੀ ਅਗਲੇ ਹਾਕਮ ਬਨਣ ਲਈ ਮਜ਼ਬੂਤ ਹੋਏਗੀ।

ਪਰ ਸਵਾਲਾਂ ਦਾ ਸਵਾਲ ਤਾਂ ਇਹ ਉੱਠਦਾ ਹੈ ਕਿ ਪੰਜਾਬ ਨੂੰ ਸੁਆਰੇਗਾ ਕੌਣ ? ਲਵਾਰਸ ਹੁੰਦੇ ਜਾ ਰਹੇ ਪੰਜਾਬ ਨੂੰ ਬਚਾਵੇਗਾ ਕੌਣ ? ਸੰਭਾਲੇਗਾ ਕੌਣ ? ਇਸ ਚੋਣ ਨੇ ਪੰਜਾਬ ਸਿਰ ਕਰਜ਼ੇ ਦੀ ਪੰਡ ਵਧਾਉਣ ਅਤੇ ਲੋਕਾਂ 'ਚ ਕੁੜੱਤਣ ਪੈਦਾ ਕਰਨ ਤੋਂ ਬਿਨ੍ਹਾਂ ਕੀ ਪੱਲੇ ਪਾਇਆ ?

ਪੰਜਾਬ, ਜਿਸ ਨੂੰ ਸਿਆਸੀ ਖਿਡੌਣਾ ਬਣਾਕੇ ਖੇਡਣ ਦਾ ਯਤਨ ਕੀਤਾ ਜਾ ਰਿਹਾ ਹੈ, ਇਥੋਂ ਦੇ ਧਾਰਮਿਕ, ਸਮਾਜਿਕ, ਸਿਆਸੀ ਮਾਹੌਲ 'ਚ ਜੋ ਖਿਲਾਅ ਪੈਦਾ ਹੋ ਰਿਹਾ ਹੈ, ਉਸ ਨੂੰ ਭਰਨ ਦਾ ਯਤਨ ਕਿਹੜਾ ਨੇਤਾ, ਕਿਹੜੀ ਸਿਆਸੀ ਧਿਰ ਕਰੇਗੀ ?

ਕੀ ਜਲੰਧਰ ਦੇ ਲੋਕ, ਇਸ ਪਾਰਲੀਮੈਂਟ ਚੋਣ ਦੇ ਨਤੀਜੇ 'ਚ ਸਾਰਥਿਕ ਸੁਨੇਹਾ ਦੇਣਗੇ ?

# ਸਿੱਖਾਂ ਦੀ ਪਹਿਲੀ ਜੰਗ

-ਦਿਲਜੀਤ ਸਿੰਘ ਬੇਦੀ
(Punjab Mail USA)



ਅੰਮ੍ਰਿਤਸਰ ਤੋਂ ਥੋੜੀ ਵਿੱਥ 'ਤੇ ਅਜਨਾਲਾ ਰੋਡ 'ਤੇ ਪੁਰਾਣੀ ਕੇਂਦਰੀ ਜੇਲ੍ਹ ਦੇ ਐਨ ਸਾਹਮਣੇ ਗੁਰਦੁਆਰਾ ਸ੍ਰੀ ਪਲਾਹ ਸਾਹਿਬ ਪਾਤਸ਼ਾਹੀ 6ਵੀਂ ਪਿੰਡ ਖੈਰਾਬਾਦ ਦੀ ਧਰਤ 'ਤੇ ਸਥਿਤ ਹੈ। ਇਹ ਗੁਰੂ ਘਰ ਸਿੱਖਾਂ ਦੀ ਪਹਿਲੀ ਜੰਗ ਅਤੇ ਪਾਤਸ਼ਾਹੀ ਛੇਵੀਂ ਨਾਲ ਸਬੰਧਤ ਹੈ। ਮੀਰੀ-ਪੀਰੀ ਦੇ ਮਾਲਕ ਜਦ ਸ਼ਿਕਾਰ ਖੇਡਣ ਲਈ ਨਿਕਲਦੇ ਸਨ, ਤਾਂ ਇਸ ਖੇਤਰ ਵਿਚ ਕੁਝ ਸਮਾਂ ਪਲਾਹ ਦੇ ਬ੍ਰਿਛ ਦੀ ਠੰਢੀ ਛਾਂ ਹੇਠ ਆਰਾਮ ਕਰਿਆ ਕਰਦੇ ਸਨ। ਸਿੱਖ ਇਤਿਹਾਸ ਦੀ ਲੜੀ ਗਈ ਪਹਿਲੀ ਜੰਗ ਦਾ ਮੁੱਢ ਵੀ ਜ਼ੁਲਮ ਤੇ ਦਯਾ ਦੇ ਪ੍ਰਕਰਨ 'ਚ ਇਸ ਧਰਤੀ 'ਤੇ ਹੀ ਪੈਦਾ ਹੋਇਆ। 1629 ਈ. ਨੂੰ ਗੁਰੂ ਜੀ ਆਪਣੇ ਕੁੱਝ ਸਿੱਖਾਂ ਸਮੇਤ ਸ਼ਿਕਾਰ ਖੇਡਣ ਅੰਮ੍ਰਿਤਸਰ ਦੀ ਧਰਤੀ ਦੇ ਇਸ ਇਲਾਕੇ ਵਿਚ ਆਏ ਹੋਏ ਸਨ। ਸਬੱਬੀ-ਸ਼ਾਹ ਜਹਾਨ ਬਾਦਸ਼ਾਹ ਵੀ ਲਾਹੌਰ ਵਲੋਂ ਇਸੇ ਖੇਤਰ ਵਿਚ ਸ਼ਿਕਾਰ ਲਈ ਉਤਰਿਆ ਹੋਇਆ ਸੀ। ਸ਼ਾਹ ਜਹਾਨ ਬਾਦਸ਼ਾਹ ਪਾਸ ਇਕ ਚਿੱਟਾ ਬਾਜ ਸੀ, ਜੋ ਸ਼ਾਹ ਇਰਾਨ ਨੇ ਉਸ ਨੂੰ ਤੋਹਫ਼ੇ ਵਜੋਂ ਭੇਟ ਕੀਤਾ ਸੀ। ਸ਼ਾਹ ਜਹਾਨ ਦਾ ਚਿੱਟਾ ਬਾਜ ਸ਼ਿਕਾਰ ਨੂੰ ਬੜੀ ਬੇਰਹਿਮੀ ਨਾਲ ਕੋਹ-ਕੋਹ ਕੇ ਮਾਰ ਰਿਹਾ ਸੀ, ਬਾਦਸ਼ਾਹ ਦੇ ਕਰਿੰਦੇ ਇਸ ਖੇਡ ਤੇ ਹੁਲੜਬਾਜ਼ੀ ਕਰ ਕੇ ਖ਼ੁਸ਼ੀ ਮਨਾ ਰਹੇ ਸਨ। ਗੁਰੂ ਦੇ ਸਿੱਖਾਂ ਨੂੰ ਬਾਦਸ਼ਾਹ ਦੇ ਸਿਪਾਹੀਆਂ 'ਤੇ ਬਾਜ ਦੀ ਇਹ ਕਾਰਵਾਈ ਪਸੰਦ ਨਾ ਆਈ, ਉਨ੍ਹਾਂ ਆਪਣਾ ਬਾਜ਼ ਛੱਡਿਆ। ਥੋੜ੍ਹੇ ਸਮੇਂ ਬਾਅਦ ਗੁਰੂ ਜੀ ਦਾ ਬਾਜ ਦੂਜੇ ਬਾਜ ਨੂੰ ਘੇਰ ਕੇ ਸਿੱਖਾਂ ਪਾਸ ਲੈ ਆਇਆ। ਸਿੱਖਾਂ ਨੇ ਸ਼ਾਹ ਜਹਾਨ ਦੇ ਬਾਜ ਨੂੰ ਪਕੜ ਲਿਆ। ਬਾਜ ਦਾ ਪਿੱਛਾ ਕਰਦੇ ਸ਼ਾਹ ਜਹਾਨ ਦੇ ਸਿਪਾਹੀਆਂ ਦਾ ਕਾਫਲਾ ਸਿੱਖਾਂ ਪਾਸ ਪੁੱਜਿਆਂ ਤੇ ਗੁੱਸੇ ਤੇ ਰੋਹਬ ਨਾਲ ਕਹਿਣ ਲੱਗੇ ਕਿ "ਇਹ ਬਾਜ਼ ਸਾਡਾ ਹੈ। ਇਹ ਬਾਜ ਸਾਨੂੰ ਵਾਪਸ ਕਰ ਦਿਓ, ਤੁਹਾਨੂੰ ਪਤਾ ਨਹੀਂ ਇਹ ਸ਼ਾਹ ਜਹਾਨ ਦਾ ਸ਼ਾਹੀ ਬਾਜ ਹੈ। ਇਸ ਨੂੰ ਕੋਈ ਨਹੀਂ ਰੱਖ ਸਕਦਾ। ਤੁਹਾਡੀ ਭਲੀ ਇਸ ਵਿਚ ਹੈ ਕਿ ਬਾਜ ਵਾਪਸ ਦੇ ਦਿਓ, ਨਹੀਂ ਤਾਂ ਫਿਰ ਜੰਗ ਲਈ ਤਿਆਰ ਹੋ ਜਾਓ।"





"ਗੁਰੂ ਦੇ ਸਿੱਖਾਂ ਨੇ ਜੈਕਾਰੇ ਲਾਉਂਦਿਆਂ ਢੁੱਕਵਾਂ ਉਤਰ ਦਿੰਦਿਆਂ ਕਿਹਾ ਕਿ ਤਾਜਬਾਜ ਤੁਮਰੇ ਸਭ ਲੈਨੇ, ਭਾਵ ਤੁਸੀਂ ਬਾਜ ਦੀ ਗੱਲ ਕਰਦੇ ਹੋ, ਅਸੀਂ ਤੁਹਾਡੇ ਤਾਜ ਨੂੰ ਵੀ ਹੱਥ ਪਾਵਾਂਗੇ। ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਿਰਜਣਾ ਤੋਂ ਬਾਅਦ ਛੇਵੇਂ ਪਾਤਸ਼ਾਹ ਨੇ ਮੀਰੀ-ਪੀਰੀ ਧਾਰਨ ਕੀਤੀ, ਇਸ ਦਾ ਜਲਵਾ ਸੰਸਾਰ ਨੂੰ ਦਿਖਾਉਣਾ ਚਾਹੁੰਦੇ ਸਨ। ਗੁਰੂ ਸਾਹਿਬ ਨੇ ਐਲਾਨ ਕੀਤਾ "ਅੱਜ ਤੋਂ ਗੁਰੂ ਘਰ ਲਈ ਸਭ ਤੋਂ ਚੰਗੀ ਭੇਟਾ ਸੁੰਦਰ ਘੋੜੇ ਤੇ ਮਜ਼ਬੂਤ ਜੁਆਨੀ ਹੋਵੇਗੀ।" ਮੈਕਾਲਫ਼ ਅਨੁਸਾਰ ਮਾਝੇ ਵਿਚੋਂ 50 ਨੌਜੁਆਨ ਸਿੰਘਾਂ ਨੇ ਆਪਣੇ ਆਪ ਨੂੰ ਗੁਰੂ ਦੇ ਸਮਰਪਿਤ ਕੀਤਾ। ਕੁੱਝ ਸਮੇਂ ਵਿਚ ਹੀ ਇਹ ਕਾਫ਼ਲਾ ਬਹੁਤ ਵੱਡਾ ਤਿਆਰ ਹੋ ਗਿਆ ਤੇ ਹਜ਼ਾਰਾਂ ਦੀ ਗਿਣਤੀ ਵਿਚ ਖਾਲਸਾਈ ਫੌਜ ਬਣ ਗਈ। ਇਹ ਫੌਜ ਗੁਰੂ ਹੁਕਮ ਅਨੁਸਾਰ ਜੰਗ ਦੇ ਮੈਦਾਨ ਵਿਚ ਜੂਝ, ਆਪਣੇ ਆਪ ਨੂੰ ਗੁਰੂ ਦੇ ਦਰਬਾਰ ਵਿਚ ਪ੍ਰਵਾਨ ਚੜ੍ਹਾਉਣ ਦੇ ਇਛੁੱਕ ਸਨ।

ਬਾਜ ਨਾ ਮਿਲਣ 'ਤੇ ਗੁੱਸੇ ਵਿਚ ਸ਼ਾਹ ਜਹਾਨ ਦੇ ਸਿਪਾਹੀ ਖੋਟੀਆਂ ਕੌੜੀਆਂ ਸੁਣਾਉਂਦੇ ਸਾਰੇ ਬਾਦਸ਼ਾਹ ਨੂੰ ਮਿਲੇ ਅਤੇ ਘਟਨਾ ਤੋਂ ਜਾਣੂ ਕਰਵਾਇਆ, ਜਿਸ 'ਤੇ ਕਰੋਧ ਵਸ ਹੋ ਸ਼ਾਹ ਜ਼ਹਾਨ ਨੇ ਜਰਨੈਲ ਮੁਖ਼ਲਸ ਖ਼ਾਨ ਦੀ ਅਗਵਾਈ ਹੇਠ 700 ਨਾਮੀ ਭਾਰੀ ਫੌਜ ਸਿੱਖਾਂ ਨਾਲ ਲੜਨ ਹਿੱਤ ਭੇਜੀ ਅਤੇ ਸਿੱਖ ਇਤਿਹਾਸ ਦੀ ਪਹਿਲੀ ਜੰਗ ਅੰਮ੍ਰਿਤਸਰ ਦੇ ਕਿਲ੍ਹਾ ਲੋਹਗੜ੍ਹ, ਪਿੱਪਲੀ ਸਾਹਿਬ ਪੁਤਲੀ ਘਰ, ਖਾਲਸਾ ਕਾਲਜ ਅੰਮ੍ਰਿਤਸਰ, ਕੋਟ ਖਾਲਸਾ, ਗੁਰੂ ਵਡਾਲੀ ਅਤੇ ਗੁ: ਸੰਗਰਾਣਾ ਸਾਹਿਬ ਤੀਕ ਖਿਲਰ ਕੇ ਹੋਈ। ਇਹ ਸਾਰਾ ਖੇਤਰ ਜੰਗਲ ਬੀੜ ਸੀ। ਸ਼ਾਹ ਜਹਾਨ ਦਾ ਸ਼ਾਹੀ ਹੁਕਮ ਸੀ, ਸਿੱਖਾਂ ਦੇ ਗੁਰੂ ਨੂੰ ਬਾਜ਼ ਸਮੇਤ ਫੜਕੇ ਲਿਆਉਣਾ ਹੈ।

ਸ਼ਾਹੀ ਫੌਜਾਂ ਦੀ ਚੜ੍ਹਾਈ ਨੂੰ ਰੋਕਣ ਲਈ ਗੁਰੂ ਜੀ ਨੇ 25 ਯੋਧਿਆਂ ਨੂੰ ਭੇਜਿਆ। ਇਨ੍ਹਾਂ ਵੀਰ ਬਹਾਦਰਾਂ ਨੇ ਸ਼ਾਹੀ ਫੌਜ ਨੂੰ ਠੱਲੀ ਰੱਖਿਆ। ਕਾਲੀ ਸ਼ਾਹੀ ਹਨ੍ਹੇਰੀ ਰਾਤ ਵਿਚ ਇਹ ਸਿੰਘ ਹੌਂਸਲੇ ਨਾਲ ਜੈਕਾਰੇ ਲਾਉਂਦੇ ਕਹਿ ਰਹੇ ਸਨ, ਸਵੇਰ ਹੋਣ ਦਿਓ ਲੜਦੇ ਮਰਦੇ ਲਾਹੌਰ ਪਹੁੰਚ ਜਾਵਾਂਗੇ ਤੇ ਬਾਦਸ਼ਾਹ ਦੀਆਂ ਮੁਸ਼ਕਾਂ ਬੰਨ੍ਹ ਕੇ ਲਿਆਵਾਂਗੇ। ਜੈਕਾਰੇ ਬੁਲਾਉਂਦੇ ਲੜਦੇ-ਲੜਦੇ ਇਹ 25 ਸਿੰਘ ਸ਼ਹੀਦੀ ਪਾ ਗਏ। ਪਿੱਛੋਂ ਸਿੱਖਾਂ ਤੇ ਤੁਰਕਾਂ ਵਿਚ ਘਮਸਾਣ ਦਾ ਯੁੱਧ ਹੋਇਆ। ਗੁਰੂ ਸਾਹਿਬ ਆਪ ਮੈਦਾਨ ਵਿਚ ਉਤਰੇ। ਮੁਗਲਾਂ ਵੱਲੋਂ ਸ਼ਮਸ਼ਾਨ ਖਾਨ, ਅਨਵਰ ਖਾਂ, ਮੁਹੰਮਦ ਅਲੀ ਖਾਂ, ਅਲੀ ਬੇਗ ਆਦਿ ਨੇ ਮੁਗ਼ਲ ਸੈਨਾ ਦੀ ਅਗਵਾਈ ਕੀਤੀ। ਗਹਿਗਚ ਜੰਮ ਕੇ ਲੜਾਈ ਹੋਈ, ਦੋਹਾਂ ਪਾਸਿਆਂ ਦਾ ਕਾਫੀ ਜਾਨੀ ਨੁਕਸਾਨ ਹੋਇਆ।

ਇਸ ਉਪਰੰਤ ਮੁਖ਼ਲਿਸ ਖ਼ਾਨ ਜੁਅਰਤ ਕਰਕੇ ਆਪ ਜੰਗ ਦੇ ਮੈਦਾਨ ਵਿਚ ਉਤਰਿਆ ਅਤੇ ਗੁਰੂ ਜੀ ਨੂੰ ਯੁੱਧ ਕਰਨ ਲਈ ਲਲਕਾਰਾ ਮਾਰਿਆ। ਗੁਰੂ ਜੀ ਨੇ ਸਿੱਖਾਂ ਨੂੰ ਪਿੱਛੇ ਹਟ ਜਾਣ ਲਈ ਕਿਹਾ। ਗੁਰੂ ਜੀ ਨੇ ਕਿਹਾ, "ਜਿਤਨੇ ਦਾਅ ਪੇਚ ਤੇ ਜੰਗੀ ਹੁਨਰ ਹੈ, ਹੁਣ ਦੱਸ ਲੈ ਤੇ ਪਹਿਲੇ ਵਾਰ ਵੀ ਤੂੰ ਕਰ ਲੈ।" ਮੁਖਲਿਸ ਖਾਂ ਦੇ ਪਹਿਲੇ ਦੋਵੇਂ ਵਾਰ ਗੁਰੂ ਜੀ ਨੇ ਬਚਾਅ ਲਏ ਤੇ ਫਿਰ ਆਖਿਆ, ਤੂੰ ਦੋ ਵਾਰ ਕੀਤੇ, ਅਸੀਂ ਬਚਾ ਲਏ, ਹੁਣ ਤੂੰ ਤਿਆਰੀ ਕਸ ਲੈ। ਗੁਰੂ ਜੀ ਨੇ ਆਪਣੀ ਤਲਵਾਰ ਨਾਲ ਵਾਰ ਕੀਤਾ, ਤਾਂ ਉਸ ਦਾ ਸਿਰ ਧੜ ਨਾਲੋਂ ਲੱਥ ਕੇ ਜ਼ਮੀਨ 'ਤੇ ਡਿੱਗ ਪਿਆ। ਉਸ ਦੀ ਬਾਕੀ ਫੌਜ ਇਹ ਭੈਅ-ਭੀਤ ਦ੍ਰਿਸ਼ ਦੇਖ ਕੇ ਲਾਹੌਰ ਨੂੰ ਭੱਜ ਗਈ। ਇਹ ਜੰਗ 15 ਮਈ, 1629 ਈ. ਨੂੰ ਹੋਇਆ। ਭਾਵੇਂ ਸ਼ਾਹ ਜਹਾਨ ਦੇ ਜੰਗਨਾਮਿਆਂ ਵਿਚ ਇਸ ਜੰਗ ਦਾ ਜ਼ਿਕਰ ਨਹੀਂ ਮਿਲਦਾ, ਪਰ ਇਤਿਹਾਸ ਦੇ ਕੁੱਝ ਸਰੋਤਾਂ ਵਿਚ ਜ਼ਿਕਰ ਮਿਲਦਾ ਹੈ ਕਿ ਸਿੱਖਾਂ ਦੀ ਇਹ ਪਹਿਲੀ ਲੜਾਈ ਸੀ, ਜਿਸ ਦੀ ਸਿੱਖਾਂ ਨੂੰ ਚੜ੍ਹਦੀ ਕਲਾ ਵਾਲੀ ਫਤਿਹ ਮਿਲੀ। ਗੁਰਦੁਆਰਾ ਪਲਾਹ ਸਾਹਿਬ ਅਤੇ ਗੁਰਦੁਆਰਾ ਕਿਲ੍ਹਾ ਲੋਹਗੜ੍ਹ ਸਾਹਿਬ ਹਰ ਸਾਲ ਫਤਿਹ ਦਿਵਸ ਮਨਾਇਆ ਜਾਂਦਾ ਹੈ। ਇਸ ਪਵਿੱਤਰ ਅਸਥਾਨ 'ਤੇ ਸੰਗਤਾਂ ਅਰਦਾਸ ਕਰ ਮੂੰਹ ਮੰਗੀਆਂ ਮੁਰਾਦਾਂ ਪਾਉਂਦੀਆਂ ਹਨ।

# ਖੇਤੀਬਾੜੀ ਲਈ ਸਹਿਕਾਰੀ ਸਭਾਵਾਂ ਦੀ ਨਿਰਭਰਤਾ ਵਧਾਉਣ ਦੀ ਲੋੜ

-ਗੁਰਵੀਰ ਸਿੰਘ ਸਰੌਦ
ਪੱਤਰਕਾਰੀ ਤੇ ਜਨ-ਸੰਚਾਰ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ।
ਸੰਪਰਕ: 94179-71451
(Punjab Mail USA)





ਸੂਬਾ ਪੰਜਾਬ ਦੀ ਆਰਥਿਕਤਾ ਦਾ ਮੁੱਖ ਧੁਰਾ ਖੇਤੀਬਾੜੀ ਹੈ। ਬਹੁਗਿਣਤੀ ਪੇਂਡੂ ਵਰਗ ਸਿੱਧੇ ਜਾਂ ਅਸਿੱਧੇ ਤੌਰ 'ਤੇ ਖੇਤੀਬਾੜੀ 'ਤੇ ਨਿਰਭਰ ਕਰਦਾ ਹੈ। ਪੰਜਾਬ ਖਾਦ ਪਦਾਰਥਾਂ ਦੇ ਉਤਪਾਦਨ ਵਿਚ ਹਮੇਸ਼ਾਂ ਹੀ ਮੋਹਰੀ ਰੋਲ ਅਦਾ ਕਰਦਾ ਆ ਰਿਹਾ ਹੈ।

ਖੇਤੀਬਾੜੀ ਸਬੰਧਿਤ ਬੀਜ, ਖਾਦ ਖਰੀਦਣ ਲਈ ਭਾਰਤ ਸਰਕਾਰ ਵੱਲੋਂ ਸਹਿਕਾਰੀ ਸਭਾਵਾਂ ਦੀ ਸਥਾਪਨਾ 1904 ਵਿਚ "ਭਾਰਤੀ ਸਹਿਕਾਰੀ ਸਭਾਵਾਂ ਐਕਟ" ਲਾਗੂ ਹੋਣ ਨਾਲ ਹੋਈ। ਸ਼ੁਰੂਆਤੀ ਦੌਰ ਵਿਚ ਇਹ ਸਹਿਕਾਰੀ ਸਭਾਵਾਂ ਦਾ ਉਦੇਸ਼ ਸਿਰਫ਼ ਕਿਸਾਨਾਂ ਨੂੰ ਕਰਜ਼ਾ ਦੇਣਾ ਸੀ। ਕਿਸਾਨਾਂ ਅਤੇ ਸਹਿਕਾਰੀ ਸਭਾਵਾਂ ਦੀ ਆਪਸੀ ਭਰੋਸੇਯੋਗਤਾ ਨੂੰ ਦੇਖਦਿਆਂ ਇਸ ਦਾ ਅਧਿਕਾਰ ਖੇਤਰ ਕਰਜ਼ਾ ਦੇਣ ਤੱਕ ਸੀਮਤ ਨਾ ਰਿਹਾ, ਬਲਕਿ ਖਾਦ, ਬੀਜ ਅਤੇ ਰੋਜ਼ਮਰਾ ਦੀਆਂ ਲੋੜਾਂ ਲਈ ਘਰ ਵਿਚ ਵਰਤੋਂ ਆਉਣ ਵਾਲੇ ਡੱਬਾਬੰਦ ਖਾਧ ਪਦਾਰਥਾਂ ਨੂੰ ਮੁਹੱਈਆ ਕਰਵਾਉਣਾ ਸ਼ੁਰੂ ਕਰ ਦਿੱਤਾ।

ਪੰਜਾਬ ਵਿਚ 19164 ਸਹਿਕਾਰੀ ਸਭਾਵਾਂ ਹਨ। ਇਨ੍ਹਾਂ ਵਿਚ 3953 ਪ੍ਰਾਇਮਰੀ ਐਗਰੀਕਲਚਰ ਕੋਪਰੇਟਿਵ ਕ੍ਰੇਡਿਟ ਸੁਸਾਇਟੀਆਂ ਹਨ। ਜਿਨ੍ਹਾਂ ਵਿਚ ਸਾਂਝੀਆਂ ਸਮੂਹਿਕ ਖੇਤੀ ਸੇਵਾਵਾਂ, ਪੋਲਟਰੀ ਕੋਪਰੇਟਿਵ ਸੁਸਾਇਟੀ, ਗੰਨਾ ਸਪਲਾਈ ਸਹਿਕਾਰੀ ਸਭਾਵਾਂ, ਪ੍ਰਾਇਮਰੀ ਮੰਡੀਕਰਨ ਤੇ ਪ੍ਰੋਸੈਸਿੰਗ ਸੁਸਾਇਟੀ, ਮਿਲਕਫੈਡ, ਮਾਰਕਫੈਡ ਆਦਿ ਸ਼ਾਮਿਲ ਹਨ। ਇਨ੍ਹਾਂ ਸਹਿਕਾਰੀ ਸਭਾਵਾਂ ਵਿਚ ਲਗਭਗ-ਲਗਭਗ 56% ਮੁਨਾਫ਼ੇ, 38.6% ਘਾਟੇ ਵਿਚ ਚੱਲ ਰਹੀਆਂ ਹਨ, ਬਾਕੀ ਨਾ ਲਾਭ ਤੇ ਨੁਕਸਾਨ ਦੀ ਸਥਿਤੀ ਵਿਚ ਹਨ। ਕੇਂਦਰੀ ਕੈਬਨਿਟ ਨੇ ਦੇਸ਼ 'ਚੋਂ ਸਹਿਕਾਰਤਾ ਲਹਿਰ ਨੂੰ ਹੋਰ ਮਜ਼ਬੂਤ ਬਣਾਉਣ ਲਈ 2 ਲੱਖ ਨਵੀਆਂ ਪ੍ਰਾਇਮਰੀ ਖੇਤੀਬਾੜੀ ਕਰਜ਼ਾ ਸੁਸਾਇਟੀਆਂ ਕਾਇਮ ਕਰਨ ਦੀ ਮਨਜ਼ੂਰੀ ਦੇ ਦਿੱਤੀ ਹੈ। ਇਨ੍ਹਾਂ ਸੁਸਾਇਟੀਆਂ ਰਾਹੀਂ ਵੱਖ-ਵੱਖ 25 ਸਹੂਲਤਾਂ ਪ੍ਰਦਾਨ ਕੀਤੀਆਂ ਜਾਣਗੀਆਂ, ਜਿਸ ਵਿਚ ਡੇਅਰੀ ਅਤੇ ਮੱਛੀ ਪਾਲਣਾ ਵੀ ਸਹਿਕਾਰਤਾ ਨਾਲ ਜੋੜਿਆ ਜਾਵੇਗਾ।

ਬੇਸ਼ੱਕ ਸਹਿਕਾਰੀ ਸਭਾਵਾਂ ਦਾ ਜਾਲ ਪਿੰਡ ਪੱਧਰ ਤੱਕ ਉਪਲੱਬਧ ਹੋ ਚੁੱਕਾ ਹੈ, ਪਰ ਸੰਗਿਠਤ ਪ੍ਰਬੰਧਾਂ ਦੀ ਘਾਟ ਕਾਰਨ ਖੇਤੀਬਾੜੀ ਵਿਚ ਸਹਿਕਾਰੀ ਸਭਾਵਾਂ ਦੀ ਨਿਰਭਰਤਾ ਘੱਟਦੀ ਜਾ ਰਹੀ ਹੈ। ਅਜੋਕੀ ਖੇਤੀ ਸੰਕਟ ਵਿਚ ਸਹਿਕਾਰੀ ਸਭਾਵਾਂ ਦੀ ਨਿਰਭਰਤਾ ਵਧਾਉਣ ਦੀ ਲੋੜ ਹੈ। ਕਿਉਂਕਿ ਦੇਸ਼ ਦੀ ਕਿਸਾਨੀ ਚੌਤਰਫੇ ਸੰਕਟ ਵਿਚ ਘਿਰ ਚੁੱਕੀ ਹੈ। ਵਰਤਮਾਨ ਸਮੇਂ ਸਹਿਕਾਰੀ ਸਭਾਵਾਂ ਨੂੰ ਆਪਣੀ ਸਕਾਰਾਤਮਕ ਭੂਮਿਕਾ ਨਿਭਾਉਣ ਤੇ ਸੰਗਠਿਤ ਕਾਰਜ ਪ੍ਰਣਾਲੀ ਅਪਣਾਉਣ ਦੀ ਲੋੜ ਹੈ।

ਅਕਸਰ ਦੇਖਿਆ ਜਾਂਦਾ ਹੈ ਕਿ ਸਹਿਕਾਰੀ ਸਭਾਵਾਂ ਤੋਂ ਕਿਸਾਨਾਂ ਨੂੰ ਫਸਲੀ ਕਰਜ਼ਾ ਤਾਂ ਸਮੇਂ ਸਿਰ ਪ੍ਰਾਪਤ ਹੋ ਜਾਂਦਾ ਹੈ ਪਰ ਮਿਲਣ ਵਾਲੀਆਂ ਖਾਦਾਂ ਤੇ ਸਪਰੇਆਂ ਜਾਂ ਤਾਂ ਮਿਲਦੀਆਂ ਹੀ ਨਹੀਂ ....! ਜੇਕਰ ਮਿਲਦੀਆਂ ਨੇ ਤਾਂ ਉਹ ਬੜੀ ਦੇਰੀ ਨਾਲ...। ਉਸ ਸਮੇਂ ਤੱਕ ਕਿਸਾਨ ਆਪਣੀ ਲੋੜ ਅਨੁਸਾਰ ਖਾਦਾਂ ਤੇ ਸਪਰੇਆਂ ਬਾਜ਼ਾਰ ਵਿਚੋਂ ਮਹਿੰਗੇ ਭਾਅ 'ਤੇ ਖਰੀਦ ਕਰ ਚੁੱਕਾ ਹੁੰਦਾ ਹੈ। ਆਏ ਦਿਨ ਅਖ਼ਬਾਰਾਂ ਦੀਆਂ ਸੁਰਖੀਆਂ ਵਿਚ ਖੇਤੀਬਾੜੀ ਸੰਬਧਿਤ ਖਾਦਾਂ, ਦਵਾਈਆਂ ਦਾ ਨਕਲੀ ਨਿਕਲਣਾ ਆਮ ਪੜ੍ਹਨ ਨੂੰ ਮਿਲਦਾ ਹੈ। ਇਹ ਨਕਲੀ ਦਵਾਈਆਂ ਬਜ਼ਾਰੂ ਦੁਕਾਨਾਂ ਅਤੇ ਪਿਛਲੀਆਂ ਸਰਕਾਰਾਂ ਸਮੇਂ ਸਹਿਕਾਰੀ ਸਭਾਵਾਂ ਵਿਚੋਂ ਵੀ ਪ੍ਰਾਪਤ ਹੋਈਆਂ ਸਨ। ਜਿਸ ਨਾਲ ਪੈਸੇ ਦੇ ਨੁਕਸਾਨ ਨਾਲੋਂ-ਨਾਲ ਫ਼ਸਲ ਦਾ ਉਤਪਾਦਨ ਵੀ ਪ੍ਰਭਾਵਿਤ ਹੋਇਆ ਸੀ। ਸਰਕਾਰ ਵੱਲੋਂ ਖੇਤਾਂ ਵਿਚ ਬੀਜ ਬੀਜਣ ਤੋਂ ਲੈ ਕੇ ਵੱਡਣ ਤੱਕ ਬੀਜ, ਖਾਦ ਸਪਰੇਹਾਂ ਆਦਿ ਸਹਿਕਾਰੀ ਸਭਾਵਾਂ ਵਿਚੋਂ ਹੀ ਮੁਹੱਈਆ ਕਰਵਾਉਣੀਆਂ ਚਾਹੀਦੀਆਂ ਹਨ। ਜਿਸ ਨਾਲ ਕਿਸਾਨੀ ਨੂੰ ਬੀਜ, ਖਾਦ ਵਾਜਿਬ ਭਾਅ ਤੇ ਨਕਲੀ ਦਾ ਖਦਸ਼ਾ ਘਟੇਗਾ ਅਤੇ ਘਾਟੇ ਵਿਚ ਚੱਲ ਰਹੀਆਂ ਸਹਿਕਾਰੀ ਸਭਾਵਾਂ ਨੂੰ ਆਰਥਿਕ ਹੁਲਾਰਾ ਮਿਲੇਗਾ।

ਸਭਾਵਾਂ ਦੀ ਭਰੋਸੇਯੋਗਤਾ ਵਿਚ ਗਿਰਾਵਟ ਦਾ ਕਾਰਨ ਸਿਆਸੀ ਦਖਲਅੰਦਾਜ਼ੀ ਵੀ ਰਿਹਾ ਹੈ ਕਿਉਂਕਿ ਸਭਾਵਾਂ ਦਾ ਲਾਭ ਮੈਂਬਰਾਂ ਨੂੰ ਸਮਾਨਤਾ ਨਾਲ ਪ੍ਰਾਪਤ ਨਹੀਂ ਹੁੰਦਾ, ਬਲਕਿ ਸਿਆਸੀ ਲੋਕਾਂ ਦੇ ਚਹੇਤਿਆਂ ਨੂੰ ਕਰਜ਼, ਖਾਦ ਅਤੇ ਬੀਜ ਪਹਿਲ ਦੇ ਆਧਾਰ 'ਤੇ ਪ੍ਰਾਪਤ ਹੁੰਦੇ ਹਨ। ਜਿਸ ਨਾਲ ਛੋਟੀ ਕਿਸਾਨੀ ਜ਼ਰੂਰ ਪ੍ਰਭਾਵਿਤ ਹੁੰਦੀ ਹੈ ਕਿਉਂਕਿ ਉਨ੍ਹਾਂ ਦੀ ਕੋਈ ਖਾਸ ਸਾਂਝ ਬਾਜ਼ਾਰ ਵਿਚ ਨਹੀਂ ਹੁੰਦੀ ਅਤੇ ਨਾ ਹੀ ਨਗਦ ਕੋਈ ਬੀਜ, ਖਾਦ ਖਰੀਦਣ ਦੀ ਤਾਕਤ ਹੁੰਦੀ ਹੈ। ਜਿਸ ਕਾਰਨ ਸਮੇਂ ਸਿਰ ਖਾਦ, ਬੀਜ ਨਾ ਮਿਲਣ ਕਰਕੇ ਫਸਲਾਂ ਪਛੇਤੀ ਹੋ ਜਾਂਦੀਆਂ ਹਨ। ਦੂਸਰਾ ਸਰਕਾਰ ਵੱਲੋਂ ਜਦੋਂ ਵੀ ਖੇਤੀ ਸੰਦਾਂ ਉੱਪਰ ਸਬਸਿਡੀਆਂ ਦਿੱਤੀਆਂ ਜਾਂਦੀਆਂ ਹਨ, ਨਿਰਸੰਦੇਹ ਡਰਾਅ ਜਾਂ ਫਾਇਲ ਦੇ ਦਰਜ ਲੜੀਵਾਰ ਅਨੁਸਾਰ ਦਿੱਤੀਆਂ ਜਾਂਦੀਆਂ ਹਨ। ਪਰ ਦੇਖਿਆ ਗਿਆ ਹੈ ਕਿ ਸਿਆਸੀ ਛਤਰ-ਛਾਇਆ ਹੇਠ ਪਲ੍ਹਦੇ ਵਰਕਰਾਂ ਦਾ ਡਰਾਅ ਆਮ ਕਿਸਾਨਾਂ ਨਾਲੋਂ ਜ਼ਿਆਦਾ ਨਿਕਲਦਾ ਹੈ। ਵੈਸੇ ਵੀ ਬਹੁਗਿਣਤੀ ਕਿਸਾਨੀ 5 ਏਕੜ ਤੋਂ ਘੱਟ ਜ਼ਮੀਨ ਦੀ ਮਾਲਕਣ ਹੈ, ਜੋ ਇੰਨੇ ਮਹਿੰਗੇ ਸੰਦ ਖਰੀਦੇ ਨਹੀਂ ਸਕਦੇ। ਮਸ਼ੀਨੀ ਯੁੱਗ ਨੇ ਵੀ ਵਰਤਮਾਨ ਕਿਸਾਨੀ ਨੂੰ ਕਰਜ਼ੇ ਦੀ ਦਲਦਲ ਵਿਚ ਧਕੇਲਿਆ ਹੈ। ਸਹਿਕਾਰੀ ਸਭਾਵਾਂ ਦੀ ਖ਼ਾਸ ਭੂਮਿਕਾ ਛੋਟੀ ਕਿਸਾਨੀ ਦੇ ਕੇਂਦਰਿਤ ਹੋਣੀ ਚਾਹੀਦੀ ਹੈ, ਤਾਂ ਜੋ ਉਨ੍ਹਾਂ ਨੂੰ ਮਹਿੰਗੇ ਖੇਤੀਬਾੜੀ ਸੰਦ ਮਾਮੂਲੀ ਜਿਹੀ ਰਕਮ 'ਤੇ ਵਰਤਣ ਲਈ ਕਿਰਾਏ 'ਤੇ ਪ੍ਰਾਪਤ ਹੋ ਸਕਣ। ਜਿਸ ਨਾਲ ਸਹਿਕਾਰੀ ਸਭਾਵਾਂ ਦੀ ਸਾਕਾਰਾਤਮਿਕ ਸ਼ਾਖ ਸਥਾਪਿਤ ਹੋਵੇਗੀ ਤੇ ਕਿਸਾਨੀ ਸੰਕਟ ਲਈ ਲਾਹੇਵੰਦ ਸਾਬਿਤ ਹੋਵੇਗੀ।

ਖੇਤਰੀ ਸਰਕਾਰਾਂ ਨੇ ਪੂਰੇ ਕਰਜ਼ਾ ਮਾਫ਼ੀ ਦੇ ਝੂਠੇ ਵਾਅਦਿਆਂ ਨੇ ਵੀ ਸਹਿਕਾਰੀ ਸਭਾਵਾਂ ਨੂੰ ਘਾਟੇ ਵਿਚ ਧਕੇਲਣ ਵਿਚ ਅਹਿਮ ਭੂਮਿਕਾ ਨਿਭਾਈ ਹੈ। ਕਰਜ਼ ਮਾਫ਼ੀ ਸਕੀਮਾਂ ਨੂੰ ਦੇਖਦਿਆਂ ਬੇਲੋੜੇ ਕਰਜ਼ੇ ਵਿਚ ਵਾਧਾ ਹੋਇਆ। ਨੈਸ਼ਨਲ ਬੈਂਕ ਫਾਰ ਐਗਰੀਕਲਚਰ ਐਂਡ ਰੂਰਲ ਡਿਵੈਲਮੈਂਟ (ਨਾਬਾਰਡ) ਦੀ ਪੇਸ਼ ਕੀਤੇ ਅਧਿਐਨ ਵਿਚ ਪਾਇਆ ਗਿਆ ਕਿ ਖੇਤੀਬਾੜੀ ਕਰਜ਼ ਦੀ ਵਰਤੋਂ ਨਿੱਜੀ ਖਰਚਿਆਂ ਤੇ ਸਹੂਲਤਾਂ ਲਈ ਕੀਤੀ ਜਾਂਦੀ ਹੈ। ਭਾਰਤੀ ਰਿਜ਼ਰਵ ਬੈਂਕ ਦੀ ਲੰਘੇ ਸਾਲ ਜਾਰੀ ਕੀਤੀ ਰਿਪੋਰਟ ਅਨੁਸਾਰ ਕੰਮ ਕਰ ਰਹੀਆਂ 63000 ਸੁਸਾਇਟੀਆਂ ਵਿਚੋਂ ਇਕ ਚੌਥਾਈ ਘਾਟੇ 'ਚ ਹਨ। ਇਨ੍ਹਾਂ ਸੁਸਾਇਟੀਆਂ ਦੇ 72,000 ਕਰੋੜ ਰੁਪਏ ਦੇ ਕਰਜ਼ੇ ਡੁੱਬ ਚੁੱਕੇ ਹਨ। ਇਨ੍ਹਾਂ ਅੰਕੜਿਆਂ ਤੋਂ ਸੰਕੇਤ ਮਿਲਦਾ ਹੈ ਕਿ ਖੇਤੀ ਕਰਜ਼ਾ ਸੁਸਾਇਟੀਆਂ ਦੀ ਕਾਰਜ ਪ੍ਰਣਾਲੀ 'ਚ ਸਭ ਠੀਕ ਨਹੀਂ ਹੈ। ਵੋਟਰਾਂ 'ਚ ਵੱਡੀ ਗਿਣਤੀ ਕਿਸਾਨਾਂ ਦੀ ਹੁੰਦੀ ਹੈ ਤੇ ਸਿਆਸੀ ਪਾਰਟੀਆਂ ਦੇ ਹਿੱਤ ਕਰਜ਼ਾ ਵਸੂਲੀ ਦੇ ਅਮਲ 'ਤੇ ਨਜ਼ਰਅੰਦਾਜ਼ ਹੁੰਦੇ ਹਨ। ਕਰਜ਼ਾ ਦੇਣ ਵਾਲੀਆਂ ਸੁਸਾਇਟੀਆਂ ਦਬਾਅ ਹੇਠ ਰਹਿੰਦੀਆਂ ਹਨ, ਜਿਸ ਕਾਰਨ ਉਹ ਵਸੂਲੀ ਲਈ ਸਖ਼ਤੀ ਨਹੀਂ ਕਰ ਸਕਦੀਆਂ। ਸਹਿਕਾਰੀ ਸਭਾਵਾਂ ਦੀ ਸੰਗਠਿਤ ਢਾਂਚੇ ਨੂੰ ਪ੍ਰਫੁੱਲਿਤ ਕਰਨ ਲਈ ਕਰਜਾ ਵਾਪਸੀ ਦੇ ਕਰੜੇ ਕਾਨੂੰਨ 'ਤੇ ਪੂਰਾ ਕਾਰਜ ਦਾ ਕੰਪਿਊਟਰੀਕਰਨ ਕੀਤਾ ਜਾਵੇ। ਸਹਿਕਾਰਤਾ ਦੇ ਇਸ ਪਰਖੇ ਹੋਏ ਮਾਡਲ ਦੀ ਮਜ਼ਬੂਤੀ ਵਾਸਤੇ ਕਰਜ਼ਿਆਂ ਦੀ ਵਾਪਸੀ ਦੇ ਪ੍ਰਬੰਧ ਦੀਆਂ ਖ਼ਾਮੀਆਂ ਦੂਰ ਕਰਨੀਆਂ ਜ਼ਰੂਰੀ ਹਨ, ਤਾਂ ਜੋ ਖੇਤੀ ਕਰਜ਼ਾ ਸੁਸਾਇਟੀਆਂ ਦਾ ਵਿਕਾਸ ਯਕੀਨੀ ਬਣ ਸਕੇ। ਦੇਸ਼ ਦੇ ਛੋਟੇ ਅਤੇ ਦਰਮਿਆਨੇ ਕਿਸਾਨਾਂ ਵਾਸਤੇ ਇਹ ਸੁਸਾਇਟੀਆਂ ਵੱਡਾ ਸਹਾਰਾ ਹਨ।

ਸੋ ਲੋੜ ਹੈ, ਸਹਿਕਾਰੀ ਸਭਾਵਾਂ ਵਿਚ ਸਿਆਸੀ ਦਖਲਅੰਦਾਜ਼ੀ ਘਟਾਈ ਜਾਵੇ ਅਤੇ ਖੇਤੀ ਆਧਾਰਿਤ ਵਸਤਾਂ ਦੀ ਪੂਰਤੀ ਸਭਾਵਾਂ ਵਿਚ ਹੀ ਪ੍ਰਾਪਤ ਹੋਵੇ, ਜਿਸ ਨਾਲ ਸਹਿਕਾਰੀ ਸਭਾਵਾਂ 'ਤੇ ਕਿਸਾਨੀ ਦੀ ਨਿਰਭਰਤਾ ਵੱਧਣ ਨਾਲ ਸੰਗਠਿਤ ਢਾਂਚਾ ਮਜ਼ਬੂਤ ਤੇ ਵਿੱਤੀ ਲਾਭ ਪ੍ਰਾਪਤ ਹੋਵੇਗਾ ਅਤੇ ਕਿਸਾਨੀ ਨੂੰ ਨਕਲ ਰਹਿਤ ਅਤੇ ਵਾਜਬ ਰੇਟ 'ਤੇ ਖਾਦ ਦਵਾਈਆ ਪ੍ਰਾਪਤ ਹੋਣਗੀਆਂ।

## "ਕੀ ਹੁੰਦੀ ਤ੍ਰਿਵੈਣੀ"

(ਨਿੰਮ ਬਰੋਟੇ ਪਿੱਪਲ ਦਾ ਸੰਗਮ)

ਜੀਵਨ ਵਿਚ ਰੁੱਖਾਂ ਦਾ ਹੋਣਾ ਬੱਚਿਓ ਬਹੁਤ ਜ਼ਰੂਰੀ
ਰੁੱਖਾਂ ਬਾਝੋਂ ਹਰ ਪ੍ਰਾਣੀ ਦੀ ਜ਼ਿੰਦਗੀ ਰਹੇ ਅਧੂਰੀ
ਨਿੰਮ ਬਰੋਟੇ ਪਿੱਪਲ ਜਿੱਥੇ ਬੈਠੇ ਪੰਛੀ ਟਹਿਣੀ।
ਆਵੋ ਬੱਚਿਓ ਦੱਸਾਂ ਤੁਹਾਨੂੰ ਕੀ ਹੁੰਦੀ ਤ੍ਰਿਵੈਣੀ।

ਬਜ਼ੁਰਗ ਸੀ ਸਾਡੇ ਬੜੇ ਸਿਆਣੇ ਰੁੱਖ ਬਹੁਤ ਸੀ ਲਾਉਂਦੇ
ਅਗਲੀ ਪੀੜ੍ਹੀ ਮਾਣੇ ਛਾਵਾਂ ਐਸੇ ਦਰੱਖ਼ਤ ਲਗਾਉਂਦੇ
ਬਚਨਾ ਦੇ ਸੀ ਪੱਕੇ ਬਾਬੇ ਇੱਕ ਕਰਨੀ ਤੇ ਕਹਿਣੀ।
ਆਵੋ ਬੱਚਿਓ... ... ...।

ਨਿੰਮ ਬੋਹੜ ਤੇ ਪਿੱਪਲ ਤਿੰਨੋਂ ਰੁੱਖ ਬਹੁਤ ਗੁਣਕਾਰੀ
ਆਕਸੀਜਨ ਦੇ ਨੇ ਵੱਡੇ ਸੋਮੇ ਕਰਦੇ ਦੂਰ ਬੀਮਾਰੀ
ਨਿੰਮ ਦੀ ਜੋ ਵੀ ਦਾਤਣ ਕਰਦੇ ਬੈਅ ਬਾਦੀ ਨਾ ਰਹਿਣੀ।
ਆਵੋ ਬੱਚਿਓ... ... ...।

ਆਲੇ-ਦੁਆਲੇ ਥੜ੍ਹਾ ਬਣਾਕੇ ਲੋਕ ਬੈਠ ਦੇ ਆਕੇ
ਚਿੜੀਆਂ ਘੁੱਗੀਆਂ ਤੋਤੇ ਬਿਜੜੇ ਰਹਿਣ ਆਲ੍ਹਣੇ ਪਾਕੇ
ਕੋਇਲਾਂ ਮਿੱਠੇ ਗੀਤ ਗਾਉਂਦੀਆਂ ਗੂੰਜ ਕੰਨਾਂ ਵਿਚ ਪੈਣੀ।
ਆਵੋ ਬੱਚਿਓ... ... ...।

ਅਮਰੂਦ ਜਾਮਣਾ ਬੇਰੀਆਂ ਲਾ ਕੇ ਫਲ ਖਾਓ
ਮਨਭਾਉਂਦੇ
ਅੰਬ ਪਪੀਤੇ ਸੇਬ ਸੰਤਰੇ ਆੜੂ ਸਿਹਤ ਬਣਾਉਂਦੇ
ਆਲੂ ਬੁਖ਼ਾਰੇ ਚੀਕੂ ਖਾ ਕੇ ਬੱਚਿਓ ਭੁੱਖ ਨਾ ਲਹਿਣੀ।
ਆਵੋ ਬੱਚਿਓ... ... ...।

ਸੌਣ ਮਹੀਨੇ ਵਿਚ ਲੱਗਦੀਆਂ ਹੁੰਦੀਆਂ ਨੇ ਜਦ ਤੀਆਂ
ਤ੍ਰਿਵੈਣੀ 'ਤੇ ਪੀਘਾਂ ਪਾਕੇ ਝੂਟਣ ਭੈਣਾਂ ਧੀਆਂ
"ਗਿੱਲ ਮਲਕੀਤ" ਦੀ ਰੁੱਖਾਂ ਹੇਠਾਂ ਅੱਜ ਵੀ ਉੱਠਣੀ ਬਹਿਣੀ
ਆਵੋ ਬੱਚਿਓ ਦੱਸਾਂ ਤੁਹਾਨੂੰ ਕੀ ਹੁੰਦੀ ਤ੍ਰਿਵੈਣੀ।

-ਮਲਕੀਤ ਸਿੰਘ ਗਿੱਲ (ਭੱਠਲਾਂ)
ਸੰਪਰਕ : 79865-28225
(Punjab Mail USA)



## ਝਗੜਾ ਕਿਸ ਗੱਲ ਦਾ?

ਝਗੜਾ ਹੈ ਗੁਰਮੁਖਿ ਤੇ ਮਨਮੁਖਿ ਮਨੁੱਖਾਂ ਦਾ
ਝਗੜਾ ਹੈ ਮੈਂ ਤੇ ਕੁਰਸੀ ਦਾ
ਝਗੜਾ ਹੈ ਕਾਮ, ਕ੍ਰੋਧ, ਲੋਭ, ਮੋਹ,
ਅਹੰਕਾਰ, ਈਰਖਾ, ਮੂਰਖਤਾ,
ਅਗਿਆਨਤਾ ਤੇ ਖੁਦਗਰਜ਼ੀ ਦਾ
ਝਗੜਾ ਹੈ ਅਮਾਨਵੀਂ ਕਦਰਾਂ-ਕੀਮਤਾਂ ਦਾ
ਭਾਵ ਖੁਦਗਰਜ਼ੀ, ਪੱਖਪਾਤ, ਬੇਈਮਾਨੀ, ਪਾਪ,
ਘ੍ਰਿਣਾ, ਛਲ-ਫਰੇਬ, ਅਨਿਆਂ ਤੇ ਜ਼ੁਲਮ ਦਾ
ਝਗੜਾ ਹੈ ਅਮੀਰ ਤੇ ਗਰੀਬ ਦਾ
ਬਦੀ ਤੇ ਨੇਕੀ ਦਾ
ਚੰਗੇ ਤੇ ਮਾੜੇ ਦਾ Good and Bad
ਠੀਕ ਤੇ ਗਲਤ ਦਾ Right and Wrong
ਸੱਚ ਤੇ ਝੂਠ ਦਾ
ਤਕੜੇ ਤੇ ਮਾੜੇ ਦਾ
ਆਜ਼ਾਦੀ ਤੇ ਗੁਲਾਮੀ ਦਾ
ਝਗੜਾ ਹੈ ਅਹਿਸਾਸਾਂ, ਜਜ਼ਬਾਤਾਂ,
ਭਾਵਨਾਵਾਂ, ਜ਼ਮੀਰ, ਅਣਖ ਤੇ
ਨੈਤਿਕਤਾ ਤੋਂ ਸੱਖਣੇ ਮਨੁੱਖਾਂ ਦਾ
ਝਗੜਾ ਹੈ ਦੁਸ਼ਟ, ਮੂਰਖਾਂ, ਪਾਖੰਡੀਆਂ, ਕਪਟੀਆਂ
ਅਕ੍ਰਿਤਘਣਾਂ ਤੇ ਅਗਿਆਨੀ ਮਨੁੱਖਾਂ ਦਾ
ਝਗੜਾ ਹੈ ਅਯੋਗ, ਭ੍ਰਿਸ਼ਟ, ਕੰਮਚੋਰ,
ਰਾਜਨੀਤਿਕਾਂ, ਪ੍ਰਬੰਧਕਾਂ, ਅਧਿਆਪਕਾਂ,
ਧਾਰਮਿਕ ਆਗੂਆਂ ਤੇ ਕਰਮਚਾਰੀਆਂ ਦਾ
ਅੰਤ ਵਿਚ ਗੱਲ Evil & Good ਦੀ ਹੈ
ਭਾਵ ਬਦੀ ਦੇ ਨੇਕੀ ਦੀ ਹੈ।

-ਮਾਸਟਰ ਨਿਰਮਲ ਸਿੰਘ ਲਾਲੀ,
ਯੂਬਾ ਸਿਟੀ
530-777-0955
(Punjab Mail USA)



## ਜੇ ਰੁਕੇ ਨਾ ਮੇਰੀ ਕਲਮ

ਜੇ ਰੁਕੇ ਨਾ ਮੇਰੀ ਕਲਮ, ਤਾਂ ਫੇਰ ਮੈਂ ਕੀ ਕਰਾਂ,
ਜ਼ਮੀਰ ਵਧਾਵੇ ਕਦਮ, ਤਾਂ ਤੁਰਨੋਂ ਕਿਉਂ ਡਰਾਂ।

ਹਰ ਰੋਜ਼ ਤਮਾਸ਼ਾ ਹੁੰਦਾ, ਹੈ ਮੇਰੇ ਸਾਹਮਣੇ,
ਡਿੱਠਿਆ ਕਰਾਂ ਅਣਡਿੱਠ, ਤਾਂ ਮੈਂ ਡੁੱਬ ਮਰਾਂ।

ਅੱਖੀਂ ਦੇਖ ਕੇ ਮੱਖੀ, ਨਿਗਲ਼ੀ ਨਹੀਂ ਜਾਂਦੀ,
ਭਰਿਆ ਦੁੱਧ ਕਟੋਰਾ, ਬੇਸ਼ੱਕ ਰੋੜ੍ਹ ਧਰਾਂ।

ਕਾਲਾ ਕੋਝਾ ਝੂਠ, ਨਿੱਤ ਲਲਕਾਰਦਾ,
ਤਲਵਾਰੀ ਕਲਮ ਚਲਾਵਾਂ, ਇਸ ਦਾ ਕਤਲ ਕਰਾਂ।

ਉੱਚੇ ਮਹਿਲਾਂ ਮੇਰਾ, ਸੂਰਜ ਰੋਕ ਲਿਆ,
ਮੇਰੀ ਝੁੱਗੀ ਉੱਤੇ ਹੁਣ, ਪਸਰੀ ਰਹਿੰਦੀ ਛਾਂ।

ਸ਼ਾਲਾ! ਮੇਰੀ ਕਲਮ, ਕੋਈ ਜਾਦੂ ਕਰ ਜਾਵੇ,
ਮੇਰੇ ਆਲ਼ੇ ਦੁਆਲ਼ੇ, ਪੱਧਰੀ ਹੋ ਜਾਏ ਥਾਂ।

ਝੁਲਦੇ ਝੱਖੜ ਮੈਨੂੰ, ਕਦੀ ਡੁਲਾ ਜਾਂਦੇ,
ਸਹਾਰਾ ਦੇਵੇ ਇਹ ਡੱਕਾ, ਤੇ ਮੈਂ ਧੀਰ ਧਰਾਂ।

ਜਵਾਰ ਭਾਟੇ ਜਿਹੇ ਜਜ਼ਬੇ, ਜਜ਼ਬ ਵੀ ਤਾਂ ਹੁੰਦੇ,
ਜੇ ਚੱਪੂ ਕਲਮ ਕਰਾਵੇ, ਸਰ ਸਾਗਰ ਮਹਾਂ।

ਕਹਿਣੀ ਅਤੇ ਕਰਨੀ 'ਤੇ, ਪੂਰੇ ਉੱਤਰਨ ਲਈ,
ਝੱਲਣੀਆਂ ਨੇ ਪੈਂਦੀਆਂ, ਡਾਢੀਆਂ ਮੁਸ਼ਕਲਾਂ।

ਕਿਸੇ ਮੁਸ਼ਕਲ ਦਾ ਹੱਲ, ਜੇ ਮੇਰੀ ਕਲਮ ਕਰੇ,
ਤਾਂ ਮੈਂ ਇਸ ਨੂੰ ਵਾਹੁਣੋਂ, ਕੰਨੀ ਕਿਉਂ ਕਤਰਾਂ।

ਜੇ ਰੁਕੇ ਨਾ ਮੇਰੀ ਕਲਮ, ਤਾਂ ਫੇਰ ਮੈਂ ਕੀ ਕਰਾਂ,
ਜ਼ਮੀਰ ਵਧਾਵੇ ਕਦਮ, ਤਾਂ ਤੁਰਨੋਂ ਕਿਉਂ ਡਰਾਂ।

ਰਵਿੰਦਰ ਸਿੰਘ ਕੁੰਦਰਾ
ਕਵੈਂਟਰੀ ਯੂ.ਕੇ.
(Punjab Mail USA)



## ਵਾਅਦਾ ਆਣ ਦਾ ਕਰਕੇ

(ਵਿਅੰਗਮਈ ਕਵਿਤਾ)

ਵਾਅਦਾ ਆਣ ਦਾ ਕਰਕੇ ਨਾ ਆਏ ਨੇਤਾ,
ਵਿਛੀ ਪਿੰਡ ਦੇ ਥੜ੍ਹੇ 'ਤੇ ਦਰੀ ਰਹਿ ਗਈ।

ਸਾਰੇ ਬੀਜਦੇ ਕੁਦਰਤ ਦੇ ਰੰਗ ਦੇਖੋ,
ਸੁੱਕੀ ਕਿਸੇ ਦੀ, ਕਿਸੇ ਦੀ ਹਰੀ ਰਹਿ ਗਈ।

ਕਈ ਕਮਲੀਆਂ ਵੀ ਸਹੁਰੀਂ ਸੁਖੀ ਵਸਣ,
ਝਗੜੇ ਝਾਗਦੀ ਕੋਈ ਹੂਰਾਂ ਪਰੀ ਰਹਿ ਗਈ।

ਛਿੱਤਰ ਖੜਕ ਪਿਆ ਪੈਹਲਾਂ ਪਿਆਕੜਾਂ ਵਿਚ,
ਬੋਤਲ ਦਾਰੂ ਦੀ, ਭਰੀ ਦੀ ਭਰੀ ਰਹਿ ਗਈ।

ਡੱਬੇ ਰਹੇ ਖਾਲੀ ਭਲੀਆਂ ਮਾਣਸੀਆਂ ਦੇ,
ਕਾਣੀ ਸਾਰੇ ਜਹਾਨ ਦੀ ਖਰੀ ਰਹਿ ਗਈ।

ਕੁੜੀ ਨਾਲ ਪਰੇਮੀ ਦੇ ਹਰਨ ਹੋ ਗਈ,
ਸੀਤੀ ਸਹੁਰੇ ਪਰਿਵਾਰ ਦੀ ਵਰੀ ਰਹਿ ਗਈ।
ਵਾਅਦਾ ਆਣ ਦਾ ਕਰਕੇ......।

-ਸਤਨਾਮ ਸਿੰਘ ਦਰਦੀ
ਚਾਨੀਆਂ-ਜਲੰਧਰ
92569-73526
(Punjab Mail USA)



## ਗ਼ਜ਼ਲ

ਅੱਜਕੱਲ੍ਹ ਹੈ ਬੜਾ ਨਿਰਾਲਾ,
ਸੋਸ਼ਲ ਮੀਡੀਏ ਫ਼ੋਨਾਂ ਵਾਲਾ।
ਦੇਖੋ ਬੱਚਾ, ਬੁੱਢਾ ਕੀ ਜਵਾਨ,
ਮੰਨ ਬੈਠੇ ਇਸਨੂੰ ਭਗਵਾਨ।

ਗੂਗਲ ਮਾਈਕ੍ਰੋਸੌਫਟ ਆਏ,
ਗਿਆਨ ਦੇ ਖਜ਼ਾਨੇ ਲਿਆਏ।
ਫੇਸਬੁੱਕ ਤੇ ਟਵਿੱਟਰ ਬਣਾਏ,
ਆ ਇੰਸਟਾਗ੍ਰਾਮ ਉਲਝਾਏ।

ਪਾ ਪਾ ਪੋਸਟਾਂ ਢੇਰ ਲਗਾਏ,
ਸਟੇਟਸ ਦੇਖ ਬੜੇ ਭਰਮਾਏ।
ਖਾਣ-ਪੀਣ ਪਹਿਨਣ ਭੁੱਲੇ,
ਮਾੜੀ ਆਦਤ ਜੋਬਨ ਡੁੱਲ੍ਹੇ।

ਕੰਮ ਧੰਦੇ 'ਚ ਮਨ ਨਾ ਲੱਗੇ,
ਚੋਰੀ-ਚੋਰੀ ਵਕਤ ਨੂੰ ਠੱਗੇ।
ਸੋਚਣ ਸ਼ਕਤੀ ਤਾਲੇ ਲਾਏ,
ਗੱਲ ਨਾ ਕਰਦੇ ਅੰਮੀ ਜਾਏ।

ਇੱਕ ਦੂਜੇ ਤੋਂ ਮੂੰਹ ਭੁਆ ਕੇ,
ਨਿਗਾਹ ਫ਼ੋਨ 'ਤੇ ਟਿਕਾ ਕੇ।
ਉਂਗਲੀਆਂ ਦੇ ਨਾਚ ਦਿਖਾ,
ਭਿੰਨ-ਭਿੰਨ ਸੰਦੇਸ਼ ਪਹੁੰਚਾ।

ਬਦਲੇ ਹਾਵ-ਭਾਵ ਚਿਹਰਾ,
ਦੇਖਣ ਭੇਦ ਜਿਵੇਂ ਗਹਿਰਾ
ਭਾਸੇ ਟੱਬਰ ਦੇ ਜੀਅ ਰੁੱਸੇ,
ਹੋਵਣ ਗੱਲ-ਗੱਲ 'ਤੇ ਗੁੱਸੇ।

ਜਾਪਦੇ ਉੱਝ ਕੰਮ 'ਚ ਰੁੱਝੇ,
ਅਸਲੋਂ ਕੋਈ ਸੋਚ ਨ ਸੁੱਝੇ।
ਉੱਤੋਂ 2 ਪਿਆਰ ਮੁਹੱਬਤਾਂ,
ਪਰ ਵਿਚੋਂ ਸਾੜੇ-ਨਫ਼ਰਤਾਂ।

ਅਮਨ ਚੈਨ ਦੇਸ਼ ਦੇ ਲੁੱਟੇ,
ਆਪਸੀ ਭਾਈਚਾਰੇ ਟੁੱਟੇ।
ਰਾਜਸੀ ਜੰਗ ਰਹੇ ਚੱਲਦੀ,
ਜ਼ਹਿਰੀ ਫ਼ਸਲ ਹੈ ਪਲਦੀ।

ਤਰੱਕੀਆਂ ਨੂੰ ਲੱਗੀ ਢਾਹ,
ਵੈਰੀਆਂ ਕੀਤੀ ਵਾਹ ਵਾਹ।
ਦੇਖੋ ਕਿਤੇ ਦੇਰ ਨ ਹੋ ਜਾਏ,
ਪੁੱਠਾ ਗੇੜ ਫੇਰ ਨ ਹੋ ਜਾਏ।

ਡੂੰਘੇ ਜ਼ਖ਼ਮ ਸੰਤਾਲੀ ਵਾਲੇ,
ਭਰੇ ਨਹੀਂ ਨੇ ਅੱਲੇ ਬਾਹਲੇ।
ਐ! ਮੇਰੇ ਦੇਸ਼ ਦੇ ਰਖਵਾਲੋ,
ਉੱਠੋ ਨੀਂਦੋਂ ਕਮਾਨ ਸੰਭਾਲੋ।

ਸੇਵਾ ਸਿੰਘ "ਨੂਰਪੁਰੀ"
(Punjab Mail USA)



## "ਮੈਂ ਬਣਿਆ ਪ੍ਰਧਾਨ"

ਮੈਂ ਬਣਿਆ ਪ੍ਰਧਾਨ ਦੋਸਤੋ
ਮੈਂ ਬਣਿਆ ਪ੍ਰਧਾਨ।
ਹੋਗਿਆ ਕੱਲ ਐਲਾਨ ਦੋਸਤੋ
ਮੈਂ ਬਣਿਆ ਪ੍ਰਧਾਨ ....।

ਪੰਜਾਬ ਪੰਜਾਬੀਅਤ ਨੂੰ ਬਚਾਉਣਾ
ਮਾਂ ਬੋਲੀ ਲਾਗੂ ਕਰਵਾਉਣਾ
ਪਾਣੀਆਂ ਦੀ ਵੀ ਕਰਨੀ ਰਾਖੀ
ਨਾਲ ਮੈਂ ਲੈ ਕੇ ਚੱਲਣੇ ਸਾਥੀ
ਮੈਂ ਸੁਲਝਿਆ ਸਿਆਸਤਦਾਨ।
ਦੋਸਤੋ ਮੈਂ ਬਣਿਆ ਪ੍ਰਧਾਨ ....।

ਜਿਹੜੇ ਮੈਥੋਂ ਦੂਰ ਸੀ ਭੱਜਦੇ
ਫਿਰਦੇ ਨੇ ਅੱਜ ਨੇੜੇ ਲੱਗਦੇ
ਗੇਮ ਮੇਰੇ ਪਾਲੇ ਵਿਚ ਆ ਗਈ
ਸਾਰੇ ਮੈਚ ਦਾ ਰੁਖ ਬਦਲਾ ਗਈ
ਸਭ ਜਿੱਤ ਦੇ ਜਸ਼ਨ ਮਨਾਣ।
ਦੋਸਤੋ ਮੈਂ ਬਣਿਆ .......।

ਪ੍ਰਧਾਨ ਮੰਤਰੀ ਮੇਰਾ ਆੜੀ
ਮੁੱਖ ਮੰਤਰੀ ਦੇ ਨਾਲ ਯਾਰੀ
ਦਿੱਲੀ ਸ਼ਹਿਰ ਵਿਚ ਡੇਰਾ ਲਾਇਆ
ਉੱਥੋਂ ਹੀ ਫੁਰਮਾਨ ਹੈ ਆਇਆ
ਮੇਰੇ ਨਾਲ ਹੈ ਹਾਈ ਕਮਾਨ।
ਦੋਸਤੋ ਮੈਂ ਬਣਿਆ .......।

ਘਰ-ਘਰ ਨੌਕਰੀ ਮੈਂ ਦਿਲਵਾਊਂ
ਸਭ ਦਾ ਕਰਜ਼ਾ ਮਾਫ ਕਰਾਊਂ
ਬਿਜਲੀ ਦੇ ਬਿਲ ਘੱਟ ਹੋਣਗੇ
ਬੰਦ ਬਿਜਲੀ ਦੇ ਕੱਟ ਹੋਣਗੇ
ਮਾਡਲ ਪੰਜਾਬ ਦਾ ਵੇਖੂ ਜਹਾਨ।
ਦੋਸਤੋ ਮੈਂ ਬਣਿਆ .......।

ਪੰਜਾਬ ਉਜਾੜਿਆ ਸਿਆਸਤਦਾਨਾਂ
ਲੁੱਟ ਲਿਆ ਇਸ ਨੂੰ ਬੇਈਮਾਨਾਂ
ਜੋ ਮਰਜ਼ੀ ਬਣ ਜਾਵੇ ਮਿੱਤਰੋ
ਦੇਸ਼ ਪੰਜਾਬ ਬਚਾਵੋ ਮਿੱਤਰੋ
"ਗਿੱਲ ਮਲਕੀਤ" ਦਾ ਇਹੋ ਪੈਗਾਮ।
ਦੋਸਤੋ ਮੈਂ ਬਣਿਆ .......।


ਮਲਕੀਤ ਸਿੰਘ ਗਿੱਲ (ਭੱਠਲਾਂ)
ਸੰਪਰਕ : 94174-90943
79865-28225
(Punjab Mail USA)

## ਗ਼ਜ਼ਲ

ਫੋਨਾਂ 'ਤੇ ਗੱਲਾਂ ਹੋਵਣ ਸ਼ਾਮ ਸਵੇਰੇ,
ਕੋਈ ਨਾ ਦੇਖੇ ਬੈਠਾ ਕਾਗ ਬਨੇਰੇ।
ਮਾਇਆ ਲੈ ਕੇ ਸਾਰੇ ਚੁੱਪ ਹੋ ਜਾਂਦੇ ਨੇ,
ਅੱਜਕੱਲ੍ਹ ਕੋਈ ਨਾ ਕਿਸੇ ਲਈ ਹੰਝੂ ਕੇਰੇ।
ਘਰ ਬਹਿ ਕੇ ਹੀ ਰੱਬ ਦਾ ਨਾਂ ਲੈ ਲਾ ਕੁੜੀਏ,
ਕੀ ਕਰਨਾ ਤੂੰ ਜਾ ਕੇ ਬਾਬੇ ਦੇ ਡੇਰੇ?
ਉਸ ਦੇ ਮਾੜੇ ਕੰਮ ਕਦੇ ਨ੍ਹੀ ਲੁਕ ਸਕਦੇ,
ਜਿੰਨੀ ਮਰਜ਼ੀ ਉਹ ਬਹਿ ਕੇ ਮਾਲਾ ਫੇਰੇ।
ਉਹ ਕਿਸੇ ਮੁਸ਼ਕਿਲ 'ਚ ਨਾ ਫਸਿਆ ਹੋਵੇ ਕਿਧਰੇ,
ਮੇਰੇ ਘਰ ਉਹ ਆਇਆ ਹੈ ਮੂੰਹ ਹਨੇਰੇ।
ਹੌਲੀ-ਹੌਲੀ ਮਿੱਤਰ ਤੁਰਦੇ ਜਾਂਦੇ ਨੇ,
ਕੋਈ-ਕੋਈ ਦਿਸਦਾ ਹੁਣ ਚਾਰ ਚੁਫੇਰੇ।
ਉਸ ਦੇ ਵਰਗਾ ਮਿਲਿਆ ਨ੍ਹੀ ਕੋਈ ਦੂਜਾ,
ਜੀਵਨ 'ਚ ਮਿਲੇ ਨੇ ਯਾਰੋ, ਯਾਰ ਬਥੇਰੇ।

-ਮਹਿੰਦਰ ਸਿੰਘ ਮਾਨ,
ਸਲੋਹ ਰੋਡ, ਨਵਾਂ ਸ਼ਹਿਰ, 99158-03554
(Punjab Mail USA)




REALTY ONE GROUP
FOR SALE & PURCHASE OF ANY KIND OF PROPERTY
Recently Sold Properties
Caravaggio, Sacramento
Stroman, Sacramento
Mason Ct, Tracy
Windsong Dr, Tracy
Oak Valley Way, Stockton
Van Eych, Sacramento
Valenda Ct, Elk Grove
Rodfo Ct, Sacramento
Masters St, Elk Grove
Little Harbor Ct, Elk Grove
Bond Road, Elk Grove
Bond Road, Elk Grove
New Listings
Bradshaw Road, Elk Grove
Neutra Way, Elk Grove
Pawcatuck Way, Rancho Cordova
Gurjatinder S. Randhawa
web: www.RealtorRandhawa.com
916-320-9444
Gurjatinder S. Randhawa
REALTOR CA DRE licence # 01490567
garysingh123@yahoo.com